
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242



ਹਫਤਾਵਾਰੀ

# ਦੇਸ਼ ਦੁਆਬਾ

VOL - 5 ISSUE - 29
October 26, 2016
Postal Address
5101 Doe Hollow Pl, Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਅਦਾਰਾ 'ਦੇਸ਼ ਦੁਆਬਾ' ਵੱਲੋਂ ਆਪਣੇ ਸਮੂਹ ਪਾਠਕਾਂ, ਪ੍ਰਸ਼ੰਸਕਾਂ, ਸਹਿਯੋਗੀਆਂ ਨੂੰ ਬੰਦੀ ਛੋੜ ਦਿਵਸ ਦੀਆਂ ਲੱਖ-ਲੱਖ ਵਧਾਈਆਂ। ਦੀਵਾਲੀ ਸਬੰਧਤ ਡਾ. ਕਰਮਜੀਤ ਸਿੰਘ ਅਤੇ ਅਰੁਨ ਕੁਮਾਰ ਦੇ ਵਿਸ਼ੇਸ਼ ਲੇਖ ਦੇਖੋ ਸਫਾ 18 ਅਤੇ 19 ਉਤੇ।

## ਯੂਬਾ ਸਿਟੀ ਦਾ 37ਵਾਂ ਸਲਾਨਾ ਨਗਰ ਕੀਰਤਨ 6 ਨਵੰਬਰ ਨੂੰ

**ਯੂਬਾ ਸਿਟੀ (ਬਿਊਰੋ)–** ਯੂਬਾ ਸਿਟੀ ਵਿਖੇ ਹਰ ਸਾਲ ਪੂਰੀ ਸ਼ਾਨੋ-ਸ਼ੌਕਤ ਨਾਲ ਕੱਢਿਆ ਜਾਣ ਵਾਲਾ ਵਿਸ਼ਵ ਪ੍ਰਸਿੱਧ ਨਗਰ ਕੀਰਤਨ ਆਪਣੇ ਸ਼ਾਨਦਾਰ 36 ਸਾਲਾਂ ਦਾ ਸਫਰ ਪੂਰਾ ਕਰਕੇ 37ਵੇਂ ਸਾਲ ਵਿਚ ਪ੍ਰਵੇਸ਼ ਕਰ ਗਿਆ ਹੈ। ਇਸ ਸਾਲ ਇਹ ਮਹਾਨ ਨਗਰ ਕੀਰਤਨ 6 ਨਵੰਬਰ 2016 ਨੂੰ ਯੂਬਾ ਸਿਟੀ ਵਿਖੇ ਕੱਢਿਆ ਜਾਵੇਗਾ। ਨਗਰ ਕੀਰਤਨ ਦੇ ਬਾਨੀ ਸ. ਦੀਦਾਰ ਸਿੰਘ ਬੈਂਸ ਅਤੇ ਉਹਨਾਂ ਦੇ ਸਹਿਯੋਗੀ ਇਸ ਨਗਰ ਕੀਰਤਨ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਪੁਰਜ਼ੋਰ ਮਿਹਨਤ ਕਰ ਰਹੇ ਹਨ। ਇਸ ਵਾਰ ਯੂਬਾ ਸਿਟੀ ਦੇ ਗੁਰੂ ਘਰ ਟਾਇਰਾ ਬਿਊਨਾ ਦੀ ਨਵੀਂ ਪ੍ਰਬੰਧਕ ਕਮੇਟੀ ਨਗਰ ਕੀਰਤਨ ਦਾ ਪ੍ਰਬੰਧ ਕਰ ਰਹੀ ਹੈ। ਇਸੇ ਕਮੇਟੀ ਦੀ ਅਗਵਾਈ ਵਿਚ ਇਹ ਵਿਸ਼ਾਲ ਨਗਰ ਕੀਰਤਨ ਅੱਜ ਦੇ ਇਤਿਹਾਸਕ ਨਗਰ ਕੀਰਤਨ ਵਿਚ ਬਦਲ ਗਿਆ ਹੈ। ਗੁਰੂ ਘਰ ਦੀ ਕਮੇਟੀ ਵੱਲੋਂ ਸੰਗਤਾਂ ਨੂੰ ਪੁਰਜ਼ੋਰ ਅਪੀਲ ਕੀਤੀ ਸੰਗਤ ਜੇਕਰ ਚਾਹੇ ਤਾਂ ਸਮੁੱਚੇ ਨਗਰ ਕੀਰਤਨ ਵਿਚ ਕਿਸੇ ਵੀ ਕਿਸਮ ਦੀ ਸੇਵਾ ਕਰਕੇ ਆਪਣਾ ਯੋਗਦਾਨ ਪਾ ਸਕਦੀਆਂ ਹਨ। ਨਗਰ ਕੀਰਤਨ ਮੌਕੇ ਮੁੱਖ ਤੌਰ ਤੇ ਭਾਈ ਤਾਰਾ ਸਿੰਘ ਜੀ ਹਜ਼ੂਰੀ ਰਾਗੀ ਗੁਰਦੁਆਰਾ ਸਾਹਿਬ ਯੂਬਾ ਸਿਟੀ, ਭਾਈ ਗਗਨਦੀਪ ਸਿੰਘ ਜੀ ਗੰਗਾ ਨਗਰ ਵਾਲੇ, ਭਾਈ ਉਂਕਾਰ ਸਿੰਘ ਜੀ ਊਨਾ ਵਾਲੇ, ਭਾਈ ਗੁਰਨਿਮਿਤ ਸਿੰਘ ਜੀ ਰਾਜ ਰੰਗੀਲਾ, ਭਾਈ ਹਰਨਾਮ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ, ਭਾਈ ਗੁਰਪ੍ਰੀਤ ਸਿੰਘ ਜੀ ਬਲੱਤਵਾਲ ਜਲੰਧਰ, ਭਾਈ ਦਲੀਪ ਸਿੰਘ ਜੀ ਹੀਰਾ (ਸਾਬਕਾ ਹਜ਼ੂਰੀ ਰਾਗੀ ਤਖਤ ਸ੍ਰੀ ਕੇਸਗੜ੍ਹ ਸਾਹਿਬ), ਗਿਆਨੀ ਲਖਵਿੰਦਰ ਸਿੰਘ ਸੋਹਲ ਦਾ ਢਾਡੀ ਜਥਾ ਅਤੇ ਗਿਆਨੀ ਸੁਖਵਿੰਦਰ ਸਿੰਘ ਗਰੇਵਾਲ ਦਾ ਢਾਡੀ ਜਥਾ ਤੋਂ ਇਲਾਵਾ ਸਿੱਖ ਪੰਥ ਦੇ ਉਚ ਕੋਟੀ ਦੇ ਰਾਗੀ ਜਥੇ, ਕਥਾਵਾਚਕ ਅਤੇ ਪ੍ਰਚਾਰਕ ਹਾਜ਼ਰੀ ਭਰਨਗੇ। ਇਸ ਵਾਰ ਵੀ ਨਗਰ ਕੀਰਤਨ ਪਿਛਲੇ ਸਾਲ ਵਾਲੇ ਰੂਟ ਤੇ ਹੀ ਕੱਢਿਆ ਜਾਵੇਗਾ ਅਤੇ ਪਾਰਕ ਕੀਤੀਆਂ ਗੱਡੀਆਂ ਤੋਂ ਸੰਗਤ ਨੂੰ ਨਗਰ ਕੀਰਤਨ ਤੱਕ ਲਿਜਾਣ ਲਈ ਬੱਸਾਂ ਦਾ ਪ੍ਰਬੰਧ ਕੀਤਾ ਗਿਆ ਹੈ। ਪ੍ਰੋਗਰਾਮ ਸਬੰਧੀ ਹੋਰ ਜਾਣਕਾਰੀ ਲਈ ਹੈਡ ਗ੍ਰੰਥੀ ਭਾਈ ਸਾਹਿਬ ਸਿੰਘ 530-673-9918, ਸ. ਜਸਵੰਤ ਸਿੰਘ ਬੈਂਸ 530-701-3971, ਸ. ਸਰਬਜੀਤ ਸਿੰਘ ਥਿਆੜਾ 530-682-5861 ਜਾਂ ਸ. ਪਰਮਿੰਦਰ ਸਿੰਘ ਗਰੇਵਾਲ 530-682-5850 ਨਾਲ ਸੰਪਰਕ ਕੀਤਾ ਜਾ ਸਕਦਾ ਹੈ।


ਫਾਇਲ ਚਿੱਤਰ



ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵਲੋਂ ਸਜਾਏ ਸੱਤਵੇਂ ਨਗਰ ਕੀਰਤਨ ਦੌਰਾਨ ਖਾਲਸਾਈ ਰੰਗ ਚਮਕਿਆ। **(ਪੱਤਰਕਾਰ ਕੁਲਵੰਤ ਧਾਲੀਆਂ /ਨੀਟਾ ਮਾਛੀਕੇ ਦੀ ਰਿਪੋਰਟ ਦੇਖੋ ਸਫਾ 3 ਉਤੇ)**

## ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਯੂਬਾ ਸਿਟੀ ਵਿਖੇ ਸ਼ਰਧਾ ਪੂਰਵਕ ਮਨਾਇਆ ਗਿਆ

**ਯੂਬਾ ਸਿਟੀ (ਡੀ. ਡੀ. ਬੀ.)–** ਬੀਤੇ ਐਤਵਾਰ 23 ਅਕਤੂਬਰ ਨੂੰ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ., ਯੂਬਾ ਸਿਟੀ (ਕੈਲੇਫੋਰਨੀਆ) ਨੇ ਸਮੂਹ ਸੰਗਤ ਦੇ ਸਹਿਯੋਗ ਨਾਲ ਮਹਾਂਰਿਸ਼. ਵਾਲਮੀਕ ਮੰਦਰ ਯੂਬਾ ਸਿਟੀ ਵਿਖੇ ਆਦਿ ਕਵੀ ਭਗਵਾਨ ਵਾਲਮੀਕ ਜੀ ਮਹਾਰਾਜ ਦਾ ਪ੍ਰਗਟ ਦਿਵਸ ਬਹੁਤ ਹੀ ਸ਼ਰਧਾ ਅਤੇ ਉਤਸ਼ਾਹਪੂਰਵਕ ਮਨਾਇਆ ਗਿਆ। ਇਸ ਸ਼ੁਭ ਦਿਹਾੜੇ ਮੌਕੇ ਭਗਵਾਨ ਵਾਲਮੀਕ ਜੀ ਦੁਆਰਾ ਰਚਿਤ ਸ੍ਰੀ ਵਾਲਮੀਕ ਰਮਾਇਣ ਜੀ ਦੇ ਪਾਠ ਪੜ੍ਹੇ ਗਏ, ਕਥਾਵਾਚਕ ਰਾਜ ਕੁਮਾਰ ਨੇ ਕਥਾ ਕੀਤੀ ਅਤੇ ਭੋਗ ਪਾਏ ਜਾਣ ਉਪਰੰਤ ਸਤਿਗੁਰੂ ਵਾਲਮੀਕ ਮਹਾਰਾਜ ਜੀ ਦੇ ਜੀਵਨਤੇ ਸਿੱਖਿਆਵਾਂ ਨਾਲ ਸਬੰਧਤ ਭਜਨ/ ਗੀਤ ਗਾਏ ਗਏ ਤੇ ਵੱਖ-ਵੱਖ ਬੁਲਾਰਿਆਂ ਨੇ ਆਪੋ-ਆਪਣੇ ਵਿਚਾਰਾਂ ਨੂੰ ਸੰਗਤਾਂ ਨਾਲ ਸਾਂਝਾ ਕੀਤਾ। ਅੱਜ ਦੇ ਇਸ ਸ਼ੁਭ ਦਿਹਾੜੇ ਤੇ ਉਘੇ ਕਲਾਕਾਰ ਭੁਪਿੰਦਰ ਭਿੰਦਾ, ਅਮਰਜੀਤ ਲਾਲੀ, ਰਾਜਕੁਮਾਰ, ਬਲਬੀਰ ਧਾਰੀਵਾਲ, ਪ੍ਰਿਤਪਾਲ ਸਿੰਘ, ਦੇਸ ਰਾਜ ਸ਼ੁਭ, ਰੋਹਤਾਸ ਭਗਾਨੀ ਆਦਿ ਨੇ ਸਤਿਗੁਰੂ ਵਾਲਮੀਕ ਜੀ ਦੀ ਮਹਿਮਾ 'ਚ ਭਜਨ/ਸ਼ਬਦ ਗਾਇਨ ਕਰਕੇ ਭਾਰੀ ਗਿਣਤੀ 'ਚ ਇਕੱਤਰ ਸੰਗਤਾਂ ਨੂੰ ਨਿਹਾਲ ਕੀਤਾ। ਜਿਸ ਨੂੰ ਮਹਾਂਰਿਸ਼ੀ ਵਾਲਮੀਕ ਸੰਗਤ ਮੰਡਲੀ ਵੱਲੋਂ ਸੰਗੀਤ ਦਿੱਤਾ ਗਿਆ। ਮਿਊਜ਼ਿਕ ਦੇ ਮਾਹਿਰ ਸ੍ਰੀ ਨਰਿੰਦਰ ਬੱਗਾ, ਸੋਨੂੰ ਸਿੰਘ, ਅੰਮ੍ਰਿਤਪਾਲ ਸਿੰਘ ਤੇ ਵਿਸ਼ਾਲ ਸਰਬਤੀ ਦੇ ਸਹਿਯੋਗ ਕਾਬਿਲ-ਏ-ਤਾਰੀਫ ਸੀ। ਜਿਸ ਨੂੰ ਸੰਗਤਾਂ ਨੇ ਮਨ ਚਿੱਤ ਲਗਾ ਕੇ ਸਰਵਣ ਕੀਤਾ।

ਸਟੇਜ ਦੀ ਸੇਵਾ ਬਾਖੂਬੀ ਨਾਲ ਨਿਭਾਉਂਦਿਆਂ ਸ੍ਰੀ ਬ੍ਰਿਜ ਭੂਸ਼ਣ ਸਲਹੋਤਰਾ ਜੀ ਨੇ ਸ਼ਬਦ ਗਾਇਨ, ਗੀਤ-ਸੰਗੀਤ ਦੌਰਾਨ ਵੱਖ ਵੱਖ ਬੁਲਾਰਿਆਂ ਨੂੰ ਗੁਰ ਮਰਿਆਦਾ 'ਚ ਰਹਿੰਦਿਆਂ ਆਪੋ-ਆਪਣੇ ਵਿਚਾਰ ਰੱਖਣ ਲਈ ਸੱਦਾ ਦਿੱਤਾ, ਜਿਸ ਵਿਚ ਸਰਵ ਸ੍ਰੀ ਕੇਵਲ ਬੋਲੀਨਾ, ਹੰਸ ਰਾਜ ਕਾਜਲਾ, ਗੁਰਨਾਮ ਸਿੰਘ ਪੰਮਾ, ਸ. ਰਾਜਿੰਦਰ ਸਿੰਘ ਚੌਹਾਨ, ਕੇਵਲ ਸਿੱਧੂ, ਰਵੀ ਪਾਲ ਸਿੰਘ, ਰਾਮ ਸੇਵਕ ਭਾਟੀਆ, ਦੀਪਕ ਸਰੋਇਆ ਆਦਿ ਤੋਂ ਇਲਾਵਾ ਪ੍ਰੇਮ ਕੁਮਾਰ ਚੁੰਬਰ ਮੁੱਖ ਸੰਪਾਦਕ 'ਦੇਸ਼ ਦੁਆਬਾ' ਨੇ ਵਿਚਾਰ **(ਬਾਕੀ ਸਫਾ 5 ਤੇ ਅਤੇ ਤਸਵੀਰਾਂ ਸਫਾ 12, 13 'ਤੇ ਦੇਖੋ)**






SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, 1-9 Notary, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
MANDEEP SANDHU
Note: I am not an Immigration Attorney.
msandhu2014@gmail.com
(CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)



ONE | REALTYONEGROUP AMERICAN
ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਓ,
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਵਕਤ
ਜਗਦੇਵ ਸਿੰਘ
510-689-4625
CalBre # 01423409
42820 Albrae St., Fremont, CA 94538




RIYA'S FASHION
9165 ELK GROVE
FLORIN RD.
ELK GROVE CA 95624
Tel : 916-647-3708
Follow us on
RIYAFASHION16



SAROAY INVESTMENT REALTY
Ram Saroay
Broker
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121



Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for
Professional & reliable
services at reasonable rates.
959 Corporate Way, Fremont, CA. 94539

# ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

Kash FABRICS



## ਸਾਡੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ–ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।

Appointments & Walk-Ins Welcome

Tuesday - Sunday: 11 AM - 8 PM



ਕਸ਼ਮੀਰ ਸਿਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon

Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS

ONE STOP SHOPPING CENTRE

29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com

Like us on Facebook | Follow us on Instagram



# INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

CHAAT PLATE — ONLY FOR $2.99

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੰਗੜ

## Super Eyebrow Threading Now Open

Eyebrow Threading & Henna Tattoo

7 times, Get 8th one free!



## Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell :
916- 396-8939
916-338-5511

Email: IndiaMarketRoseville@gmail.com



# INDIA BAZAAR



Jai Ram Gaught

Harjit Gaught (Happy)

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

CALL TO HAPPY
Cell: (415) 706-7027
Ph: (209) 478-0285
Fax: (209) 477-3206

WE ACCEPT FOOD STAMPS

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304-E HAMMER LANE, SUITE 12, STOCKTON CA, 95210
EMAIL: indiabazaar08@yahoo.com



# Raja

SWEETS & CATERING

AUTHORIZED CATERER FOR
MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619


Email: msbains@rajasweets.com
www.rajasweets.com

Find us on facebook: rajasweetsandcatering
Follow us on Twitter: rajasweets

# ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵਲੋਂ ਸਜਾਏ ਸੱਤਵੇਂ ਨਗਰ ਕੀਰਤਨ ਦੌਰਾਨ ਖਾਲਸਾਈ ਰੰਗ ਚਮਕਿਆ

## ਸੰਗਤਾ ਦੇ ਠਾਠਾ ਮਾਰਦੇ ਇਕੱਠ ਨੇ ਅਨੰਦਪੁਰ ਸਹਿਬ ਦੀ ਧਰਤੀ ਦੀ ਯਾਦ ਤਾਜਾ ਕਰਵਾਈ


ਫੋਟੋ: ਜੀਤ ਗਿੱਲ 'ਮੋਗਾ ਵੀਡੀਉ' ਫਰਿਜ਼ਨੋ






**ਫਰਿਜ਼ਨੋ (ਕੈਲੀਫੋਰਨੀਆਂ) ਕੁਲਵੰਤ ਧਾਲੀਆਂ /ਨੀਟਾ ਮਾਛੀਕੇ:-** ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮਨਾਉਦੇ ਹੋਏ ਵਿਸਾਲ ਸਮਾਗਮਾ ਦਾ ਆਯੋਜਨ ਕੀਤਾ ਗਿਆ। ਜਿਸ ਦੌਰਾਨ ਗੁਰੂਘਰ ਵਿਖੇ ਰੈਣ-ਸੁਬਾਈ ਕੀਰਤਨ ਤੋਂ ਇਲਾਵਾ ਚਲ ਰਹੇ ਪਾਠਾ ਦੇ ਭੋਗ ਉਪਰੰਤ ਸਵੇਰ ਸਮੇਂ ਗੁਰਮਤਿ ਸਮਾਗਮ ਹੋਏ। ਜਿਸ ਦੌਰਾਨ ਇਲਾਕੇ ਭਰ ਤੋਂ ਗੁਰੂਘਰਾਂ ਦੇ ਕੀਰਤਨੀ ਜੱਥਿਆ ਨੇ ਹਾਜ਼ਰੀ ਭਰੀ। ਜਿੰਨ੍ਹਾਂ ਵਿੱਚ ਸਥਾਨਿਕ ਗੁਰੂਘਰ ਦਾ ਹਜ਼ੂਰੀ ਜੱਥੇ ਵਿੱਚ ਭਾਈ ਅਵਤਾਰ ਸਿੰਘ, ਭਾਈ ਰਣਜੀਤ ਸਿੰਘ ਅਤੇ ਸਾਥੀ, ਭਾਈ ਗੁਰਵਿੰਦਰ ਸਿੰਘ ਲੁਧਿਆਣੇ ਵਾਲੇ, ਭਾਈ ਹਰਜੀਤ ਸਿੰਘ ਜੀ ਅਤੇ ਸਾਥੀ, ਭਾਈ ਸੁਖਚੈਨ ਸਿੰਘ ਜੀ ਗੁਰਦੁਆਰਾ ਕਲਗੀਧਰ ਵਾਲੇ ਜੱਥਾ, ਭਾਈ ਸੁਖਦੇਵ ਸਿੰਘ ਜੀ ਦਾ ਜੱਥਾ, ਭਾਈ ਬਲਜੀਤ ਸਿੰਘ ਨਿਊਯਾਰਕ ਵਾਲੇ ਜੱਥਾ ਆਦਿਕ ਹੋਰ ਬਹੁਤ ਸਾਰੇ ਪ੍ਰਚਾਰਕਾ ਅਤੇ ਜੱਥਿਆ ਨੇ ਹਾਜ਼ਰੀ ਭਰੀ। ਇਸੇ ਦੌਰਾਨ ਪੰਜਾਬੀ ਸੁਭਾਅ ਮੁਤਾਬਕ ਗੁਰੂਘਰ ਦਾ ਮਹੌਲ ਵੀ ਪੰਜਾਬ ਦੇ ਇਤਿਹਾਸਕ ਮੇਲੇ ਵਰਗਾ ਸੀ। ਜਿੱਥੇ ਲੰਗਰਾਂ ਤੋਂ ਇਲਾਵਾ ਲੱਗੀਆਂ ਬਹੁਤ ਸਾਰੀਆਂ ਦੁਕਾਨਾ ਅਤੇ ਹੋਰ ਕੰਪਨੀਆਂ ਦੇ ਜਾਣਕਾਰੀ ਭਰਪੂਰ ਸਟਾਲ ਸੰਗਤਾਂ ਦੁਆਰਾ ਖਿੱਚ ਕੇਂਦਰ ਬਣੇ ਹੋਏ ਸਨ।

ਇਸ ਉਪਰੰਤ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਤ ਸੱਤਵਾਂ ਨਗਰ ਕੀਰਤਨ ਜੈਕਾਰਿਆ ਦੀ ਗੂੰਜ਼ ਨਾਲ ਸੁਰੂ ਹੋਇਆ। ਖੂਬਸੂਰਤ ਤਰੀਕੇ ਨਾਲ ਸਜੇ ਫਲੋਟ ਉਪਰ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਪਾਲਕੀ ਵਿੱਚ ਸ਼ੁਸੋਭਿਤ ਸਨ। ਅਮੈਰੀਕਨ ਅਤੇ ਕੈਲੀਫੋਰਨੀਆਂ ਦੇ ਝੰਡੇ ਤੋਂ ਇਲਾਵਾ ਸਿੱਖ ਮਰਿਯਾਦਾ ਅਨੁਸਾਰ ਪੰਜ ਪਿਆਰੇ ਅਤੇ ਨਿਸਾਨ ਸਾਹਿਬ ਚੁੱਕੀ ਸਿੰਘ ਨਗਰ ਕੀਰਤਨ ਦੀ ਅਗਵਾਈ ਕਰ ਰਹੇ ਸਨ। ਸੰਗਤਾਂ ਦਾ ਭਾਰੀ ਇਕੱਠ ਪਾਲਕੀ ਸਾਹਿਬ ਦੇ ਪਿਛੇ ਸਿਮਰਨ ਅਤੇ ਸਬਦ ਗਾਇਨ ਕਰਦਾ ਪੈਦਲ ਚਲ ਰਿਹਾ ਸੀ। ਸਭ ਪਾਸੇ ਕੇਸ਼ਰੀ, ਨੀਲੀਆਂ, ਪੀਲੀਆਂ ਰੰਗ-ਬਰੰਗੀਆਂ ਪੌਸਾਕਾ ਚੁੰਨੀਆਂ ਅਤੇ ਦਸ਼ਤਾਰਾ ਪੰਜਾਬ ਅੰਦਰ ਸ੍ਰੀ ਅਨੰਦਪੁਰ ਸਾਹਿਬ ਦੀ ਯਾਦ ਕਰਵਾ ਰਹੀਆ ਸਨ।ਇਸ ਨਗਰ ਕੀਰਤਨ ਦੀ ਸਭ ਤੋਂ ਵਿਲੱਖਣ ਅਤੇ ਵਧੀਆਂ ਗੱਲ ਇਹ ਸੀ ਕਿ ਇਸ ਦੌਰਾਨ ਕਿਸੇ ਵੀ ਰਾਜਨੀਤਿਕ ਪਾਰਟੀ ਵੱਲੋਂ ਕੋਈ ਵੀ ਆਪਣਾ ਬੂਥ ਜਾਂ ਫਲੋਟ ਨਹੀਂ ਲਾਇਆ ਗਿਆ ਸੀ। ਇਸ ਤਰ੍ਹਾਂ ਜਾਪ ਰਿਹਾ ਸੀ ਕਿ ਜਿਵੇਂ ਸਮੂੰਹ ਭਾਰਤੀ ਭਾਈਚਾਰਾ ਗੁਰੂ ਜੀ ਸਾਂਝੀਵਾਰਤਾ ਦਾ ਸੰਦੇਸ਼ ਮੰਨ ਕੇ ਚਲ ਰਹੇ ਹੋਣ। ਉਨ੍ਹਾਂ ਦੇ ਨਾਲ ਅਮਰੀਰਨ ਗੋਰੇ ਅਤੇ ਮੈਕਸ਼ੀਕਨ ਭਾਈਚਾਰੇ ਦੇ ਬਹੁਤ ਸਾਰੇ ਲੋਕ ਸਾਮਲ ਹੋ ਸਿੱਖ ਧਰਮ ਦੀ ਜਾਣਕਾਰੀ ਹਾਸਲ ਕਰ ਰਹੇ ਸਨ। ਇਸ ਸਾਲ ਨਗਰ ਕੀਰਤਨ ਦੌਰਾਨ ਸੰਗਤਾਂ ਨਗਰ ਕੀਰਤਨ ਨਾਲ ਪੈਦਲ ਪਰਕਰਮਾ ਕਰਨ ਦੇ ਉਤਸਾਹ ਨੂੰ ਦੇਖਦੇ ਹੋਏ ਫਲੋਟਾ ਦੀ ਗਿਣਤੀ ਘੱਟ ਕਰ ਦਿੱਤੀ ਗਈ ਸੀ। ਪਰ ਪਾਲਕੀ ਸਾਹਿਬ ਨਾਲ ਚਲ ਰਹੇ ਫਲੋਟਾ ਉਪਰ ਲੱਗੀਆਂ ਤਸਵੀਰਾ ਇਤਿਹਾਸਕਤਾ ਦੀ ਪੇਸ਼ਕਾਰੀ ਕਰ ਰਹੀਆਂ ਸਨ। ਕੈਲੇਫੋਰਨੀਆਂ ਗਤਕਾ ਦਲ ਦੇ ਸਿੰਘਾ ਦੇ ਜਬਰਦਸਤ ਗੱਤਕੇ ਦੇ ਜੌਹਰ ਵੀ ਵੇਖਣ ਯੋਗ ਸਨ। ਗੁਰੂਘਰ ਅੰਦਰ, ਰਸ਼ਤੇ ਵਿੱਚ ਅਤੇ ਪਾਰਕ ਵਿੱਚ ਪੜਾਅ ਦੌਰਾਨ ਥਾਂ-ਥਾਂ 'ਤੇ ਸੁਆਦਿਸ਼ਟ ਲੰਗਰਾ ਦੇ ਪ੍ਰਬੰਧ ਸਨ। ਹੈਲੀਕਾਪਟਰ ਦੁਅਰਾ ਹੋਈ ਫੁੱਲਾ ਦੀ ਵਰਖਾ ਕੀਤੀ ਗਈ। ਫੌਲਰ ਸ਼ਹਿਰ ਦੇ ਪੈਨਜ਼ਕ ਪਾਰਕ ਵਿੱਚ ਪਹੁੰਚਣ 'ਤੇ ਭਾਈ ਲਖਵਿੰਦਰ ਸਿੰਘ ਦੇ ਢਾਡੀ ਜੱਥੇ ਨੇ ਵੀਰਤਾ ਭਰਪੂਰ ਵਾਰਾ ਰਾਹੀ ਹਾਜ਼ਰੀ ਭਰੀ ਅਤੇ ਲਾਸ਼-ਏਜ਼ਲਸ਼ ਤੋਂ ਭਾਈ ਹਰਭਜਨ ਸਿੰਘ ਜੀ ਦੁਆਰਾ ਵਰੋਸਾਏ ਗੋਰੇ ਸਿੱਖ ਦੇ ਜੱਥੇ ਵਿੱਚੋਂ ਭਾਈ ਕੀਰਤਨ ਸਿੰਘ ਖਾਲਸਾ ਦੇ ਜੱਥੇ ਨੇ ਸਬਦ ਗਾਇਨ ਰਾਹੀ ਹਾਜ਼ਰੀ ਭਰੀ।




ਇਸ ਸਮੇਂ ਗੁਰੂਘਰ ਵੱਲੋਂ ਸਹਿਯੋਗ ਲਈ ਫੌਲਰ ਸ਼ਿਟੀ ਦੇ ਪ੍ਰਬੰਧਕਾ ਦਾ ਪਲੈਕਾ ਦੇ ਕੇ ਧੰਨਵਾਦ ਕੀਤਾ ਗਿਆ। ਇਸ ਸਮੇਂ ਡਾ. ਰਾਜਵੰਤ ਸਿੰਘ ਨੇ ਸਿੱਖ ਭਾਈਚਾਰੇ ਵੱਲੋਂ ਆਪਣੀ ਪਹਹਿਚਾਣ ਲਈ ਅਰੰਭੇ ਮਿਸ਼ਨ ਲਈ ਆਰਥਿਕ ਸਹਾਇਤਾ ਦੀ ਮੰਗ ਕੀਤੀ। ਇਸੇ ਦੌਰਾਨ ਗੁਰੂਘਰ ਦੇ ਮੁੱਖ ਸੇਵਾਦਾਰ ਬਾਬਾ ਅਵਤਾਰ ਸਿੰਘ ਨੇ ਸਮੂੰਹ ਸੰਗਤ ਅਤੇ ਮੀਡੀਏ ਦਾ ਧੰਨਵਾਦ ਕੀਤਾ। ਜਦ ਕਿ ਬਾਕੀ ਬੁਲਾਰਿਆ ਵਿੱਚ ਭਾਈ ਹਰਪ੍ਰੀਤ ਸਿੰਘ, ਫੌਲਰ ਸ਼ਿਟੀ ਮੇਅਰ ਡੇਵਿਡ ਕਾਰਟੀਨਾ ਅਤੇ ਬਾਕੀ ਕੌਸ਼ਲ ਮੈਂਬਰਾਂ ਨੇ ਸਿੱਖ ਭਾਈਚਾਰੇ ਦੀ ਪ੍ਰਸੰਸਾ ਕੀਤੀ। ਸਮੁੱਚੇ ਪ੍ਰੋਗਰਾਮ ਦੌਰਾਨ ਸਟੇਜ਼ ਸੰਚਾਲਨ ਦੀ ਸੇਵਾ ਰਾਜ ਸਿੰਘ ਬਦੇਸਾਂ ਨੇ ਨਿਭਾਈ। ਅਖੀਰ ਵਿੱਚ ਯਾਦਗਾਰੀ ਪਲਾ ਵਿੱਚ ਅਮਿੱਟ ਯਾਦਾ ਛੱਡਦਾ ਇਹ ਨਗਰ ਕੀਰਤਨ ਆਪਣੀ ਪਰਕਰਮਾ ਦਾ ਲੰਮੇਰਾ ਪੈਂਡਾ ਤਹਿ ਕਰਦਾ ਹੋਇਆ ਗੁਰੂਘਰ ਪਹੁੰਚਣ ਉਪਰੰਤ ਦਰਬਾਰ ਸਾਹਿਬ ਅੰਦਰ ਗੁਰਮਤਿ ਸਮਾਗਮ ਨਾਲ ਖਾਲਸਾਈ ਰੰਗ ਅਤੇ ਗੁਰੂ ਮਹਿਮਾ ਦੀਆਂ ਖੁਸੀਆਂ ਵੰਡਦਾ ਹੋਇਆ ਸਪੂੰਰਨ ਹੋਇਆ।


MAJESTIC HOMES



PRICE REDUCED
$1,655,555
7112 Westmoorland Dr
Berkeley

GORGEOUS HOME IN BERKELEY HILLS
Gorgeous 4000+ sqft home in Claremont Hills with 4 Bedrooms and 3.5 bathrooms. Stunning bay, & city lights views. Beautiful hardwood floors throughout. Granite counters, stainless steel appliance in the kitchen. Bonus room and a bar. Fire sprinklers, intercom and many upgrades. Court location. Just minutes away from the City. You have to see it to appreciate this GEM



JUST LISTED
$329,900
3314 Canim Ct
Antioch

3 Bedrooms and 2 Bathrooms - Best Deal in Antioch
Cozy 3 Bedrooms, 2 bath and 2 car garage in a court location on a 6600 sqft lot. Granite counter tops in kitchen. Fresh paint inside. Dual pane windows. Fire place in living room. Central heating and air conditioning. Storage shed in the backyard, new fence. Possible RV parking. Single story home. Court location.

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ ਵਿਚ ਵੀ ਗੱਲ ਕਰ ਸਕਦੇ ਹੋ।


Ramesh Suman, Broker
BRE - 00871752 GRI, CDPE, RCS-D
RES.NET AMP REO Certified
HAFA Short Sale Sepcialist
Director - East Bay Regional Data, Inc.
925) 779-1234


Deo Raj "Dave" Singh, Realtor
BRE License - 01789784
Direct: (925)766-3280
E-mail: Dave@MajesticHomes.us


Rajbir S. Sarkaria, Realtor
BRE License - 01499991
Direct: (925)766-5784
E-mail: Raj@MajesticHomes.us

2006 A Street, Suite 219, Antioch, CA 94509
Service Excellence - Experience the Difference
WWW.MajesticHomes.US Email: Ramesh@RameshSuman.com



COMING SOON
3201 Magicwoods Ct Sacramento
$278,888

3 Bedrooms and 2 Bathrooms - Home in Sacramento
Seller got tired of leasing 3 Bedrooms, 2 bath and 2 car garage. Over 10,000 sqft lot, big enough to add a pool. Central heating and air conditioning. Needs some TLC. Single story home. Court location.

# ਅਮਰੀਕੀ ਲੁਬਾਣਾਂ ਯੂਥ "ਆਪ" ਆਗੂ ਬੀਬੀ ਹਰਪ੍ਰੀਤ ਕੌਰ ਬਾਜਵਾ ਦੇ ਹੱਕ ਵਿੱਚ ਨਿੱਤਰਿਆ

**ਸੈਨਹੋਜੇ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਬੇਸ਼ੱਕ ਅਮਰੀਕੀ ਰਾਸ਼ਟਪਪਤੀ ਦੀਆਂ ਚੋਣਾਂ ਵੀ ਸਿਰ ਤੇ ਹਨ, ਲੇਕਿਨ ਪ੍ਰਵਾਸੀ ਪੰਜਾਬੀਆਂ ਦਾ ਧਿਆਨ ਇਸ ਮੌਕੇ ਪੰਜਾਬ ਵਿਧਾਨ ਸਭਾ ਚੋਣ 2017 ਤੇ ਕੇਂਦਰਿਤ ਹੈ। ਪਿਛਲੇ ਲੰਮੇ ਅਰਸੇ ਤੋਂ ਅਕਾਲੀ–ਕਾਂਗਰਸ ਦੀ ਉਤਰ ਕਾਟੋ ਮੈਂ ਚੜਾਂ ਵਾਲੀ ਖੇਡ ਤੋਂ ਅੱਕੇ ਪ੍ਰਵਾਸੀ ਪੰਜਾਬੀਆਂ ਸਿਰ ਇਸ ਵਾਰ ਤੀਜੀ ਧਿਰ ਦੇ ਵਜੋਂ ਉਭਰੀ "ਆਪ" ਪਾਰਟੀ ਦਾ ਜਾਦੂ ਵੀ ਸਿਰ ਚੜਕੇ ਬੋਲ ਰਿਹਾ ਹੈ। ਜਿਵੇਂ–ਜਿਵੇਂ ਪੰਜਾਬ ਅੰਦਰ ਆਮ ਆਦਮੀ ਪਾਰਟੀ ਨੇ ਆਪਣੇ ਉਮੀਦਵਾਰ ਚੋਣ ਦੰਗਲ ਵਿੱਚ ਉਤਾਰਨੇ ਸੁਰੂ ਕੀਤੇ ਹਨ, ਤਿਵੇਂ–ਤਿਵੇਂ ਉਥੇ ਚੋਣ ਅਖਾੜਾ ਚਰਮ ਸੀਮਾਂ ਵੱਲ ਨੂੰ ਵੱਧ ਰਿਹਾ ਹੈ, ਅਤੇ ਆਪੋ ਆਪਣੇ ਹਲਕੇ ਦੇ ਉਮੀਦਵਾਰ ਦੇ ਨਾਮ ਨੂੰ ਲੈਕੇ ਵੋਟਰਾਂ ਵਿੱਚ ਉਤਸੁਕਤਾ ਵੀ ਪਾਈ ਜਾ ਰਹੀ ਹੈ। ਇਸੇ ਕੜੀ ਤਹਿਤ ਹਲਕਾ ਦਸੂਹਾ ਦੀ ਸੀਟ ਵੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਪਿਛਲੇ ਦਿਨੀਂ ਪੂਰੇ ਅਮਰੀਕਾ ਵਿੱਚ ਦਸੂਹਾ ਸੀਟ ਨੂੰ ਲੈਕੇ ਇਥੋਂ ਦੇ ਲੁਬਾਣਾ ਭਾਈਚਾਰੇ ਦੇ ਯੂਥ ਵੱਲੋਂ ਅਮਰੀਕਾ ਦੇ ਵੱਖੋ–ਵੱਖ ਸ਼ਹਿਰਾਂ ਵਿਚ ਮੀਟਿੰਗਾ ਕੀਤੀਆ ਗਈਆਂ, ਇਹਨਾਂ ਸਭਾਵਾਂ ਦੌਰਾਂਨ ਯੂਥ ਨੇ ਦਸੂਹਾ ਹਲਕੇ ਦੀ ਪੜੀ ਲਿਖੀ ਆਪ ਪਾਰਟੀ ਦੀ ਸੰਭਾਵੀ ਉਮੀਦਵਾਰ ਬੀਬੀ ਹਰਪ੍ਰੀਤ ਕੌਰ ਬਾਜਵਾ ਨੂੰ ਆਪਣਾ ਸਮਰਥਨ




ਦੇਣ ਦਾ ਐਲਾਨ ਕੀਤਾ। ਇਸ ਮੌਕੇ ਬੁਲਾਰਿਆ ਨੇ ਕਿਹਾ ਕਿ ਬੀਬੀ ਹਰਪ੍ਰੀਤ ਕੌਰ ਇੱਕ ਸਫ਼ਲ ਟੀਚਰ ਦੇ ਤੌਰ ਤੇ ਦਸੂਹਾ ਹਲਕੇ ਦੇ ਸਕੂਲਾਂ ਵਿੱਚ ਲੰਮਾ ਸਮਾਂ ਅੰਗ੍ਰੇਜੀ ਦੀ ਅਧਿਆਪਕਾ ਰਹਿ ਚੁਕੀ ਹੈ ਅਤੇ ਹੁਣ ਉਹ ਇੱਕ ਸਥਾਪਤ ਕਾਰੋਬਾਰੀ ਦੇ ਤੌਰ ਲੋਕ ਸੇਵਕਾ ਵਜੋਂ ਜੀਵਨ ਬਤੀਤ ਕਰ ਰਹੇ ਹਨ ਅਤੇ ਅਸੀਂ ਚਹੁੰਦੇ ਹਾਂ ਕਿ ਦਸੂਹਾ ਹਲਕੇ ਦੀ ਡੋਰ ਇਕ ਸਾਫ਼ ਸੁਥਰੇ ਅਕਸ਼ ਵਾਲੇ ਪੜ੍ਹੇ ਲਿੱਖੇ ਲੀਡਰ ਦੇ ਹੱਥਾਂ ਵਿੱਚ ਦਿੱਤੀ ਜਾਵੇ ਤਾਂ ਜੋ ਉਹ ਆਮ ਲੋਕਾਂ ਦੇ ਮਸਲੇ ਵਿਧਾਨ ਸਭਾ ਵਿੱਚ ਸੁਚੱਜੇ ਢੰਗ ਨਾਲ ਉਠਾ ਸਕੇ। ਬੁਲਾਰਿਆਂ ਨੇ ਕਿਹਾ ਕਿ ਬੀਬੀ ਹਰਪ੍ਰੀਤ ਕੌਰ ਬਜਵਾ ਪੰਜਾਬ ਲਈ ਇਹਨੀ ਸੁਹਿਰਦ ਹੈ ਕਿ ਉਹ ਕਨੇਡੀਅਨ ਇੰਮੀਗ੍ਰਿੰਟ ਹੋਣ ਦੇ ਬਾਵਜੂਦ ਕਨੇਡਾ ਨਹੀਂ ਗਈ ਬਲਕਿ ਪੰਜਾਬ ਅੰਦਰ ਰਹਿਕੇ ਸਿਸਟਮ ਖਿਲਾਫ਼ ਲੜਾਈ ਲੜ ਰਹੀ ਹੈ। ਮੌਕਾ ਕੋਲ ਹੋਂਣਦੇ ਬਾਵਜੂਦ ਉਹਨੇ ਕਿਸੇ ਵੀ ਆਪਣੇ ਬੱਚੇ ਨੂੰ ਕਨੇਡਾ ਦੀ ਧਰਤੀ ਤੇ ਜਨਮ ਨਹੀਂ ਦਿੱਤਾ, ਸਗੋਂ ਉਹਨਾਂ ਦੇ ਆਪਣੇ ਬੱਚੇ ਵੀ ਪੰਜਾਬ ਦੇ ਜੰਮੇ ਜਾਏ ਹਨ, ਸ਼੍ਰੀ ਮਤੀ ਹਰਪ੍ਰੀਤ ਕੌਰ ਬਾਜਵਾ ਜਿਥੇ ਪੰਜਾਬ ਦੇ ਚੋਟੀ ਦੇ ਸਕੂਲਾਂ ਦੀ ਗ੍ਰੈਜੁਏਟ ਹੈ ਉਥੇ ਉਹ ਮਹਿਲਾ ਵਿੰਗ ਦੀ ਐਕਟਿਵ ਵਲੰਟੀਅਰ ਦੇ ਤੌਰ ਤੇ ਵੀ ਸੇਵਾਵਾਂ ਨਿਭਾ ਰਹੇ ਹਨ, ਅਤੇ ਇਸੇ ਕਰਕੇ ਅਸੀਂ ਤਨੋਂ ਮਨੋਂ ਅਤੇ ਧਨੋਂ ਦਸੂਹੇ ਹਲਕੇ ਦੀ ਭਲਾਈ ਲਈ ਬੀਬੀ ਜੀ ਦੇ ਨਾਲ ਹਾਂ।

## ਪੰਜਾਬ ਵਿਚ ਤੀਹ ਹਜ਼ਾਰ ਕੱਚੇ ਮੁਲਾਜ਼ਮ ਹੋਣਗੇ ਪੱਕੇ

**ਚੰਡੀਗੜ੍ਹ–** ਪੰਜਾਬ ਮੰਤਰੀ ਮੰਡਲ ਨੇ ਸਰਕਾਰੀ ਵਿਭਾਗਾਂ, ਸੁਸਾਇਟੀਆਂ, ਬੋਰਡਾਂ ਤੇ ਕਾਰਪੋਰੇਸ਼ਨਾਂ ਵਿੱਚ ਠੇਕੇ 'ਤੇ ਕੰਮ ਕਰਨ ਰਹੇ 30 ਹਜ਼ਾਰ ਤੋਂ ਵੱਧ ਮੁਲਾਜ਼ਮਾਂ ਦੀਆਂ ਸੇਵਾਵਾਂ ਨੂੰ ਨਿਯਮਤ ਕਰਨ 'ਤੇ ਮੋਹਰ ਲਗਾ ਦਿੱਤੀ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਹੋਈ ਕੈਬਨਿਟ ਮੀ–ਟਿੰਗ ਦੌਰਾਨ ਆਊਟਸੋਰਸਿੰਗ ਏਜੰਸੀਆਂ ਜਾਂ ਠੇਕੇਦਾਰ ਰਾਹੀਂ ਕੰਮ ਕਰਦੇ ਹੋਰ ਹਜ਼ਾਰਾਂ ਮੁਲਾਜ਼ਮਾਂ ਨੂੰ ਠੇਕਾ ਆਧਾਰਤ ਮੁਲਾਜ਼ਮ ਪ੍ਰਵਾਨ ਕਰ ਲਿਆ ਗਿਆ। ਉਪ ਮੁੱਖ ਮੰਤਰੀ ਸੁਖ–ਬੀਰ ਬਾਦਲ ਦੀ ਅਗਵਾਈ ਵਾਲੀ ਕੈਬਨਿਟ ਸਬ–ਕਮੇਟੀ ਦੀ ਰਿਪੋਰਟ ਨੂੰ ਵਜ਼ਾਰਤ ਦੇ ਸਨਮੁੱਖ ਰੱਖਿਆ ਗਿਆ, ਜਿਸ ਨੂੰ ਪ੍ਰਵਾਨਗੀ ਦੇ ਦਿੱਤੀ ਗਈ। ਮੰਤਰੀ ਮੰਡਲ ਦੇ ਫ਼ੈਸਲੇ ਦਾ ਸਿੱਖਿਆ ਵਿਭਾਗ ਦੇ ਤਕਰੀਬਨ 11 ਹਜ਼ਾਰ, ਸਿਹਤ ਵਿਭਾਗ ਦੇ 8 ਹਜ਼ਾਰ, ਸਥਾਨਕ ਸਰਕਾਰਾਂ ਵਿਭਾਗ ਦੇ 4 ਹਜ਼ਾਰ ਮੁਲਾਜ਼ਮਾਂ ਨੂੰ ਲਾਭ ਮਿਲੇਗਾ। ਠੇਕੇ/ ਐਡਹਾਕ/ ਦਿਹਾੜੀਦਾਰ/ ਆਰਜ਼ੀ/ ਵਰਕਚਾਰਜ ਆਧਾਰਤ ਵਿਭਾਗਾਂ/ ਬੋਰਡਾਂ/ ਕਾਰਪੋਰੇਸ਼ਨਾਂ ਤੇ ਸੁਸਾਇਟੀਆਂ ਵਿੱਚ ਗਰੁੱਪ ਏ, ਬੀ ਤੇ ਸੀ ਦੇ ਤਿੰਨ ਸਾਲ ਦੀ ਲਗਾਤਾਰ ਸੇਵਾ ਮੁਕੰਮਲ ਕਰਨ, ਵਿਦਿਅਕ ਯੋਗਤਾ ਪੂਰੀ ਕਰਨ, ਮੁਢਲੀ ਨਿਯੁਕਤੀ ਵੇਲੇ ਨਿਰਧਾਰਤ ਉਮਰ ਸੀਮਾ ਅਤੇ ਤੈਅ ਪ੍ਰਕਿਰਿਆ ਅਨੁਸਾਰ ਪਾਰਦਰਸ਼ੀ ਤਰੀਕੇ ਰਾਹੀਂ ਭਰਤੀ ਹੋਏ ਮੁਲਾਜ਼ਮ ਪੱਕੇ ਕੀਤੇ ਗਏ ਹਨ। ਇਨ੍ਹਾਂ ਮੁਲਾਜ਼ਮਾਂ ਦੀ ਮੌਜੂਦਾ ਤਨਖਾਹ ਨੂੰ ਜਿਉਂ ਦੀ ਤਿਉਂ ਬਣਾਈ ਰੱਖਿਆ ਗਿਆ ਹੈ ਅਤੇ ਅਗਲੇ ਤਿੰਨ ਸਾਲਾਂ ਲਈ ਆਪਣੀ ਆਖ਼ਰੀ ਤਨਖਾਹ ਦੇ ਬਰਾਬਰ ਤਨਖ਼ਾਹ ਲੈਂਦੇ ਰ–ਹਣਗੇ ਅਤੇ ਭੱਤੇ ਨਹੀਂ ਮਿਲਣਗੇ। ਮੰਤਰੀ ਮੰਡਲ ਨੇ ਪ੍ਰਾਈਵੇਟ ਆਊਟਸੋਰਸਿੰਗ ਏਜੰਸੀਆਂ ਜਾਂ ਠੇਕੇਦਾਰਾਂ ਰਾਹੀਂ ਕੰਮ ਕਰਦੇ ਮੁਲਾਜ਼ਮਾਂ ਨੂੰ ਅਪਣਾਉਣ ਦਾ ਫੈਸਲਾ ਕੀਤਾ ਹੈ। ਇਹ ਮੁਲਾਜ਼ਮ ਹੁਣ ਸਿੱਧੇ ਸਰਕਾਰੀ ਪ੍ਰਬੰਧ ਹੇਠ ਆ ਜਾਣਗੇ ਅਤੇ ਸਰਕਾਰ ਦੇ ਠੇਕੇ ਵਾਲੇ ਹੋਰ ਮੁਲਾਜ਼ਮਾਂ ਵਾਂਗ ਲਾਭ ਲੈਣ ਦੇ ਯੋਗ ਹੋਣਗੇ। ਮੰਤਰੀ ਮੰਡਲ ਨੇ ਮੁੱਖ ਸਕੱਤਰ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਸਾਰੇ ਵਿਭਾਗਾਂ ਵਿੱਚ ਤਰਸ ਦੇ ਆਧਾਰ 'ਤੇ ਮੁਲਾਜ਼ਮਾਂ ਨਾਲ ਸਬੰਧਤ ਸਾਰੇ ਕੇਸਾਂ ਬਾਰੇ ਫੈਸਲਾ ਲੈਣ ਅਤੇ ਤਿੰਨ ਹਫ਼ਤਿਆਂ 'ਚ ਨਿਪਟਾਰਾ ਕੀਤਾ ਜਾਵੇ।

## ਵਲੇਹੋ ਵਿਖੇ ਭਗਵਾਨ ਵਾਲਮੀਕ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ

**ਵਲੇਹੋ (ਬਿਊਰੋ)–** ਭਗਵਾਨ ਵਾਲਮੀਕ ਜੀ ਦੀਆਂ ਪ੍ਰਸ਼ੰਸਕ ਸੰਗਤਾਂ ਅਤੇ ਸ਼ਰਧਾਲੂਆਂ ਦੇ ਸਹਿਯੋਗ ਨਾਲ ਵਲੇਹੋ ਵਿਖੇ ਬੀਤੀ 16 ਅਕਤੂਬਰ ਨੂੰ ਭਗਵਾਨ ਵਾਲਮੀਕ ਜੀ ਦਾ ਪ੍ਰਕਾਸ਼ ਦਿਹਾੜਾ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਰਮਾਇਣ ਦੀ ਸੇਵਾ ਸੋਢੀ ਨਾਹਰ ਜੀ ਨੇ, ਗੀਤਾਂ ਅਤੇ ਗਾਇਨ ਅਤੇ ਕੀਰਤਨ ਦੀ ਸੇਵਾ ਭੁਪਿੰਦਰ ਭਿੰਦਾ, ਅਮਰਜੀਤ ਲਾਲੀ, ਪ੍ਰਸਿੱਧ ਕਵੀ ਗੁਰਦਿਆਲ ਸਿੰਘ ਨੂਰਪੁਰੀ ਨੇ ਆਪਣੀਆਂ ਵਿਅੰਗਮਈ ਕਵਿਤਾਵਾਂ ਨਾਲ ਸੰਬੋਧਨ ਕਰਦਿਆਂ ਨਿਭਾਈ। ਇਸ ਮੌਕੇ ਸਟੇਜ ਦੀ ਸੇਵਾ ਕੇਵਲ ਸਿੰਘ ਸਿੱਧੂ ਨੇ ਨਿਭਾਈ। ਵੱਖ ਵੱਖ ਬੁਲਾਰਿਆਂ ਜਿਹਨਾਂ ਵਿਚ ਗੁਰਪਾਲ ਸਿੰਘ, ਕੇਵਲ ਸਿੱਧੂ, ਰਵੀਪਾਲ ਸਿੰਘ, ਬਲਜੀਵਨ ਦਾਸ ਨੇ ਭਗਵਾਨ ਵਾਲਮੀਕ ਜੀ ਦੀਆਂ ਸਿੱਖਿਆਵਾਂ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ। ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਸੁਖਪ੍ਰੀਤ ਸਿੱਧੂ, ਸ਼ਿਵਤਾਰ ਸਿੱਧੂ, ਕਰਨ ਸਿੰਘ ਨਾਹਰ, ਅਰਵਿੰਦਰ ਪਾਲ ਸਿੰਘ ਨਾਹਰ, ਅੰਮ੍ਰਿਤਪਾਲ ਸਿੰਘ, ਅਜਮੇਰ ਸਿੰਘ ਘਾਰੂ, ਦੀਪ ਸਿੰਘ ਘਾਰੂ, ਬਲਵੀਰ ਸਿੰਘ, ਸੁਲਤਾਨ ਅਖਤਰ, ਅਸ਼ੋਕ ਸਿੱਧੂ, ਹਨੀ ਸਿੱਧੂ,



ਕੁਲਦੀਪ ਕੌਰ ਨਾਹਰ, ਚਰਨ ਨਾਹਰ, ਨਵਕਿਰਨਜੀਤ ਕੌਰ ਨਾਹਰ, ਅਮਰਜੀਤ ਕੌਰ ਸਿੱਧੂ ਨੇ ਅਹਿਮ ਭੂਮਿਕਾ ਨਿਭਾਈ।

## ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਪ੍ਰਧਾਨ ਸ੍ਰ ਦਰਬਾਰਾ ਸਿੰਘ ਦੀ ਮੌਤ ਤੇ ਸ਼ੋਕ ਮਤਾ

ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਫਰੇਜਨੋ ਵਲੋਂ ਇਕ ਮਤੇ ਰਾਹੀਂ ਸ੍ਰ ਦਰਬਾਰਾ ਸਿੰਘ ਢਿਲੋਂ, ਐਡਵੋਕੇਟ ਦੇ ਅਚਾਨਕ ਅਕਾਲ ਚਲਾਣੇ ਤੇ ਅਸੀਮ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਦਰਬਾਰਾ ਸਿੰਘ ਢਿੱਲੋਂ ਥੋੜੇ ਅਰਸੇ ਦੀ ਬਿਮਾਰੀ ਉਪਰੰਤ ਸਥਾਨਕ ਨਿੱਜੀ ਹਸਪਤਾਲ ਵਿੱਚ ਸਦੀਵੀ ਵਿਛੋੜਾ ਦੇ ਗਏ। ਸ੍ਰ ਦਰਬਾਰਾ ਸਿੰਘ ਢਿਲੋਂ, ਐਡਵੋਕੇਟ ਪਿਛਲੇ ਕਈ ਸਾਲਾਂ ਤੋਂ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਪ੍ਰਧਾਨ ਦੀਆਂ ਸੇਵਾਵਾਂ ਨਿਭਾਅ ਰਹੇ ਸਨ। ਉਹ ਦੇਸ਼ ਭਗਤ ਯਾਦਗਾਰ ਕਮੇਟੀ ਦੇ ਬਣਨ ਤੋਂ ਲੈ ਕੇ ਹਮੇਸ਼ਾ ਇਸ ਨਾਲ ਜੁੜੇ ਰਹੇ ਅਤੇ ਗਦਰੀ ਬਾਬਾ ਭਗਤ ਸਿੰਘ ਬਿਲਗਾ ਜੀ ਦੀ ਮੌਤ ਤੋਂ ਬਾਅਦ ਉਹ ਸਰਬ ਸੰਮਤੀ ਨਾਲ ਕਮੇਟੀ ਦੇ ਪ੍ਰਧਾਨ ਬਣੇ ਸਨ। ਉਨਾਂ ਦੀ ਸਚੱਜੀ ਅਗਵਾਈ ਵਿਚ ਯਾਦਗਾਰ ਕਮੇਟੀ ਨੇ ਮਹਾਨ ਦੇਸ਼ ਭਗਤਾਂ ਦੇ ਸੁਨੇਹੇ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਕਈ ਪੁਲਾਘਾਂ ਪੁਟੀਆਂ। ਫੋਰਮ ਵਲੋਂ 'ਮੇਲਾ ਗਦਰੀ ਬਾਬਿਆਂ ਦਾ' ਸਾਲ 2012 ਦੇ ਮੇਲੇ ਵਿਚ ਆਪ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਹ ਪੰਜਾਬ ਹਰਿਆਣਾ ਹਾਈਕੋਰਟ ਦੇ ਪ੍ਰਸਿਧ ਵਕੀਲ ਸਨ। ਉਹ ਬੜੀ ਉਚੀ ਸੁੱਚੀ ਸੋਚ ਦੇ ਬਾਨੀ ਅਤੇ ਸਾਉ ਸੁਭਾਅ ਦੇ ਮਾਲਕ ਸਨ।ਉਹ ਸਮੇਂ ਦੀਆਂ ਸਰਕਾਰਾਂ ਅਤੇ ਪੁਲੀਸ ਵਧੀਕੀਆਂ ਦੇ ਖਿਲਾਫ ਲੋਕ ਨੇਤਾਵਾਂ ਦੇ ਕੇਸ ਅਤੇ ਕਨੂੰਨੀ ਲੜਾਈ ਬਿਨਾ ਕਿਸੇ ਮੁਆਵਜੇ ਦੇ ਲੜਦੇ ਰਹੇ।



ਫੋਰਮ ਉਨਾਂ ਦੀਆ ਲੋਕ ਸੇਵਾਵਾਂ ਪ੍ਰਤੀ ਸਿਰ ਝੁਕਾਉਦਾ ਹੈ ਅਤੇ ਉਨਾਂ ਦੀ ਮੌਤ ਤੇ ਸ਼ੌਕ ਦਾ ਇਜਹਾਰ ਕਰਦਾ ਹੈ। ਫੋਰਮ ਵਲੋਂ ਇਹ ਸ਼ੋਕ ਮਤਾ ਪਾਸ ਕਰਕੇ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਨੂੰ ਭੇਜਿਆ ਗਿਆ। ਫੋਰਮ ਦੇ ਸਕੱਤਰ ਸੁੰਰਿਦਰ ਸਿੰਘ ਮੰਢਾਲੀ ਅਤੇ ਪ੍ਰਧਾਨ ਗੁਰਦੀਪ ਸਿੰਘ ਗਿਲ ਨੇ ਦੱਸਿਆ ਕਿ ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਗਦਰ ਪਾਰਟੀ ਦੇ ਮਹਾਨ ਸਪੂਤ ਸ੍ਰ. ਕਰਤਾਰ ਸਿੰਘ ਸਰਾਭਾ ਦੇ 101ਵੇਂ ਸ਼ਹੀਦੀ ਦਿਵਸ ਤੇ ਦੋ ਸਮਾਗਮ ਕਰਵਾਏਗਾ। ਪਹਿਲਾ, 12 ਨਵੰਬਰ ਦਿਨ ਸ਼ਨੀਵਾਰ ਨੂੰ 5 ਵੁਡ ਸਟਰੀਟ ਸਾਨਫਰਾਸਿਸਕੋ ਵਿਖੇ ਗਦਰ ਮੈਮੋਰੀਅਲ ਹਾਲ ਵਿਚ ਹਮੇਸ਼ਾ ਦੀ ਤਰਾਂ ਕੀਤਾ ਜਾਵੇਗਾ। ਇਸ ਸਬੰਧੀ ਸਾਰੇ ਪ੍ਰਬੰਧ ਮਕੰਮਲ ਹੋ ਗਏ ਹਨ। ਇਹ ਸਮਾਗਮ ਗਦਰ ਫਾਉਡੇਸ਼ਨ ਆਫ ਕੈਲੇਫੋਰਨੀਆ, ਸੈਕਰਾਮੈਟੋਂ ਅਤੇ ਇੰਡੋ ਅਮੈਰੀਕਨ ਦੇਸ਼ ਭਗਤ ਫਾਉਡੇਸ਼ਨ, ਬੇ ਏਰੀਆ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਦੂਜਾ ਜਨਤਕ ਸਮਾਗਮ ਫਰੈਜਨੋ ਵਿਚ 20 ਨਵੰਬਰ ਦਿਨ ਐਤਵਾਰ ਨੂੰ ਇੰਡੀਆ ਉਹਨ ਦੇ ਹਾਲ ਵਿਚ ਬਾਅਦ ਦੁਪਿਹਰ ਇਕ ਵਜੇ ਤੋਂ 5 ਵਜੇ ਤੱਕ ਹੋਵੇਗਾ। ਇਹ ਹਾਲ 3035 ਵੈਸਟ ਐਸਲਨ ਐਵਨਿਉ ਫਰਿਜਨੋ ਤੇ ਸਥਿਤ ਹੈ। ਇਹਨਾਂ ਦੋਨਾਂ ਸਮਾਗਮਾ ਵਿਚ ਬੱਚਿਆ ਦੀਆ ਟੀਮਾ ਹਿਸਾ ਲੈਣਗੀਆ। ਇਥੇ ਚਾਹ ਪਾਣੀ ਦਾ ਵੀ ਪ੍ਰਬੰਧ ਹੋਵੇਗਾ। ਸਮੂਹ ਭਾਈਚਾਰੇ ਨੂੰ ਇਨਾਂ ਪ੍ਰੋਗਰਾਮਾ ਵਿਚ ਸ਼ਾਮਲ ਹੋਣ ਦਾ ਸੱਦਾ ਦਿਤਾ ਜਾਂਦਾ ਹੈ।

## ਸੋਹਣ ਲਾਲ ਸਹੋਤਾ ਜੀ ਦਾ ਦੇਹਾਂਤ

ਪ੍ਰਸਿੱਧ ਸਮਾਜ ਸੇਵੀ ਅਤੇ ਕਮਿਊਨਿਟੀ ਲੀਡਰ ਸ੍ਰੀ ਸੋਹਣ ਲਾਲ ਸਹੋਤਾ (ਬੀ ਡੀ ਪੀ. ਓ) 22 ਅਕਤੂਬਰ ਦੀ ਸ਼ਾਮ ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ। ਸੋਹਣ ਲਾਲ ਸਹੋਤਾ 15 ਜਨਵਰੀ 1929 ਨੂੰ ਜਨਮੇ ਸਨ, ਜਿਹਨਾਂ ਨੇ ਆਪਣੇ ਜੀਵਨ ਵਿਚ ਬਹੁਤ ਸੰਘਰਸ਼ ਕੀਤਾ ਅਤੇ ਸਨਮਾਨਯੋਗ ਅਹੁਦੇ ਤੱਕ ਪਹੁੰਚੇ। ਇਹਨਾਂ ਦਾ ਪਿਛਲਾ ਪਿੰਡ ਮਾਣਕਪੁਰ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਹੈ। ਇਹਨਾਂ ਨੇ ਆਪਣੀ ਮੁਢਲੀ ਸਿੱਖਿਆ ਪਿੰਡ ਨੰਗਲ ਅੰਬੀਆਂ ਤੋਂ ਪ੍ਰਾਪਤ ਕੀਤੀ ਅਤੇ ਬੀ. ਏ. ਤੱਕ ਦੀ ਪੜ੍ਹਾਈ ਖਾਲਸਾ ਕਾਲਜ ਜਲੰਧਰ ਤੋਂ ਪ੍ਰਾਪਤ ਕੀਤੀ। ਪੜ੍ਹਾਈ ਪੂਰੀ ਕਰਨ ਤੋਂ ਬਾਅਦ ਇਹਨਾਂ ਨੂੰ ਗ੍ਰਾਮ ਸੇਵਕ ਦੀ ਨੌਕਰੀ ਮਿਲ ਗਈ। ਉਸ ਤੋਂ ਬਾਅਦ ਇਹਨਾਂ ਦਾ ਵਿਆਹ ਬੀਬੀ ਸਵਰਨ ਕੌਰ ਨਾਲ ਹੋਇਆ ਅਤੇ ਬੀਬੀ ਸਵਰਨ ਕੌਰ ਦੀ ਕੁੱਖੋਂ ਸੱਤ ਬੱਚਿਆਂ ਦਾ ਜਨਮ ਹੋਇਆ, ਜਿਹਨਾਂ ਵਿਚੋਂ ਚਾਰ ਲੜਕੀਆਂ ਅਤੇ ਤਿੰਨ ਲੜਕੇ ਹਨ, ਜੋ ਸਾਰੇ ਅਮਰੀਕਾ ਵਿਚ ਰਹਿੰਦੇ ਹਨ। ਕੁਝ ਸਮੇਂ ਬਾਅਦ ਇਹਨਾਂ ਦੀ ਮਿਹਨਤ ਸਦਕਾ ਸਰਕਾਰ ਨੇ ਇਹਨਾਂ ਨੂੰ ਬੀ. ਡੀ. ਪੀ. ਓ. ਬਣਾ ਦਿੱਤਾ। ਉਸ ਤੋਂ ਬਾਅਦ 1988 ਵਿਚ ਰਿਟਾਇਰ ਹੋ ਕੇ 1989 ਵਿਚ ਅਮਰੀਕਾ ਆ ਗਏ। ਇੱਥੇ ਆ ਕੇ ਉਹਨਾਂ ਨੇ ਬੜੀ ਮਿਹਨਤ ਕੀਤੀ ਅਤੇ 1994 ਵਿਚ ਉਹ ਮਹਾਂਰਿਸ਼ੀ ਵਾਲਮੀਕ ਸਭਾ ਯੂ ਐਸ ਏ ਦੇ ਮੈਂਬਰ ਬਣੇ ਅਤੇ ਪੰਜ ਸਾਲਾਂ ਬਾਅਦ ਅੰਤ ਤੱਕ ਸਭਾ ਦੇ ਸਕੱਤਰ ਵਜੋਂ ਸੇਵਾ ਨਿਭਾਈ।

ਸ੍ਰੀ ਸੋਹਣ ਲਾਲ ਸਹੋਤਾ ਜੀ ਦਾ ਅੰਤਿਮ ਸਸਕਾਰ 30 ਅਕਤੂਬਰ ਦਿਨ ਐਤਵਾਰ ਨੂੰ Ullrey Memorial Chapel 817 Almond Street Yuba City CA, 95991 ਵਿਖੇ ਸਵੇਰੇ 11 ਤੋਂ 1 ਵਜੇ ਤੱਕ ਕੀਤਾ ਜਾਵੇਗਾ। ਮਹਾਂਰਿਸ਼ੀ ਵਾਲਮੀਕ ਸਭਾ ਯੂ ਐਸ ਏ, ਬਾਬਾ



ਜੀਵਨ ਸਿੰਘ ਨੌਜਵਾਨ ਸਭਾ ਕੈਲੇਫੋਰਨੀਆ, ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਅਤੇ ਅਦਾਰਾ 'ਦੇਸ਼ ਦੁਆਬਾ' ਵੱਲੋਂ ਸਮੂਹ ਸਹੋਤਾ ਪਰਿਵਾਰ ਨਾਲ ਇਸ ਦੁੱਖ ਦੀ ਘੜੀ ਵਿਚ ਸ਼ਰੀਕ ਹੁੰਦਿਆਂ ਅਰਦਾਸ ਕੀਤੀ ਜਾਂਦੀ ਹੈ ਕਿ ਵਾਹਿਗੁਰੂ ਉਹਨਾਂ ਦੀ ਆਤਮਾ ਨੂੰ ਸ਼ਾਂਤੀ ਬਖਸ਼ੇ।

*******

# ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਨੂੰ ਦਿੱਤੀ ਵਿਰਾਸਤੀ ਦਿਖ

**ਅੰਮ੍ਰਿਤਸਰ–** ਪੁਰਾਤਨ ਟਾਊਨ ਹਾਲ ਇਮਾਰਤ ਤੋਂ ਸ੍ਰੀ ਹਰਿਮੰਦਰ ਸਾਹਿਬ ਤਕ ਦੇ ਰਸਤੇ ਨੂੰ ਨਵੀਂ ਵਿਰਾਸਤੀ ਦਿਖ ਦੇ ਦਿੱਤੀ ਗਈ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ ਸ੍ਰੀ ਹਰਿਮੰਦਰ ਸਾਹਿਬ ਅਤੇ ਇਸ ਦੇ ਆਲੇ ਦੁਆਲੇ ਨੂੰ ਵਿਸ਼ਵ ਪੱਧਰੀ ਵਿਰਾਸਤੀ ਤੇ ਸੁੰਦਰ ਦਿਖ ਦੇਣ ਦਾ ਸੁਪਨਾ ਪੂਰਾ ਹੋ ਗਿਆ ਹੈ। ਉਨ੍ਹਾਂ ਇਸ ਨੂੰ ਲੋਕਾਂ ਲਈ ਦੀਵਾਲੀ ਦਾ ਤੋਹਫਾ ਕਰਾਰ ਦਿੱਤਾ। ਮੀਡੀਆ ਨੂੰ ਵਿਰਾਸਤੀ ਸੈਰ ਕਰਾਉਣ ਦੌਰਾਨ ਉਨ੍ਹਾਂ ਭਾਰਤ-ਪਾਕਿ ਵੰਡ ਮਿਊਜ਼ੀਅਮ ਦਾ ਰਸਮੀ ਉਦਘਾਟਨ ਵੀ ਕੀਤਾ। ਸਮੁੱਚੀ ਯੋਜਨਾ ’ਤੇ ਸਰਕਾਰ ਨੇ ਲਗਭਗ 250 ਕਰੋੜ ਰੁਪਏ ਖ਼ਰਚ ਕੀਤੇ ਹਨ ਅਤੇ 170 ਇਮਾਰਤਾਂ ਦੀ ਬਾਹਰੀ ਦਿਖ ਨੂੰ ਨਵਿਆਉਣ ਲਈ 160 ਕਰੋੜ ਰੁਪਏ ਖ਼ਰਚੇ ਹਨ।

ਵਿਰਾਸਤੀ ਸੈਰ ਅੰਮ੍ਰਿਤਸਰ ਬਾਈਪਾਸ ਨੇੜੇ ਬਣਾਏ ਗਏ ’ਗੇਟਵੇਅ ਆਫ ਅੰਮ੍ਰਿਤਸਰ’ ਤੋਂ ਸ਼ੁਰੂ ਹੋਈ। ਉਪ ਮੁੱਖ ਮੰਤਰੀ ਨੇ ਆਖਿਆ ਕਿ ਸ਼ਹਿਰ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ ਹੀ ਯਾਤਰੂਆਂ ਨੂੰ ਇਸ ਸੁਨਹਿਰੀ ਗੇਟ ਨੂੰ ਦੇਖ ਕੇ ਅਹਿਸਾਸ ਹੋ ਜਾਵੇਗਾ ਕਿ ਉਹ ਗੋਲਡਨ ਟੈਂਪਲ (ਸ੍ਰੀ ਹਰਿਮੰਦਰ ਸਾਹਿਬ) ਦੇ ਸ਼ਹਿਰ ਅੰਮ੍ਰਿਤਸਰ ਪੁੱਜ ਰਹੇ ਹਨ। ਗੇਟ ’ਤੇ ਸੁਨਹਿਰੀ ਰੰਗ ਦਾ ਵੱਡਾ ਗੁੰਬਦ ਬਣਾਇਆ ਗਿਆ ਹੈ, ਜੋ ਸ੍ਰੀ ਹਰਿਮੰਦਰ ਸਾਹਿਬ ਨੂੰ ਚਿੰਨ੍ਹਤ ਕਰਦਾ ਹੈ। ਗੇਟ ਦਾ ਡਿਜ਼ਾਇਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਆਰਕੀਟੈਕਟ ਵਿਭਾਗ ਵੱਲੋਂ ਤਿਆਰ ਕੀਤਾ ਗਿਆ ਹੈ। ਟਾਊਨ ਹਾਲ ਦੀ ਪੁਰਾਤਨ ਇਮਾਰਤ ਵਿੱਚ ਦਾਖਲ ਹੁੰਦਿਆਂ ਹੀ ਇਕ ਵੱਡਾ ਫ਼ੁਹਾਰਾ ਅਤੇ ਇਸ ਦੇ ਦੋਵੇਂ ਪਾਸੇ ਸਿੱਖ ਘੋੜਸਵਾਰਾਂ ਦੇ ਬੁੱਤ ਜੀ ਆਇਆਂ ਆਖਦੇ ਹਨ। ਪੁਲੀਸ ਸਟੇਸ਼ਨ ਕੋਤਵਾਲੀ ਅਤੇ ਨਗਰ ਨਿਗਮ ਦੇ ਦਫ਼ਤਰ ਦੀ ਇਮਾਰਤ ਨੂੰ ਵਿਰਾਸਤੀ ਦਿਖ ਦਿੱਤੀ



ਗਈ ਹੈ। ਇਸ ਦੇ ਇਕ ਹਿੱਸੇ ਵਿੱਚ ਭਾਰਤ-ਪਾਕਿ ਵੰਡ ਦੀ ਪੀੜ ਨੂੰ ਦਰਸਾਉਂਦਾ ਮਿਊਜ਼ੀਅਮ ਸਥਾਪਤ ਕੀਤਾ ਗਿਆ ਹੈ। ਦੂਜੇ ਹਿੱਸੇ ਵਿੱਚ ਪੰਜਾਬੀ ਸਭਿਆਚਾਰ ਨੂੰ ਦਰਸਾਉਂਦਾ ਮਿਊਜ਼ੀਅਮ ਬਣਾਇਆ ਜਾਵੇਗਾ। ਗੁਰਦੁਆਰਾ ਸੰਤੋਖਸਰ ਦੇ ਬਾਹਰ ਵਾਲੇ ਹਿੱਸੇ ਨੂੰ ਵੀ ਪੁਰਾਤਨ ਦਿਖ ਦਿੱਤੀ ਗਈ ਹੈ। ਉਪ ਮੁੱਖ ਮੰਤਰੀ ਨੇ ਇਸ ਖੇਤਰ ਦੀ ਤੁਲਨਾ ਲੰਡਨ ਦੇ ਟਾਈਮ ਸਕੁਏਅਰ ਨਾਲ ਕੀਤੀ ਹੈ। ਟਾਊਨ ਹਾਲ ਇਮਾਰਤ ਦੇ ਬਾਹਰ ਬਾਬਾ ਸਾਹਿਬ ਬੀ ਆਰ ਅੰਬੇਦਕਰ ਦੇ ਪੁਰਾਣੇ ਬੁੱਤ ਨੂੰ ਹਟਾ ਕੇ ਇਸ ਨੂੰ ਨਵਾਂ ਰੂਪ ਦਿੱਤਾ ਗਿਆ ਹੈ। ਸਾਰਾਗੜ੍ਹੀ ਪਾਰਕਿੰਗ ਦੀ ਇਮਾਰਤ ਦੇ ਬਾਹਰਲੇ ਹਿੱਸੇ ਨੂੰ ਵੀ ਵਿਰਾਸਤੀ ਦਿਖ ਦਿੱਤੀ ਗਈ ਹੈ। ਟਾਊਨ ਹਾਲ ਇਮਾਰਤ ਦੀ ਇਕ ਨੁੱਕਰ ਵਾਲੇ ਹਿੱਸੇ ਵਿੱਚ ਰੋਜ਼ਾਨਾ ਲੇਜ਼ਰ ਸ਼ੋਅ ਦਾ ਪ੍ਰਬੰਧ ਕਰਨ ਦੀ ਯੋਜਨਾ ਹੈ, ਜਿਸ ਰਾਹੀਂ ਵੰਡ ਦੀ ਪੀੜ ਨੂੰ ਦਿਖਾਇਆ ਜਾਵੇਗਾ। ਬੁੱਤ ਮਲਕਾਂ ਵਾਲਾ ਚੌਕ ਵਿੱਚ ਹੁਣ ਮਹਾਰਾਜਾ ਰਣਜੀਤ ਸਿੰਘ ਦਾ ਘੋੜੇ ’ਤੇ ਸਵਾਰ ਵਿਸ਼ਾਲ ਬੁੱਤ ਸਥਾਪਤ ਕੀਤਾ ਗਿਆ ਹੈ। ਬੁੱਤ ਨੂੰ 7 ਹਿੱਸਿਆਂ ਵਿੱਚ ਵੰਡਿਆ ਗਿਆ ਹੈ ਅਤੇ ਹੇਠਾਂ 65 ਸ਼ੇਰ, ਹਾਥੀ ਅਤੇ ਨਿਹੰਗ ਸਿੰਘ ਵੀ ਦਿਖਾਏ ਗਏ ਹਨ।

ਜਲਿਆਂਵਾਲਾ ਬਾਗ ਦੇ ਬਾਹਰ ਸ਼ਹੀਦਾਂ ਦੇ ਚਿਹਰੇ ਵਾਲਾ ਇਕ ਵੱਡਾ ਬੁੱਤ ਸਥਾਪਤ ਕੀਤਾ ਗਿਆ ਹੈ। ਬੁੱਤ ਦੇ ਹੇਠਾਂ ਬਣਾਏ ਮੰਚ ’ਤੇ ਸ਼ਹੀਦਾਂ ਦੇ ਨਾਂ ਅੰਕਿਤ ਕੀਤੇ ਗਏ ਹਨ। ਇਥੋਂ ਸ੍ਰੀ ਹਰਿਮੰਦਰ ਸਾਹਿਬ ਤਕ ਦੇ ਸਿੱਧੇ ਰਸਤੇ ਦੇ ਦੋਵੇਂ ਪਾਸੇ ਦੁਕਾਨਾਂ ਦੇ ਬਾਹਰ ਟੀਨ ਦੇ ਛੱਜੇ ਬਣਾਏ ਗਏ ਹਨ।

ਸ੍ਰੀ ਹਰਿਮੰਦਰ ਸਾਹਿਬ ਪ੍ਰਵੇਸ਼ ਦੁਆਰ ਪਲਾਜ਼ਾ ਦੇ ਜ਼ਮੀਨਦੋਜ਼ ਹਿੱਸੇ ਵਿੱਚ ਸੁਖਬੀਰ ਬਾਦਲ ਨੇ ਉਥੇ ਬਣਾਏ ਗਏ ਵੱਖ-ਵੱਖ ਹਾਲ ਦਿਖਾਏ, ਜਿਨ੍ਹਾਂ ਵਿੱਚ ਅੰਮ੍ਰਿਤਸਰ, ਸ੍ਰੀ ਹਰਿਮੰਦਰ ਸਾਹਿਬ ਆਦਿ ਦਾ ਇਤਿਹਾਸ ਯਾਤਰੂਆਂ ਨੂੰ ਦਿਖਾਇਆ ਜਾਵੇਗਾ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਭਗਵਾਨ ਵਾਲਮੀਕ ਜੀ ਦਾ ਜਨਮ ਉਤਸਵ 30 ਨੂੰ



**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਪ੍ਰਬੰਧਕ ਕਮੇਟੀ ਵੱਲੋਂ ਭਗਵਾਨ ਮਹਾਂਰਿਸ਼ੀ ਵਾਲਮੀਕ ਜੀ ਦਾ ਜਨਮ ਉਤਸਵ 30 ਅਕਤੂਬਰ ਦਿਨ ਐਤਵਾਰ ਨੂੰ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ, ਜਿਸ ਵਿਚ 28 ਅਕਤੂਬਰ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਪ੍ਰਰੰਭ ਹੋਣਗੇ ਅਤੇ 30 ਅਕਤੂਬਰ ਦਿਨ ਐਤਵਾਰ ਨੂੰ ਭੋਗ ਪਾਏ ਜਾਣਗੇ, ਜਿਸ ਵਿਚ ਪੰਥ ਪ੍ਰਸਿੱਧ ਕਥਾਵਾਚਕ ਅਤੇ ਕੀਰਤਨੀਏ ਭਗਵਾਨ ਵਾਲਮੀਕ ਜੀ ਦੇ ਜੀਵਨ ਅਤੇ ਸਿੱਖਿਆਵਾਂ ਬਾਰੇ ਚਾਨਣਾ ਪਾਉਣਗੇ। ਤਿੰਨੇ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਣਗੇ।

ਇਸੇ ਦਿਨ 30 ਅਕਤੂਬਰ ਸ਼ਾਮ ਨੂੰ ਗੁਰੂ ਘਰ ਵਿਖੇ ਦੀਵਾਲੀ ਦਾ ਤਿਉਹਾਰ ਮਨਾਇਆ ਜਾ ਰਿਹਾ ਹੈ, ਜਿਸ ਵਿਚ ਸ਼ਾਮ ਨੂੰ 5 ਵਜੇ ਤੋਂ ਲੈ ਕੇ 8 ਵਜੇ ਤੱਕ ਕੀਰਤਨ ਦਰਬਾਰ ਕਰਵਾਇਆ ਜਾਵੇਗਾ। ਗੁਰੂ ਘਰ ਵਿਖੇ ਸ਼ਾਮ ਨੂੰ ਦੀਪਮਾਲੀ ਕੀਤੀ ਜਾਵੇਗੀ।

# ਟਰੰਪ ਨੇ ਜੈਸਿਕਾ ਡਰੇਕ ਦੇ ਦੋਸ਼ ਦਾ ਦਿੱਤਾ ਜਵਾਬ

**ਵਾਸ਼ਿੰਗਟਨ–** ਰਿਪਬਲਿਕਨ ਪਾਰਟੀ ਵੱਲੋਂ ਰਾਸ਼ਟਰਪਤੀ ਦੇ ਅਹੁਦੇ ਦੇ ਉਮੀਦਵਾਰ ਡੋਨਲਡ ਟਰੰਪ ਨੇ ਬਾਲਗ ਫਿਲਮਾਂ ਦੀ ਸਟਾਰ ਜੈਸਿਕਾ ਡਰੇਕ, ਜਿਸ ਨੇ ਉਸ ’ਤੇ ਗਲਤ ਢੰਗ ਨਾਲ ਛੂਹਣ ਦੇ ਦੋਸ਼ ਲਾਏ ਸਨ, ਉਤੇ ਟਿੱਪਣੀਆਂ ਕਰਕੇ ਨਵਾਂ ਵਿਵਾਦ ਛੇੜ ਦਿੱਤਾ ਹੈ। ਉਸ ਨੇ ਕਿਹਾ, ‘ਮੈਨੂੰ ਪੂਰਾ ਯਕੀਨ ਹੈ ਕਿ ਇਸ ਤੋਂ ਪਹਿਲਾਂ ਉਸ ਨੂੰ ਕਦੇ ਨਹੀਂ ਛੂਹਿਆ ਗਿਆ।’ ਡਬਲਿਊਜੀਆਈਆਰ ਰੇਡੀਓ ਦੇ ਪ੍ਰੋਗਰਾਮ ‘ਨਿਊ ਹੈਂਪਸ਼ਾਇਰ ਟੂਡੇ’ ਵਿੱਚ ਟਰੰਪ ਨੇ ਜੈਸਿਕਾ ਵੱਲੋਂ ਲਾਏ ਗਏ ਦੋਸ਼ਾਂ ਨੂੰ ’ਨਿਰੇ ਮਨਘੜਤ’ ਦੱਸਿਆ। ਸੀਐੱਨਐੱਨ ਨੇ ਟਰੰਪ ਦੇ ਹਵਾਲੇ ਨਾਲ ਕਿਹਾ, ‘ਮੈਂ ਇਨ੍ਹਾਂ ਔਰਤਾਂ ਨੂੰ ਨਹੀਂ ਜਾਣਦਾ। ਜੋ ਉਹ ਕਹਿੰਦੀਆਂ ਹਨ, ਉਹ ਮੇਰੇ ਕਰਨ ਵਾਲੇ ਕੰਮ ਨਹੀਂ। ਤੁਸੀਂ ਜਾਣਦੇ ਹੋ ਮੈਂ ਇਹ ਨਹੀਂ ਕਰਦਾ। ਮੈਂ ਉਨ੍ਹਾਂ ਨੂੰ ਬਾਹਾਂ ਵਿੱਚ ਨਹੀਂ ਭਰਦਾ, ਜਿਵੇਂ ਉਹ ਕਹਿੰਦੀਆਂ ਹਨ। ਇਕ ਕਹਿੰਦੀ, ਉਸ ਨੇ ਮੈਨੂੰ ਬਾਹਾਂ ਵਿੱਚ ਲਿਆ ਅਤੇ ਉਹ ਬਾਲਗ ਫਿਲਮਾਂ ਦੀ ਸਟਾਰ ਹੈ। ਤੁਸੀਂ ਜਾਣਦੇ ਹੋ ਕਿ ਇਹ ਹਾਲ ਹੀ ਵਿੱਚ ਸਾਹਮਣੇ ਆਈ ਹੈ।

# ਭਾਟੀਆ ਪਰਿਵਾਰ ਨੇ ਬੱਚੇ ਅਨਮੋਲ ਭਾਟੀਆ ਦਾ ਜਨਮ ਦਿਨ ਮਨਾਇਆ



**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ 20 ਅਕਤੂਬਰ ਦਿਨ ਵੀਰਵਾਰ ਨੂੰ ਸ੍ਰੀ ਰਾਮ ਸੇਵਕ ਭਾਟੀਆ, ਬੀਬੀ ਸੰਧਿਆ ਭਾਟੀਆ ਵੱਲੋਂ ਆਪਣੇ ਬੱਚੇ ਅਨਮੋਲ ਭਾਟੀਆ, ਕਾਕਾ ਬ੍ਹੰਮ ਨੂਰ ਭਾਟੀਆ ਦੇ ਜਨਮ ਦਿਨ ਮਨਾਉਂਦੇ ਹੋਏ ਲੰਗਰਾਂ ਦੀ ਸੇਵਾ ਕੀਤੀ, ਜਿਸ ਵਿਚ ਵੀਰਵਾਰ ਸਵੇਰੇ ਬੀਬੀਆਂ ਵੱਲੋਂ ਸੰਗਤੀ ਰੂਪ ਵਿਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕੀਤੇ ਗਏ, ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਰਾਮ ਸੇਵਕ ਭਾਟੀਆ ਜੀ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

# ਪੰਜਾਬ ਵਿੱਚ ਚੋਣਾਂ ਫਰਵਰੀ-ਮਾਰਚ ’ਚ ਹੋਣ ਦੀ ਸੰਭਾਵਨਾ

**ਨਵੀਂ ਦਿੱਲੀ–** ਪੰਜਾਬ ਤੇ ਉੱਤਰ ਪ੍ਰਦੇਸ਼ ਸਣੇ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਅਗਲੇ ਸਾਲ ਪਹਿਲੀ ਫਰਵਰੀ ਨੂੰ ਕੇਂਦਰੀ ਬਜਟ ਪੇਸ਼ ਹੋਣ ਤੋਂ ਫੌਰੀ ਬਾਅਦ ਫਰਵਰੀ-ਮਾਰਚ ਮਹੀਨੇ ਇਕੋ ਸਮੇਂ ਕਰਵਾਏ ਜਾਣ ਦੀ ਸੰਭਾਵਨਾ ਹੈ। ਚੋਣ ਕਮਿਸ਼ਨ ਵਿਚਲੇ ਸੂਤਰਾਂ ਨੇ ਕਿਹਾ ਕਿ ਪੰਜਾਬ, ਗੋਆ, ਉੱਤਰਾਖੰਡ ਤੇ ਮਨੀਪੁਰ ਵਿੱਚ ਇਕੋ ਦਿਨ ਵੋਟਾਂ ਪੈਣਗੀਆਂ, ਜਦੋਂ ਕਿ ਉੱਤਰ ਪ੍ਰਦੇਸ਼ ਵਿੱਚ ਚੋਣ ਅਮਲ ਸੱਤ ਗੇੜਾਂ ਦੌਰਾਨ ਨੇਪਰੇ ਚੜ੍ਹਨ ਦੀ ਆਸ ਹੈ। ਪੰਜਾਬ ਵਿੱਚ ਲਗਾਤਾਰ ਦੋ ਵਾਰ ਤੋਂ ਸੱਤਾ ਵਿੱਚ ਚੱਲ ਰਹੇ ਅਕਾਲੀ-ਭਾਜਪਾ ਗੱਠਜੋੜ ਨੂੰ ਇਕ ਪਾਸੇ ਕਾਂਗਰਸ ਤੇ ਦੂਜੇ ਪਾਸੇ ’ਆਪ’ ਪਾਸੋਂ ਤਕੜੀ ਟੱਕਰ ਮਿਲ ਰਹੀ ਹੈ। ਉੱਤਰ ਪ੍ਰਦੇਸ਼ ਵਿੱਚ ਭਾਜਪਾ ਨੂੰ 15 ਸਾਲਾਂ ਬਾਅਦ ਸੱਤਾ ਵਿੱਚ ਆਉਣ ਦੀ ਆਸ ਹੈ ਕਿਉਂਕਿ ਦੋ ਸਾਲ ਪਹਿਲਾਂ ਹੋਈਆਂ ਲੋਕ ਸਭਾ ਚੋਣਾਂ ਵਿੱਚ ਪਾਰਟੀ ਨੇ ਹੂੰਝਾ ਫੇਰੂ ਜਿੱਤ ਹਾਸਲ ਕੀਤੀ ਸੀ। ਕੇਂਦਰ ਸਰਕਾਰ ਨੇ ਇਹਤਿਆਤ ਵਰਤਦਿਆਂ ਚੋਣ ਕਮਿਸ਼ਨ ਕੋਲ ਪਹੁੰਚ ਕਰ ਕੇ ਮੰਗ ਕੀਤੀ ਹੈ ਕਿ ਲੋਕ ਸਭਾ ਵਿੱਚ ਪਹਿਲੀ ਫਰਵਰੀ ਨੂੰ ਬਜਟ ਪੇਸ਼ ਕਰਨ ਦੀ ਇਜਾਜ਼ਤ ਦਿੱਤੀ ਜਾਵੇ ਕਿਉਂਕਿ ਜੇ ਚੋਣ ਜ਼ਾਬਤਾ ਲਾਗੂ ਹੁੰਦਾ ਹੈ ਤਾਂ ਇਸ ਦੀ ਉਲੰਘਣਾ ਤੋਂ ਬਚਿਆ ਜਾ ਸਕੇ। ਸੂਤਰਾਂ ਨੇ ਕਿਹਾ ਕਿ ਕਮਿਸ਼ਨ ਨੂੰ ਬਜਟ ਕਵਾਇਦ ਉਤੇ ਕੋਈ ਇਤਰਾਜ਼ ਨਹੀਂ। ਕਮਿਸ਼ਨ ਚੋਣ ਅਮਲ ਮਾਰਚ ਦੇ ਅੱਧ ਤੱਕ ਮੁਕੰਮਲ ਕਰਨ ਦਾ ਇੱਛੁਕ ਹੈ ਤਾਂ ਕਿ ਇਨ੍ਹਾਂ ਰਾਜਾਂ ਵਿੱਚ ਨਵੀਆਂ ਵਿਧਾਨ ਸਭਾਵਾਂ ਮੌਜੂਦਾ ਕਾਰਜਕਾਲ ਖ਼ਤਮ ਹੋਣ ਤੋਂ ਪਹਿਲਾਂ ਹੀ ਹੋਂਦ ਵਿੱਚ ਆ ਜਾਣ।ਪੰਜਾਬ, ਗੋਆ ਅਤੇ ਮਨੀਪੁਰ ਵਿਧਾਨ ਸਭਾਵਾਂ ਦੀ ਮਿਆਦ 18 ਮਾਰਚ, ਉੱਤਰਾਖੰਡ ਵਿਧਾਨ ਸਭਾ ਦੀ ਮਿਆਦ 27 ਮਾਰਚ ਤੇ ਉੱਤਰ ਪ੍ਰਦੇਸ਼ ਵਿਧਾਨ ਸਭਾ ਦੀ ਮਿਆਦ 27 ਮਈ ਨੂੰ ਮੁੱਕ ਰਹੀ ਹੈ। ਇਨ੍ਹਾਂ ਰਾਜਾਂ ਵਿੱਚ ਚੋਣਾਂ ਆਜ਼ਾਦ ਤੇ ਨਿਰਪੱਖ ਢੰਗ ਨਾਲ ਕਰਵਾਉਣ ਲਈ ਵੱਡੇ ਪੱਧਰ ’ਤੇ ਸੁਰੱਖਿਆ ਅਮਲੇ ਦੀ ਲੋੜ ਹੈ।

# ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਯੂਬਾ ਸਿਟੀ ਵਿਖੇ ਸ਼ਰਧਾ ਪੂਰਵਕ ਮਨਾਇਆ ਗਿਆ

ਰੱਖਦਿਆਂ ਪ੍ਰਬੰਧਕ ਕਮੇਟੀ ਤੇ ਸਮੂਹ ਸੰਗਤ ਨੂੰ ਭਗਵਾਨ ਵਾਲਮੀਕ ਮਹਾਰਾਜ ਜੀ ਦੇ ਪ੍ਰਗਟ ਦਿਵਸ ਮਨਾਏ ਜਾਣ ਦੀ ਹਾਰਦਿਕ ਵਧਾਈ ਦਿੱਤੀ। ਸਾਰੇ ਬੁਲਾਰਿਆਂ ਨੇ ਜਿੱਥੇ ਭਗਵਾਨ ਵਾਲਮੀਕ ਜੀ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ’ਚ ਢਾਲਣ ਲਈ ਬੇਨਤੀ ਕੀਤੀ, ਉਥੇ ਉਹਨਾਂ ਸਮਾਜ ਅੰਦਰ ਏਕਤਾ ਤੇ ਭਾਈਚਾਰਕ ਸਾਂਝ ਬਣਾਏ ਜਾਣ ‘ਤੇ ਧਿਆਨ ਕੇਂਦਰਿਤ ਕਰਨ ਲਈ ਅਪੀਲ ਕੀਤੀ ਅਤੇ ਨਾਲ ਦੀ ਨਾਲ ਸਮਾਜ ਅੰਦਰ ਫੁੱਟ ਪਾਊ ਤਾਕਤਾਂ ਤੋਂ ਸੁਚੇਤ ਰਹਿਣ ਲਈ ਵੀ ਕਿਹਾ। ਇਕ ਪੱਖ ਜੋ ਹੋਰ ਨਿੱਖਰ ਕੇ ਆਇਆ, ਉਹ ਸੀ ਵਿੱਦਿਆ, ਜਿਸ ਉਪਰ ਸਾਰੇ ਗੁਰੂ ਸਾਹਿਬਾਨ ਤੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੇ ਵੀ ਜ਼ੋਰ ਦਿੱਤਾ। ਧਨ-ਦੌਲਤ ਤੇ ਜਾਇਦਾਦਾਂ ਤਦ ਹੀ ਮਿਲ ਸਕਦੀਆਂ ਅਤੇ ਸਥਿਰ ਰਹਿ ਸਕਦੀਆਂ ਹਨ, ਜੇਕਰ ਸਾਡੇ ਪਾਸ ਵਿੱਦਿਆ ਦਾ ਗਿਆਨ ਭੰਡਾਰ ਹੈ। ਸੋ ਇਸ ਦੀ ਪ੍ਰਾਪਤੀ ਤੇ ਸਥਿਰਤਾ ਲਈ ਵਿੱਦਿਆ ਦਾ ਹੋਣਾ ਅਤੀ ਜ਼ਰੂਰੀ ਹੈ। ਅੱਜ ਦੇ ਸ਼ੁਭ ਦਿਹਾੜੇ ਜਿਹਨਾਂ ਸੰਸਥਾਵਾਂ ਨੇ ਸ਼ਮੂਲੀਅਤ ਕੀਤੀ, ਉਹਨਾਂ ਵਿਚ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ, ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ, ਬਾਬਾ ਜੀਵਨ ਸਿੰਘ ਨੌਜਵਾਨ ਸਭਾ, ਮਹਾਂਰਿਸ਼ੀ ਵਾਲਮੀਕ ਭਾਈਚਾਰਾ ਵਲੇਹੋ, ਟਰੇਸੀ, ਬੇ-ਏਰੀਆ ਆਦਿ ਤੋਂ ਇਲਾਵਾ ਸਿੱਖ ਟੈਂਪਲ ਟੈਰਾ ਬੁਆਨਾ ਯੂਬਾ ਸਿਟੀ ਵੱਲੋਂ ਸ. ਗੁਰਨਾਮ ਸਿੰਘ ਪੰਮਾ, ਸ. ਸੁਖਵਿੰਦਰ ਸਿੰਘ ਸੈਣੀ, ਸ. ਰਜਿੰਦਰ ਸਿੰਘ ਚੌਹਾਨ ਨੰਗਲ ਖੂੰਗਾ ਅਤੇ ਸ. ਦਲਬੀਰ ਸਿੰਘ ਗਿੱਲ, ਸ. ਸਰਵਣ ਸਿੰਘ ਢਿੱਲੋਂ ਆਦਿ ਨੇ ਹਾਜ਼ਰੀਆਂ ਭਰੀਆਂ। ਸਮੂਹ ਪ੍ਰਬੰਧਕ ਕਮੇਟੀ ਤੇ ਸੰਗਤਾਂ ਨਾਲ ਖੁਸ਼ੀਆਂ ਸਾਂਝੀਆਂ ਕੀਤੀਆਂ। ਮਹਾਂਰਿਸ਼ੀ ਵਾਲਮੀਕ ਸਭਾ ਨੇ ਉਪਰੋਕਤ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਸਿਰੋਪਾਓ ਨਾਲ ਸਨਮਾਨਿਤ ਵੀ ਕੀਤਾ। ਇਸ ਤੋਂ ਇਲਾਵਾ ਮੀਡੀਆ ਵਜੋਂ ਸ੍ਰੀ ਪ੍ਰੇਮ ਕੁਮਾਰ ਚੁੰਬਰ ਮੁੱਖ ਸੰਪਾਦਕ ’ਅੰਬੇਦਕਰ ਟਾਈਮਜ਼’ ਅਤੇ ’ਦੇਸ਼ ਦੁਆਬਾ’ ਨੂੰ ਸਿਰੋਪਾਓ ਨਾਲ ਅਤੇ ਭਗਵਾਨ ਵਾਲਮੀਕ ਜੀ ਦੀ ਤਸਵੀਰ ਨਾਲ ਸਨਮਾਨਿਤ ਕੀਤਾ ਗਿਆ।

ਇਸ ਉਪਰੰਤ ਗੁਰੂ ਦੇ ਅਤੁੱਟ ਲੰਗਰ, ਗਰਮਾ ਗਰਮ ਚਾਹ, ਜਲੇਬੀਆਂ, ਪਕੌੜੇ, ਭਟੂਰੇ ਤੇ ਤਰ੍ਹਾਂ-ਤਰ੍ਹਾਂ ਦੀਆਂ ਮਠਿਆਈਆਂ ਤੇ ਫਲ ਵਰਤਾਏ ਗਏ। ਇਸ ਮੌਕੇ ਸਕਿਊਰਟੀ ਦਾ ਵੀ ਪ੍ਰਬੰਧ ਕੀਤਾ ਗਿਆ ਸੀ, ਜਿਸ ਨੇ ਵਧੀਆ ਸਰਵਿਸ ਨਿਭਾਈ। ਕਮੇਟੀ ਨੇ ਹੋਣਹਾਰ ਵਿਦਿਆਰਥੀਆਂ ਤੇ ਨਵੇਂ ਗ੍ਰੈਜੂਏਟ ਹੋਣ ਵਾਲੇ ਬੱਚਿਆਂ ਨੂੰ ਵੀ ਸਨਮਾਨਿਤ ਕੀਤਾ। ਕਮੇਟੀ ਵੱਲੋਂ ਪ੍ਰਧਾਨ ਸ੍ਰੀ ਪ੍ਰੇਮ ਸੌਂਧੀ ਸਾਹਿਬ ਨੇ ਸਮੂਹ ਸੰਗਤਾਂ ਤੇ ਪ੍ਰਬੰਧਕ ਸਾਥੀਆਂ ਦੇ ਨਾਲ ਸਾਰੀਆਂ ਸੰਸਥਾਵਾਂ ਦਾ ਨਿੱਘਾ ਸਾਥ ਦੇਣ ਲਈ ਬਹੁਤ ਧੰਨਵਾਦ ਕੀਤਾ।




ਦੇਸ਼ ਦੁਆਬਾ

# ਪੰਜਾਬ ਵਿਚ ਬੱਚਿਆਂ ਦੇ ਅਗਵਾ ਦੀਆਂ ਵਧਦੀਆਂ ਘਟਨਾਵਾਂ

ਪੰਜਾਬ ਵਿਚ ਬੱਚਿਆਂ ਨੂੰ ਅਗਵਾ ਕਰਨ ਵਾਲੇ ਗਿਰੋਹਾਂ ਦਾ ਸਰਗਰਮ ਹੋਣਾ ਚਿੰਤਾ ਦਾ ਵਿਸ਼ਾ ਹੈ। ਇੱਥੇ ਇਕ ਤੋਂ ਬਾਅਦ ਇਕ ਜਿਸ ਤਰ੍ਹਾਂ ਅਤੇ ਤੇਜ਼ੀ ਨਾਲ ਅਜਿਹੀਆਂ ਘਟਨਾਵਾਂ ਵਧੀਆ ਹਨ, ਉਹ ਡਰ ਪੈਦਾ ਕਰਨ ਵਾਲੀਆਂ ਹਨ। ਪਟਿਆਲਾ ਜ਼ਿਲ੍ਹਾ ਵਿਚ ਚਾਰ ਦਿਨਾਂ ਵਿਚ ਛੇ ਬੱਚੇ ਅਗਵਾ ਹੋ ਚੁੱਕੇ ਹਨ। ਹਾਲਾਂਕਿ ਪੁਲਿਸ ਨੇ ਮਾਮਲੇ ਦੀ ਜਾਂਚ ਕਰਕੇ ਸੁਰਾਗ ਲੱਭ ਲਿਆ ਹੈ ਅਤੇ ਅਜਿਹੀ ਜਾਣਕਾਰੀ ਵੀ ਮਿਲੀ ਹੈ ਕਿ ਇਹ ਸਾਰੇ ਬੱਚੇ ਪੱਛਮੀ ਬੰਗਾਲ ਤੋਂ ਮਿਲੇ ਹਨ। ਪੁਲਿਸ ਦੀ ਟੀਮ ਬੱਚਿਆਂ ਨੂੰ ਲੈਣ ਲਈ ਪੱਛਮੀ ਬੰਗਾਲ ਗਈ ਹੋਈ ਹੈ ਪਰ ਹਾਲੇ ਵੀ ਦੋਸ਼ੀ ਪਕੜੇ ਨਹੀਂ ਗਏ ਹਨ। ਇਸ ਤੋਂ ਪਹਿਲਾਂ ਵੀ ਬੱਚਿਆਂ ਦੇ ਅਗਵਾ ਹੋਣ ਦੀਆਂ ਘਟਨਾਵਾਂ ਸਾਹਮਣੇ ਆ ਚੁੱਕੀਆਂ ਹਨ। ਪਟਿਆਲਾ ਦੀ ਜੇਲ੍ਹ ਵਿਚ ਬੰਦ ਇਕ ਬੱਚੇ ਦੇ ਅਗਵਾਕਾਰ ਅਤੇ ਕਾਤਲਾਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਜਾਣੀ ਹੈ, ਜੋ ਫਿਲਹਾਲ ਟਲ ਗਈ ਹੈ। ਕੁਝ ਦਿਨ ਪਹਿਲਾਂ ਕਪੂਰਥਲਾ ਦੇ ਜਸਕਿਰਤ ਅਗਵਾ ਕਾਂਡ ਅਤੇ ਉਸਦੀ ਹੱਤਿਆ, ਫਰੀਦਕੋਟ ਅਤੇ ਬਠਿੰਡਾ ਵਿਚ ਬੱਚਿਆਂ ਦੇ ਅਗਵਾ ਦੀਆਂ ਘਟਨਾਵਾਂ ਨਾਲ ਵੀ ਸੂਬੇ ਵਿਚ ਸਨਸਨੀ ਫੈਲ ਚੁੱਕੀ ਹੈ। ਜੁਲਾਈ ਮਹੀਨੇ ਵਿਚ ਤਾਂ ਪੁਲਿਸ ਨੇ ਹੀ ਇਹ ਖੁਲਾਸਾ ਕੀਤਾ ਸੀ ਕਿ ਜਲੰਧਰ ਅਤੇ ਆਸ ਪਾਸ ਦੇ ਜ਼ਿਲ੍ਹਿਆਂ ਤੋਂ ਕਰੀਬ 13 ਬੱਚੇ ਅਗਵਾ ਕਰਕੇ ਉਹਨਾਂ ਨੂੰ ਵਿਦੇਸ਼ਾਂ ਵਿਚ ਵੇਚਿਆ ਗਿਆ ਹੈ। ਜਲੰਧਰ ਪੁਲਿਸ ਨੇ ਅਗਵਾ ਬੱਚਿਆਂ ਦੀ ਪਛਾਣ ਕਰਕੇ ਉਹਨਾਂ ਦੀ ਸੂਚੀ ਜਾਰੀ ਕੀਤੀ ਸੀ ਪਰ ਇਹ ਬੇਹੱਦ ਬਦਕਿਸਮਤੀ ਵਾਲੀ ਗੱਲ ਹੈ ਕਿ ਇਹਨਾਂ ਵਿਚੋਂ ਕਿਸੇ ਵੀ ਬੱਚੇ ਦੀ ਬਰਾਮਦਗੀ ਨਹੀਂ ਹੋਈ। ਇਹਨਾਂ ਘਟਨਾਵਾਂ ਤੋਂ ਇਹ ਸਪਸ਼ਟ ਹੈ ਕਿ ਸੂਬੇ ਵਿਚ ਵੱਡੇ ਪੱਧਰ ਤੇ ਬੱਚਿਆਂ ਨੂੰ ਚੋਰੀ ਕਰਨ ਵਾਲਾ ਗਿਰੋਹ ਸਰਗਰਮ ਹੈ। ਜੋ ਜ਼ਿਆਦਾ ਚਿੰਤਾ ਵਾਲੀ ਗੱਲ ਹੈ, ਉਹ ਇਹ ਕਿ ਨਾ ਤਾਂ ਗਿਰੋਹ ਦਾ ਪੂਰੀ ਤਰ੍ਹਾਂ ਪਰਦਾਫਾਸ਼ ਹੋ ਸਕਿਆ ਹੈ ਅਤੇ ਨਾ ਹੀ ਸਾਰੇ ਬੱਚਿਆਂ ਦੀ ਬਰਾਮਦਗੀ ਹੋਈ ਹੈ। ਇਹ ਪੁਲਿਸ ਦੇ ਲਈ ਵੀ ਗੰਭੀਰ ਚੁਣੌਤੀ ਦਾ ਵਿਸ਼ਾ ਹੈ ਕਿ ਅਜਿਹੀਆਂ ਘਟਨਾਵਾਂ ਨੂੰ ਰੋਕਿਆ ਨਹੀਂ ਜਾ ਰਿਹਾ।

ਦਰਅਸਲ ਪੰਜਾਬ ਵਿਚ ਪੁਲਿਸ ਦੇ ਕੰਮ ਕਰਨ ਦਾ ਤਰੀਕਾ ਬਹੁਤ ਹੀ ਮੰਦਭਾਗਾ ਹੈ। ਪੰਜਾਬ ਪੁਲਿਸ ਨਾ ਤਾਂ ਪੂਰੀ ਤਰ੍ਹਾਂ ਪ੍ਰੋਫੈਸ਼ਨਲ ਹੈ ਅਤੇ ਨਾ ਹੀ ਇਹ ਸਿਆਸੀ ਜਕੜ ਵਿਚੋਂ ਨਿਕਲ ਸਕੀ ਹੈ। ਬੱਚਿਆਂ ਦੀ ਚੋਰੀ ਉਹਨਾਂ ਦੇ ਭਵਿੱਖ ਨਾਲ ਖਿਲਵਾੜ ਹੀ ਨਹੀਂ, ਬਲਕਿ ਸਮਾਜ ਅੰਦਰ ਵੀ ਗੰਭੀਰ ਅਪਰਾਧ ਹੈ। ਇਸ ਕਾਰਨ ਸਮਾਜ ਵਿਚ ਅਸਥਿਰਤਾ ਵਾਲਾ ਮਾਹੌਲ ਫੈਲਦਾ ਹੈ ਅਤੇ ਮਾਪਿਆਂ ਦੀ ਬੱਚਿਆਂ ਪ੍ਰਤੀ ਚਿੰਤਾ ਨਿਰੰਤਰ ਵਧਦੀ ਜਾਂਦੀ ਹੈ। ਅਜਿਹੇ ਮਾਹੌਲ ਵਿਚ ਰਹਿਣਾ ਅਤੇ ਬੱਚਿਆਂ ਦਾ ਬਾਹਰ ਨਿਕਲਣਾ ਬਹੁਤ ਮੁਸ਼ਕਿਲ ਹੁੰਦਾ ਜਾ ਰਿਹਾ ਹੈ। ਕੀ ਇਸ ਸਮੱਸਿਆ ਦਾ ਕੋਈ ਹੱਲ ਸੰਭਵ ਹੈ। ਆਮ ਲੋਕਾਂ ਦੇ ਕੋਲ ਇੰਨੇ ਸਾਧਨ ਨਹੀਂ ਕਿ ਉਹ ਆਪਣੇ ਬੱਚਿਆਂ ਦੀ ਪੂਰਨ ਸੁਰੱਖਿਆ ਲਈ ਹਰ ਵਕਤ ਇਕ ਬਾਡੀਗਾਰਡ ਉਹਨਾਂ ਨਾਲ ਭੇਜ ਸਕਣ। ਪੰਜਾਬ ਪੁਲਿਸ ਇਸ ਗੱਲ ਨੂੰ ਗੰਭੀਰਤਾ ਨਾਲ ਲੈਂਦੀ ਨਹੀਂ ਅਤੇ ਮਾਪੇ ਬੜੀ ਮੁਸ਼ਕਿਲ ਵਿਚ ਫਸ ਜਾਂਦੇ ਹਨ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਮਾਦੇ ਤੋਂ ਮਨੁੱਖ ਤੱਕ (ਜੀਵ ਵਿਕਾਸ ਦੀ ਕਹਾਣੀ)



ਮੇਘ ਰਾਜ ਮਿੱਤਰ
+91-98887-87440

(ਛੇਵੀ ਕਿਸਤ)

**ਬੁੱਧ–** ਇਹ ਗ੍ਰਹਿ ਸੂਰਜ ਦੇ ਸਭ ਤੋਂ ਨੇੜੇ ਹੈ। ਇਹ ਸੂਰਜ ਦੁਆਲੇ 88 ਦਿਨ ਵਿੱਚ ਇੱਕ ਚੱਕਰ ਲਾਉਂਦਾ ਤੇ ਆਪਣੀ ਧੁਰੀ ਦੁਆਲੇ ਵੀ ਇਹ ਚੱਕਰ 88 ਦਿਨ ਵਿੱਚ ਹੀ ਪੂਰਾ ਕਰਦਾ ਹੈ। ਇਸ ਲਈ ਇਸਦਾ ਇਕ ਸਾਲ ਧਰਤੀ ਦੇ 88 ਦਿਨ ਦੇ ਬਰਾਬਰ ਹੁੰਦਾ ਹੈ। ਇਸ ਤਰਖ਼ਾਂ ਬੁੱਧ ਹੀ ਸਾਡੇ ਗ੍ਰਹਿ ਮੰਡਲ ਦਾ ਇੱਕੋ ਇੱਕ ਅਜਿਹਾ ਗ੍ਰਹਿ ਹੈ ਜਿਥੇ ਦਿਨ ਤੇ ਸਾਲ ਦਾ ਸਮਾਂ ਬਰਾਬਰ ਹੁੰਦਾ ਹੈ। ਸੂਰਜ ਦੇ ਬਹੁਤ ਨੇੜੇ ਹੋਣ ਕਾਰਨ ਇਸ ਤੇ ਗਰਮੀ ਬਹੁਤ ਜ਼ਿਆਦਾ ਪੈਂਦੀ ਹੈ। ਪਾਣੀ ਤੇ ਆਕਸੀਜਨ ਦਾ ਵੀ ਨਾਮੋ ਨਿਸ਼ਾਨ ਨਹੀਂ ਹੈ। ਇਹਨਾਂ ਕਾਰਨਾਂ ਕਰਕੇ ਇਸ ਤੇ ਜੀਵਾਂ ਦੀ ਕਿਸੇ ਵੀ ਜਾਤੀ ਦੀ ਹੋਂਦ ਦਾ ਕੋਈ ਸੁਆਲ ਹੀ ਪੈਦਾ ਨਹੀਂ ਹੁੰਦਾ। ਇਸ ਗ੍ਰਹਿ ਦਾ ਭਾਰ ਘੱਟ ਹੋਣ ਕਾਰਨ ਗੁਰੂਤਾ ਆਕਰਸ਼ਨ ਵੀ ਘੱਟ ਹੈ। ਇਸ ਲਈ ਗ੍ਰਹਿ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਪੈਦਾ ਹੋਈਆਂ ਗੈਸਾਂ ਨੂੰ ਇਹ ਗ੍ਰਹਿ ਸੰਭਾਲ ਕੇ ਨਾ ਰੱਖ ਸਕਿਆ। ਇਹ ਗੈਸਾਂ ਪੁਲਾੜ ਵਿਚ ਖਿੱਲਰ ਗਈਆਂ। ਜੇ ਧਰਤੀ ਤੇ ਤੁਹਾਡਾ ਭਾਰ 60 ਕਿਲੋ ਹੈ ਤਾਂ ਇਸ ਗ੍ਰਹਿ ਤੇ ਤੁਹਾਡਾ ਵਜ਼ਨ ਸਿਰਫ 15 ਕਿਲੋ ਰਹਿ ਜਾਵੇਗਾ। ਇਸ ਗ੍ਰਹਿ ਤੇ ਪਹੁੰਚ ਕੇ ਤੁਹਾਨੂੰ ਉੱਚੀਆਂ ਛਾਲਾਂ ਮਾਰਨ ਵਿੱਚ ਬਹੁਤ ਹੀ ਆਨੰਦ ਆਵੇਗਾ। ਕੰਧਾਂ ਕੋਠਿਆਂ ਦੇ ਬਰਾਬਰ ਦੀਆਂ ਉਚਾਈਆਂ ਤੁਸੀਂ ਆਰਾਮ ਨਾਲ ਹੀ ਇਸ ਗ੍ਰਹਿ ਤੇ ਟੱਪ ਸਕਦੇ ਹੋ।


**ਸ਼ੁੱਕਰ –** ਸੂਰਜ ਮੰਡਲ ਦੇ ਦੂਸਰੇ ਗ੍ਰਹਿ ਦਾ ਨਾਂ ਸ਼ੁੱਕਰ ਹੈ। ਇਹ 225 ਦਿਨਾਂ ਵਿੱਚ ਸੂਰਜ ਦੁਆਲੇ ਇੱਕ ਚੱਕਰ ਪੂਰਾ ਕਰਦਾ ਹੈ। ਇਸ ਲਈ ਇਸਦਾ ਸਾਲ ਧਰਤੀ ਦੇ 225 ਦਿਨਾਂ ਦੇ ਬਰਾਬਰ ਹੁੰਦਾ ਹੈ। ਆਪਣੇ ਧੁਰੇ ਦੁਆਲੇ ਇਹ ਚੱਕਰ 12 ਦਿਨ ਵਿੱਚ ਪੂਰਾ ਕਰਦਾ ਹੈ। ਇਹ ਆਕਾਰ ਵਿੱਚ ਲਗਭੱਗ ਸਾਡੀ ਧਰਤੀ ਜਿੱਡਾ ਹੀ ਹੈ। ਸੂਰਜ ਦੇ ਨਜ਼ਦੀਕ ਹੋਣ ਅਤੇ ਦਿਨ ਵੱਡੇ ਹੋਣ ਕਾਰਨ ਇੱਥੇ ਵੀ ਬੇਹੱਦ ਗਰਮੀ ਪੈਂਦੀ ਹੈ। ਰਾਤਾਂ ਲੰਬੀਆਂ ਹੋਣ ਕਰਕੇ ਸਰਦੀ ਦੀ ਵੀ ਕੋਈ ਸੀਮਾ ਨਹੀਂ ਰਹਿੰਦੀ। ਗਰਮੀ ਤੇ ਠੰਡ ਦੀਆਂ ਅਜਿਹੀਆਂ ਹਾਲਤਾਂ ਵਿੱਚ ਜੀਵ ਜੰਤੂ ਕਿਵੇ ਰਹਿ ਸਕਦੇ ਹਨ। ਸੂਰਜ ਤੋਂ ਇਸਦੀ ਦੂਰੀ 10 ਕਰੋੜ 72 ਲੱਖ ਕਿਲੋਮੀਟਰ ਹੈ।

**ਪ੍ਰਿਥਵੀ–** ਸਾਡੀ ਧਰਤੀ ਸੂਰਜ ਦਾ ਤੀਸਰਾ ਗ੍ਰਹਿ ਹੈ। ਇਸ ਧਰਤੀ ਤੇ ਅਸੀਂ ਰਹਿੰਦੇ ਹਾਂ। ਇਸ ਲਈ ਇਹ ਸਾਡੇ ਲਈ ਬਹੁਤ ਹੀ ਮਹੱਤਵਪੂਰਣ ਹੈ। ਇਸ ਕਰਕੇ ਇਸ ਗ੍ਰਹਿ ਬਾਰੇ ਜਾਣਕਾਰੀ ਤੁਸੀਂ ਅਗਲੇ ਕੁਝ ਪੰਨਿਆਂ ਵਿਚ ਪੜਖ਼ੋਗੇ। ਧਰਤੀ ਦਾ ਉਪ-ਗ੍ਰਹਿ ਚੰਨ ਹੈ ਜੋ ਸਾਡੀ ਧਰਤੀ ਦੁਆਲੇ ਚੱਕਰ ਲਾਉਂਦਾ ਰਹਿੰਦਾ ਹੈ। ਆਓ ਇਸ ਦੀ ਯਾਤਰਾ ਵੀ ਕਰੀਏ ਅਤੇ ਵੇਖੀਏ ਕਿ ਇਸ ਉੱਤੇ ਕੀ ਹੋ ਰਿਹਾ ਹੈ। ਚੰਨ ਧਰਤੀ ਤੋਂ 3,84000 ਕਿਲੋਮੀਟਰ ਦੀ ਦੂਰੀ ਤੇ ਹੈ ਇਸ ਲਈ ਪ੍ਰਕਾਸ਼ 1.33 ਸੈਕਿੰਡ ਵਿੱਚ ਧਰਤੀ ਤੋਂ ਚੰਦਰਮਾ ਅਤੇ ਚੰਦਰਮਾ ਤੋਂ ਧਰਤੀ ਤੇ ਪੁੱਜ ਜਾਂਦਾ ਹੈ। ਚੰਨ ਧਰਤੀ ਦੁਆਲੇ ਇੱਕ ਚੱਕਰ 29 ਦਿਨ 12 ਘੰਟੇ ਤੇ 44 ਮਿੰਟ ਵਿੱਚ ਪੂਰਾ ਕਰਦਾ ਹੈ। ਜਦੋਂ ਇਹ ਘੁੰਮਦਾ ਹੋਇਆ ਧਰਤੀ ਤੇ ਸੂਰਜ ਦੇ ਵਿਚਕਾਰ ਆ ਜਾਂਦਾ ਹੈ ਤਾਂ ਧਰਤੀ ਤੇ ਵਸਨੀਕਾਂ ਨੂੰ ਇਸਦਾ ਕੁਝ ਭਾਗ ਵਿਖਾਈ ਦੇਣੋ ਬੰਦ ਹੋ ਜਾਂਦਾ ਹੈ। ਇਸ ਨੂੰ ਸੂਰਜ ਗ੍ਰਹਿਣ ਆਖਦੇ ਹਨ ਕਿਉਂਕਿ ਚੰਦ ਦੀ ਆਪਣੀ ਕੋਈ ਰੋਸ਼ਨੀ ਨਹੀਂ ਹੈ ਅਤੇ ਇਹ ਸਿਰਫ ਸੂਰਜ ਦੇ ਪ੍ਰਕਾਸ਼ ਕਰਕੇ ਹੀ ਵਿਖਾਈ ਦਿੰਦਾ ਹੈ। ਇਸ ਕਾਰਨ ਜਦੋਂ ਧਰਤੀ, ਸੂਰਜ ਤੇ ਚੰਦ ਦੇ ਵਿਚਕਾਰ ਆ ਜਾਂਦੀ ਹੈ ਤਾਂ ਇਹ ਸੂਰਜ ਦੀਆਂ ਕਿਰਨਾਂ ਨੂੰ ਚੰਦ ਤੇ ਪੈਣੋ ਰੋਕ ਲੈਂਦੀ ਹੈ। ਇਸ ਲਈ ਧਰਤੀ ਦੇ ਲੋਕਾਂ ਨੂੰ ਚੰਦ ਦਾ ਕੁਝ ਭਾਗ ਵਿਖਾਈ ਦੇਣੋਂ ਹਟ ਜਾਂਦਾ ਹੈ। ਇਸ ਨੂੰ ਚੰਦ ਗ੍ਰਹਿਣ ਕਿਹਾ ਜਾਂਦਾ ਹੈ। ਚੰਦਰਮਾ ਦੀ ਗੁਰੂਤਾ ਆਕਰਸ਼ਣ ਸ਼ਕਤੀ ਬਹੁਤ ਹੀ ਘੱਟ ਹੈ। ਜਿਸ ਵਿਅਕਤੀ ਦਾ ਭਾਰ ਧਰਤੀ ਤੇ 60 ਕਿਲੋ ਹੈ ਚੰਦਰਮਾ ਤੇ ਉਸਦਾ ਭਾਰ ਸਿਰਫ 10 ਕਿਲੋ ਹੁੰਦਾ ਹੈ। ਚੰਦਰਮਾ ਤੇ ਵਾਯੂਮੰਡਲ ਨਹੀਂ ਹੈ ਇਸ ਲਈ ਕੋਈ ਵੀ ਜੀਵ ਜੰਤੂ ਇਸ ਤੇ ਕੁਦਰਤੀ ਹਾਲਤਾਂ ਵਿਚ ਜਿਉਂਦਾ ਨਹੀਂ ਰਹਿ ਸਕਦਾ ਕਿਉਂਕਿ ਆਵਾਜ਼ ਦੇ ਚੱਲਣ ਲਈ ਹਵਾ ਵਰਗੇ ਕਿਸੇ ਮਾਧਿਅਮ ਦੀ ਲੋੜ ਹੁੰਦੀ ਹੈ। ਮਾਧਿਅਮ ਨਾ ਹੋਣ ਕਰਕੇ ਚੰਦਰਮਾ ਤੇ ਗੱਲਬਾਤ ਸਿੱਧੀ ਨਹੀਂ ਕੀਤੀ ਜਾ ਸਕਦੀ ਹੈ। ਪਰ ਵਾਇਰਲੈਸ ਰਾਹੀਂ ਗੱਲਬਾਤ ਕੀਤੀ ਜਾ ਸਕਦੀ ਹੈ। ਨੀਲ ਆਰਮ ਸਟਰਾਂਗ ਤੇ ਐਲਡਰੀਨ ਨਾਂ ਦੇ ਦੋ ਅਮਰੀਕੀ ਪੁਲਾੜ ਯਾਤਰੀ 21 ਜੁਲਾਈ 1969 ਨੂੰ ਚੰਦਰਮਾ ਤੇ ਪੈਰ ਰੱਖਣ ਵਾਲੇ ਪਹਿਲੇ ਵਿਅਕਤੀ ਸਨ। ਵਿਗਿਆਨੀਆਂ ਨੇ ਚੰਨ ਬਾਰੇ ਜਿਹੜੀਆਂ ਗੱਲਾਂ ਧਰਤੀ 'ਤੇ ਬੈਠਿਆਂ ਹੀ ਦੱਸ ਦਿੱਤੀਆਂ ਸਨ ਉਹ ਪੁਲਾੜ ਯਾਤਰੀਆਂ ਦੇ ਉੱਥੇ ਉਤਰਨ ਸਮੇਂ ਠੀਕ ਸਿੱਧ ਹੋਈਆਂ।

**ਮੰਗਲ–** ਮੰਗਲ ਸਾਡੇ ਗ੍ਰਹਿ ਮੰਡਲ ਦਾ ਚੌਥਾ ਗ੍ਰਹਿ ਹੈ। ਇਹ ਗ੍ਰਹਿ ਸਾਡੀ ਧਰਤੀ ਤੋਂ ਸੱਤ ਕਰੋੜ ਕਿਲੋਮੀਟਰ ਦੀ ਦੂਰੀ ਤੇ ਹੈ ਪਰ 1995 ਵਿੱਚ ਇਹ ਗ੍ਰਹਿ ਸਾਥੋਂ ਸਿਰਫ ਸਾਢੇ ਪੰਜ ਕਰੋੜ ਕਿਲੋਮੀਟਰ ਦੀ ਦੂਰੀ ਤੇ ਹੋਵੇਗਾ। ਸਾਡੀ ਧਰਤੀ ਦਾ ਸਿਰਫ ਇੱਕੋ ਚੰਨ ਹੈ, ਪਰ ਮੰਗਲ ਤਾਂ ਅਜਿਹੇ ਦੋ ਚੰਨ ਲਈ ਬੈਠਾ ਹੈ। ਇਸ ਗ੍ਰਹਿ ਦਾ ਰੰਗ ਲਾਲ ਹੈ। ਧਰਤੀ ਤੋਂ ਸੂਰਜ ਦੀ ਦੂਰੀ ਦੇ ਮੁਕਾਬਲੇ ਮੰਗਲ ਦੀ ਸੂਰਜ ਤੋਂ ਦੂਰੀ ਵੱਧ ਹੈ। ਇਸ ਲਈ ਇਸ ਗ੍ਰਹਿ ਤੇ ਤਾਪਮਾਨ ਧਰਤੀ ਨਾਲੋਂ ਘੱਟ ਹੈ। ਜੀਵ ਜੰਤੂਆਂ ਲਈ ਇੱਥੇ ਵੀ ਹਾਲਤਾਂ ਸਾਜਗਾਰ ਨਹੀਂ ਹਨ। ਇਸ ਲਈ ਇਹ ਗ੍ਰਹਿ ਵੀ ਇਹਨਾਂ ਤੋਂ ਵਾਂਝਾ ਹੈ।

**ਬ੍ਰਹਸਪਤੀ–** ਸੂਰਜ ਮੰਡਲ ਦਾ ਪੰਜਵਾਂ ਗ੍ਰਹਿ ਬ੍ਰਹਸਪਤੀ ਹੈ। ਇਹ ਸਾਡੇ ਸੂਰਜ ਮੰਡਲ ਦੇ ਸਾਰੇ ਗ੍ਰਹਿਆਂ ਨਾਲੋਂ ਵੱਡਾ ਹੈ। ਇਹ ਪ੍ਰਿਥਵੀ ਨਾਲੋਂ 17 ਗੁਣਾ ਭਾਰੀ ਹੈ। ਵੱਧ ਭਾਰ ਕਾਰਨ ਇਸਦਾ ਗੁਰੂਤਾ ਆਕਰਸ਼ਣ ਸ਼ਕਤੀ ਵੀ ਵੱਧ ਹੈ ਇਸ ਲਈ 60 ਕਿਲੋ ਭਾਰਾ ਵਿਅਕਤੀ ਇਸ ਗ੍ਰਹਿ 'ਤੇ ਜਾ ਕੇ 140 ਕਿਲੋ ਭਾਰ ਵਾਲਾ ਬਣ ਜਾਂਦਾ ਹੈ। ਇਹ ਆਕਾਰ ਵਿੱਚ ਧਰਤੀ ਨਾਲੋਂ 1300 ਗੁਣਾ ਵੱਡਾ ਹੈ।

(ਚਲਦਾ)



## ਪੁਣਛਾਣ



ਪੰਮੀ ਲਾਲੋ ਮਜਾਰਾ
91-95011-43755

### ਸਿਆਸਤ ਦੀ ਪੁਣਛਾਣ

# ਆਪ ਤੇ ਕਾਂਗਰਸ ਨੂੰ ਹਰਾਉਣ ਲਈ

## ਕੀ ਬਸਪਾ ਤੇ ਅਕਾਲੀ ਦਲ ਦਾ ਗੱਠਜੋੜ ਸੰਭਵ ਹੈ?

ਰਾਜਨੀਤੀ ਸੰਭਾਵਨਾਵਾਂ ਦੀ ਖੇਡ ਹੈ ਜਾਂ ਇਉਂ ਕਹਿ ਲਓ ਕਿ ਰਾਜਨੀਤੀ ਵਿਚ ਨਾ ਕੋਈ ਚਿਰ-ਸਥਾਈ ਦੋਸਤ ਹੀ ਹੁੰਦਾ ਹੈ ਤੇ ਨਾ ਹੀ ਕੋਈ ਦੁਸ਼ਮਣ। ਅਸੂਲਾਂ ਦੇ ਸਿਰ 'ਤੇ ਰਾਜਨੀਤੀ ਤਾਂ ਹੋ ਹੀ ਨਹੀਂ ਸਕਦੀ। ਲੱਖ ਟਕੇ ਦਾ ਸਵਾਲ ਇਹ ਹੈ ਕਿ ਕੀ ਹਾਲੇ ਵੀ ਕਿਤੇ ਨਾ ਕਿਤੇ ਬਸਪਾ ਦਾ ਤੇ ਅਕਾਲੀ ਦਲ ਦਾ ਆਪਸ ਵਿਚ ਗੱਠਜੋੜ ਹੋ ਸਕਦਾ ਹੈ। ਕਿਉਂਕਿ ਅਤੀਤ ਵਿਚ ਦੋਵੇਂ ਪਾਰਟੀਆਂ ਦਾ ਸਮਝੌਤਾ ਹੋ ਵੀ ਚੁੱਕਿਆ ਹੈ ਤੇ ਸਫਲ ਵੀ ਰਹਿ ਚੁੱਕਾ ਹੈ। ਕਈ ਸਿਆਸੀ ਮਾਹਿਰ ਇਹ ਅੰਦਾਜ਼ਾ ਲਾਉਂਦੇ ਹਨ ਕਿ 4-5 ਕੋਨੇ ਮੁਕਾਬਲੇ ਵਿਚ ਅਕਾਲੀ ਦਲ ਸ਼ਾਇਦ ਫਿਰ ਬਾਜ਼ੀ ਮਾਰ ਜਾਵੇ। ਇਹੀ ਸੋਚ ਬਸਪਾ ਦੀ ਵੀ ਹੈ ਤੇ ਬਾਕੀ ਪਾਰਟੀਆਂ ਦੀ ਵੀ। ਪੰਜਾਬ ਦੀ ਸਿਆਸੀ ਸਥਿਤੀ ਤਿਲਕਵੇਂ ਫਰਸ਼ ਵਾਲੀ ਬਣੀ ਹੋਈ ਹੈ, ਪਤਾ ਨਹੀਂ ਕਿਹੜਾ ਤਕੜਾ ਭਲਵਾਨ ਆਖਿਰ ਨੂੰ ਸਿਰ ਪਰਨੇ ਜਾ ਡਿੱਗੇ। ਜੇ ਜਰਵਿਆਂ ਮਗਰ ਲਾਈਏ ਤਾਂ ਆਪ ਤੇ ਕਾਂਗਰਸ ਵਿਚ ਫਸਵੀਂ ਟੱਕਰ ਬਣੀ ਹੋਈ ਹੈ ਤੇ ਅਕਾਲੀ ਦਲ ਤੀਸਰੇ ਨੰਬਰ ਤੇ ਪੱਛੜਦਾ ਆ ਰਿਹਾਹੈ। ਜੇ ਅਕਾਲੀ ਦਲ ਇਹਨਾਂ ਸਰਵਿਆਂ ਨੂੰ ਨਕਾਰਦਾ ਹੈ ਤਾਂ ਮੰਨ ਕੇ ਚੱਲਦੇ ਹਾਂ ਕਿ ਉਹ ਦੂਸਰੇ ਨੰਬਰ 'ਤੇ ਚੱਲ ਰਿਹਾ ਹੈ। ਫਿਰ ਇਕ ਨੰਬਰ 'ਤੇ ਕਿਵੇਂ ਪਹੁੰਚਿਆ ਜਾਵੇ। ਜੇ ਵੇਖਿਆ ਜਾਵੇ ਤਾਂ ਪੰਜਾਬ ਦੇ ਸਿਆਸੀ ਹਾਲਤ ਅਕਾਲੀ ਦੇ ਦੇ ਅਨਕੂਲ ਨਜ਼ਰ ਨਹੀਂ ਆ ਰਹੇ। ਕਿਉਂਕਿ ਭਾਜਪਾ ਦਾ ਸ਼ਹਿਰੀ ਵੋਟ ਬੈਂਕ ਜਾਂ ਤਾਂ ਕਾਂਗਰਸ ਨੂੰ ਟਰਾਂਸਫਰ ਹੋ ਜਾਵੇਗਾ ਤੇ ਜਾਂ ਆਮ ਆਦਮੀ ਪਾਰਟੀ ਨੂੰ। ਵੇਖਿਆ ਜਾਵੇ ਤਾਂ ਫਿਲਹਾਲ ਅਕਾਲੀ ਦਲ ਤੇ ਭਾਜਪਾ ਦਾ ਹਨੀਮੂਨ ਖਤਮ ਹੋ ਚੁੱਕਾ ਹੈ। ਦੋਵਾਂ ਦਲਾਂ ਦੇ ਰਿਸ਼ਤੇ ਮਜ਼ਬੂਤੀ 'ਚ ਬੰਨ੍ਹੇ ਨਜ਼ਰ ਆ ਰਹੇ ਹਨ। ਹੁਣ ਤੱਕ ਮੋਦੀ ਸਰਕਾਰ ਤੇ ਜੇ ਨਜ਼ਰ ਦੌੜਾਈ ਜਾਵੇ ਤਾਂ ਕੇਂਦਰ ਦੀ ਇਸ ਸਰਕਾਰ ਨੇ ਪੰਜਾਬੀਆਂ ਨੂੰ ਨਿਰਾਸ਼ ਹੀ ਕੀਤਾ ਹੈ। ਨਾ ਕੋਈ ਸੂਬੇ ਨੂੰ ਵੱਡਾ ਆਰਥਿਕ ਪੈਕੇਜ਼ ਤੇ ਨਾ ਹੀ ਕੋਈ ਵੱਡੀ ਰਾਹਤ ਹੀ। ਸਿਰਫ ਨੀਲੇ ਪੀਲੇ ਕਾਰਡਾਂ ਤੇ ਗੈਸ ਸਿਲੰਡਰਾਂ ਦੇ ਆਸਰੇ ਹੀ ਤਾਂ ਚੋਣਾਂ ਨਹੀਂ ਜਿੱਤੀਆਂ ਜਾ ਸਕਦੀਆਂ। ਨਾ ਤਾਂ ਹੁਣ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲੇ ਅਪਰਾਧੀਆਂ ਨੂੰ ਹੀ ਸੀ. ਬੀ. ਆਈ ਗ੍ਰਿਫਤਾਰ ਕਰ ਸਕੀ ਹੈ ਤੇ ਨਾ ਹੀ ਕੇਂਦਰੀ ਖੁਫੀਆ ਏਜੰਸੀਆਂ ਗੁਰਦਾਸਪੁਰ ਤੇ ਪਠਾਨਕੋਟ ਹਮਲਿਆਂ ਬਾਬਤ ਪਹਿਲਾਂ ਹੀ ਕੋਈ ਸੂਬਾ ਸਰਕਾਰ ਨੂੰ ਸੁਚੇਤ ਕਰ ਸਕੀਆਂ। ਦਲਿਤਾਂ 'ਤੇ ਹੋਏ ਹਮਲਿਆਂ ਨੇ ਵੀ ਦਲਿਤ ਸਮਾਜ ਤੇ ਅਕਾਲੀ ਦਲ ਵਿਚ ਪਾੜਾ ਪਾਉਣ ਦਾ ਕੰਮ ਕੀਤਾ ਹੈ। ਵਿਕਾਸ ਦੀਆਂ ਗੱਲਾਂ ਘੱਟ ਤੇ ਥਾਂ-ਥਾਂ ਤੇ ਖੁੱਲ੍ਹੀਆਂ ਹੱਟੀਆਂ ਭੱਠੀਆਂ ਤੇ ਨਸ਼ੇ ਦੇ ਨਾਲ ਜਵਾਨੀ ਦੇ ਹੋਏ ਵਿਨਾਸ਼ ਦੀਆਂ ਗੱਲਾਂ ਜ਼ਿਆਦਾ ਹੋ ਰਹੀਆਂ ਹਨ। ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਭਾਜਪਾ ਸ਼ਾਇਦ ਆਪਣੇ ਹਿੱਸੇ ਦੀਆਂ ਸੀਟਾਂ 'ਚੋਂ ਖਾਤਾ ਵੀ ਨਾ ਖੋਲ੍ਹ ਸਕੇ। ਮਾਰਚ-ਅਪ੍ਰੈਲ ਵਿਚ ਹੋਈਆਂ ਕਈ ਸੂਬਿਆਂ 'ਚੋਂ ਅਸਾਮ ਨੂੰ ਛੱਡ ਕੇ ਚੌਂਹ ਸੂਬਿਆਂ 'ਚੋਂ ਮਸਾਂ 4 ਕੁ ਵਿਧਾਇਕ ਹੀ ਜਿਤਾ ਸਕੀ। ਦਿੱਲੀ ਤੇ ਬਿਹਾਰ ਵਿਚ ਜੋ ਹਾਲ ਭਾਜਪਾ ਦਾ ਹੋਇਆ, ਉਹ ਕਿਸੇ ਤੋਂ ਛੁਪਿਆ ਹੋਇਆ ਨਹੀਂ ਹੈ। ਜੰਮੂ-ਕਸ਼ਮੀਰ ਵਿਚ ਜਦੋਂ ਵੀ ਭਾਜਪਾ ਨੇ ਪੀ. ਡੀ. ਪੀ. ਨਾਲ ਮਿਲ ਕੇ ਸਰਕਾਰ ਬਣਾਈ ਹੈ, ਉਹ ਪੱਥਰਬਾਜ਼ੀ ਵੀ ਨਹੀਂ ਰੋਕ ਸਕੀ, ਸਰਹੱਦੋਂ ਪਾਰ ਹੋ ਰਹੀ ਗੋਲੀਬਾਰੀ ਤੇ ਘੁਸਪੈਠ ਕੀ ਰੋਕਣੀ ਹੈ। ਕੋਈ ਏਦਾਂ ਵੀ ਨਜ਼ਰ ਨਹੀਂ ਆ ਰਿਹਾ ਕਿ ਸ਼ਾਇਦ ਚੋਣਾਂ ਵਿਚ ਸਰਜ਼ੀਕਲ ਸਟ੍ਰਾਈਕ ਦਾ ਹੀ ਫਾਇਦਾ ਮਿਲ ਜਾਊ। ਸਰਹੱਦੀ ਸੂਬਾ ਕਰਕੇ ਪੰਜਾਬੀ ਜੰਗ ਨਹੀਂ ਚਾਹੁੰਦੇ, ਸਗੋਂ ਅਮਨ ਹੀ ਚਾਹੁੰਦੇ ਹਨ। ਕਿਉਂਕਿ ਜੰਗ ਵਿਚ ਜਿਹੜੇ ਉੱਜੜ ਜਾਂਦੇ ਹਨ, ਉਹਨਾਂ ਨੂੰ ਹੀ ਪਤਾ ਹੁੰਦਾ ਹੈ ਕਿ ਉਜਾੜਾ ਕੀ ਹੁੰਦਾ ਹੈ। ਖਾਸ ਕਰਕੇ 70 ਸਾਲ ਬਾਅਦ ਵੀ ਬਟਵਾਰੇ ਵੇਲੇ ਜਿਹੜਾ ਅਸਹਿ ਤੇ ਅਕਹਿ ਦੁੱਖ ਝੱਲਣਾ ਪਿਆ ਸੀ, ਉਸ ਦੁੱਖ ਦੇ ਨਾਸੂਰ ਹਾਲੇ ਵੀ ਮਹਿਸੂਸ ਕੀਤੇ ਜਾ ਸਕਦੇ ਹਨ। ਇਸ ਵਾਰ ਅਕਾਲੀ ਦਲ ਲਈ ਸਮਝੌਤਾ ਕਰਨਾ ਮਜਬੂਰੀ ਬਣ ਗਿਆ ਹੈ। ਬਸਪਾ ਤੋਂ ਇਲਾਵਾ ਅਕਾਲੀ ਦਲ ਕੋਲ ਸਮਝੌਤੇ ਕਰਨ ਦਾ ਹੋਰ ਕੋਈ ਬਦਲ ਵੀ ਨਹੀਂ ਹੈ। ਉਹ ਵੱਖਰੀ ਗੱਲ ਹੈ ਕਿ ਇਸ ਵਾਰ ਬਸਪਾ ਦੀ ਅਕਾਲੀ ਦਲ ਦੇ ਖਿਲਾਫ ਹਮਲਾਵਰ ਚੋਣ ਮੁਹਿੰਮ ਚੱਲ ਰਹੀ ਹੈ। ਵੈਸੇ ਵੇਖਿਆ ਜਾਵੇ ਤਾਂ ਬਸਪਾ ਦੇ ਸੰਸਥਾਪਕ ਸਾਹਿਬ ਸ੍ਰੀ ਕਾਂਸ਼ੀ ਰਾਮ, ਜਿਸ ਪਾਰਟੀ ਦੇ ਖਿਲਾਫ ਸਭ ਤੋਂ ਵੱਧ ਬੋਲਦੇ ਹੁੰਦੇ ਸੀ, ਅਖੀਰ ਨੂੰ ਉਹ ਉਸ ਪਾਰਟੀ ਦੇ ਨਾਲ ਹੀ ਗੱਠਜੋੜ ਕਰ ਲੈਂਦੇ ਸੀ। ਉਹਨੀਂ ਕਦੇ ਵੀ ਆਪਣੀ ਮੰਸ਼ਾ ਨਹੀਂ ਸੀ ਲੁਕਾਈ। ਤਾਂ ਹੀ ਤਾਂ ਕਾਂਸ਼ੀ ਰਾਮ ਖੁਦ ਨੂੰ ਸਭ ਤੋਂ ਵੱਡਾ ਮੌਕਾਪ੍ਰਸਤ ਕਹਿੰਦੇ ਨਹੀਂ ਸੀ ਥੱਕਦੇ। ਇਸੇ ਕਰਕੇ ਅਕਾਲੀ ਦਲ ਨੇ ਜੇ ਆਪਣੀ ਸਿਆਸੀ ਵਿਰਾਸਤ ਬਚਾਉਣੀ ਹੈ ਤਾਂ ਪਹਿਲ-ਕਦਮੀ ਖੁਦ ਕਰਨੀ ਪਵੇਗੀ। ਹੋ ਸਕਦਾ ਸਿਆਸੀ ਮਜਬੂਰੀਆਂ ਨੂੰ ਵੇਖਦਿਆਂ ਬਸਪਾ ਦਾ ਰੁਖ ਵੀ ਕੁਝ ਨਰਮ ਪੈ ਜਾਵੇ। ਜੇ ਅਜਿਹਾ ਹੋ ਜਾਂਦਾ ਹੈ ਤਾਂ ਫਿਰ ਅਕਾਲੀ ਦਲ ਨੂੰ ਹੈਟ੍ਰਿਕ ਬਣਾਉਣ ਤੋਂ ਕੋਈ ਨਹੀਂ ਰੋਕ ਸਕਦਾ। ਕਿਉਂਕਿ ਜੇ ਪੰਥਕ ਵੋਟ ਲੱਗਭੱਗ ਅਕਾਲੀ ਦਲ ਦੇ ਨਾਲ ਹੈ ਤਾਂ ਰਵਿਦਾਸੀਆ ਭਾਈਚਾਰਾ ਵੀ ਲੱਗਭੱਗ ਬਸਪਾ ਦੇ ਨਾਲ ਹੀ ਹੈ।

ਖਾਸ ਕਰਕੇ ਦੁਆਬੇ ਦੀਆਂ ਦੋ ਦਰਜਨ ਸੀਟਾਂ 'ਤੇ ਕਿਸੇ ਵੀ ਖੱਬੀ ਖਾਨ ਨੂੰ ਹਰਾਉਣ ਦਾ ਦਮ ਰੱਖਦੀ ਹੈ। ਅਕਾਲੀ ਦਲ ਆਪਣੇ ਚਾਪਲੂਸ ਸਲਾਹਕਾਰਾਂ ਦੇ ਦਮ 'ਤੇ ਇਹ ਨਾ ਸੋਚੇ ਕਿ ਸੁੱਚਾ ਸਿੰਘ ਛੋਟੇਪੁਰ, ਆਮ ਆਦਮੀ ਪਾਰਟੀ ਨੂੰ ਕੋਈ ਬਹੁਤ ਵੱਡਾ ਨੁਕਸਾਨ ਪਹੁੰਚਾ ਦੇਵੇਗਾ ਤੇ ਅਕਾਲੀ ਦਲ ਦੀ ਵਾਪਸੀ ਹੋ ਜਾਵੇਗੀ। 2012 ਦੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਤਕੜੇ ਸਿਆਸੀ ਮਾਹਿਰ ਧੋਖਾ ਖਾ ਗਏ ਸਨ, ਜਿਹੜੇ ਇਹ ਸੋਚਦੇ ਸਨ ਕਿ ਮਨਪ੍ਰੀਤ ਬਾਦਲ ਕਰਕੇ ਸ਼ਾਇਦ ਅਕਾਲੀ ਦਲ ਬਹੁਤ ਵੱਡੇ ਨੁਕਸਾਨ 'ਚ ਰਹੇਗਾ। ਪਰ ਜਦ ਚੋਣ ਨਤੀਜੇ ਆਏ ਤਾਂ ਸਭ ਕੁਝ ਉਲਟਫੇਰ ਹੋ ਗਿਆ। ਅਕਾਲੀ ਦਲ ਨੂੰ ਇਹ ਮੰਨ ਕੇ ਚੱਲਣਾ ਪਊਗਾ ਕਿ ਉਹਨੂੰ ਕਾਂਗਰਸ ਤੇ ਆਪ ਨੂੰ ਮਜ਼ਬੂਤ ਟੱਕਰ ਦੇਣ ਲਈ ਬਸਪਾ ਨਾਲ ਗੱਠਜੋੜ ਕਰਨਾ ਵਕਤ ਦੀ ਮਜਬੂਰੀ ਹੈ। ਨਹੀਂ ਤਾਂ ਫਿਰ ਬਸਪਾ ਕੋਲ ਗੁਆਉਣ ਲਈ ਕੁਝ ਬਹੁਤਾ ਨਹੀਂ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)-6

## ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥?



ਅਵਤਾਰ ਸਿੰਘ ਮਿਸ਼ਨਰੀ
510-432-5827

ਸਚਿਆਰੇ ਕਿਵੇਂ ਬਣੀਏ, ਸਾਡੇ ਤੇ ਪ੍ਰਮਾਤਮਾਂ ਵਿਚਾਲੇ ਪਈ ਕੂੜ ਦੀ ਕੰਧ ਕਿਵੇਂ ਟੁੱਟੇ, ਭਾਵ ਮਨੁੱਖਾ ਜੀਵਨ ਸਫਲ ਤੇ ਸੰਪੂਰਨ ਕਿਵੇਂ ਹੋਵੇ? ਜਪੁਜੀ ਸਾਹਿਬ ਦੇ ਆਰੰਭ ਵਿੱਚ ਗੁਰੂ ਨਾਨਕ ਸਾਹਿਬ ਵੱਲੋਂ ਕੀਤੇ ਅਹਿਮ ਸਵਾਲ ਦਾ ਜਵਾਬ ਤੇ ਹੱਲ ਦੀ ਵਿਆਖਿਆ ਅੱਜ ਆਪਾਂ ਛੇਵੀਂ ਕਿਸ਼ਤ ਵਿੱਚ ਕਰ ਰਹੇ ਹਾਂ। ਹੁਕਮਿ ਰਜਾਈ ਚਲਣਾ, ਨਾਨਕ! ਲਿਖਿਆ ਨਾਲਿ॥੧॥ ਹੁਣ ਸਾਨੂੰ ਹੁਕਮ ਅਤੇ ਰਜਾ ਨੂੰ ਸਮਝਣਾ ਪਵੇਗਾ। ਹੁਕਮ ਦਾ ਅਰਥ ਆਗਿਆ, ਰਜ਼ਾ-ਕਰਤਾਰ ਦਾ ਭਾਣਾ, ਰਜ਼ਾਈ-ਕਰਤਾਰ ਦੀ ਰਜ਼ਾ, ਆਗਿਆ। ਹੁਕਮਿ ਰਜਾਈ ਚਲਣਾ, ਨਾਨਕ! ਲਿਖਿਆ ਨਾਲਿ॥੧॥ ਦੇ ਪ੍ਰਕਰਣ ਅਨੁਸਾਰ ਅਰਥ ਕਰਤਾਰ ਦੇ ਹੁਕਮ, ਰਜਾ, ਭਾਣੇ ਅਤੇ ਆਗਿਆ ਭਾਵ ਕਰਤਾਰੀ ਨਿਯਮ (ਸਿਸਟਮ) ਵਿੱਚ ਚੱਲਣ ਭਾਵ ਜੀਵਨ ਬਸਰ ਕਰਨ ਨਾਲ ਮਨੁੱਖਾ ਜੀਵਨ ਸਫਲ ਹੋ ਜਾਂਦਾ ਭਾਵ ਕੂੜ ਦੀ ਕੰਧ ਤੁੱਟ ਜਾਂਦੀ ਹੈ।

ਸਾਡੀ ਤ੍ਰਾਸਦੀ ਹੈ ਕਿ ਹੁਕਮ, ਰਜਾ, ਭਾਣਾ, ਆਗਿਆ ਜੋ ਰੱਬੀ ਭਗਤਾਂ ਅਤੇ ਸੱਚੇ ਗੁਰੂਆਂ ਦੁਆਰਾ ਗੁਰਬਾਣੀ ਗਿਆਨ (ਸ਼ਬਦ ਗੁਰੂ ਗ੍ਰੰਥ) ਦੇ ਰੂਪ ਵਿੱਚ ਸਾਨੂੰ ਮਿਲੀ, ਅਸੀਂ ਉਸ ਅਨੁਸਾਰ ਚਲਣਾ ਭਾਵ ਜੀਵਨ ਬਸਰ ਕਰਨਾ ਹੈ ਜਾਂ ਆਪੋ ਆਪਣੇ ਸੰਤਾਂ, ਮਹੰਤਾਂ, ਡੇਰੇਦਾਰ ਸੰਪ੍ਰਦਾਈਆਂ ਅਤੇ ਜਥੇਦਾਰ ਲੀਡਰਾਂ ਦੀ ਆਗਿਆ ਵਿੱਚ? ਇਨ੍ਹਾਂ ਚੋਂ ਬਹੁਤੇ ਲੋਕ ਰੱਬੀ ਹੁਕਮ ਦੀ ਗਲਤ ਵਿਆਖਿਆ ਕਰਕੇ, ਸਾਨੂੰ ਕੁਰਾਹੇ ਜਾਂ ਭੰਬਲ ਭੂਸੇ ਵਿੱਚ ਪਾ ਦਿੰਦੇ ਹਨ। ਅੱਜ ਸਿੱਖ ਕੌਮ ਦੀ ਖੁਵਾਰੀ ਅਤੇ ਫੁੱਟ ਦਾ ਕਾਰਣ ਵੀ ਇਹੀ ਹੈ ਕਿ ਉਸ ਦਾ ਵੱਡਾ ਹਿੱਸਾ ਹੁਕਮ ਡੇਰੇਦਾਰਾਂ, ਅਖੌਤੀ ਜਥੇਦਾਰਾਂ ਅਤੇ ਟਕਸਾਲੀ ਸੰਤ ਬਾਬਿਆਂ ਦਾ ਹੀ ਮੰਨਦਾ ਹੈ।

ਭਲਿਓ ਇਕੱਲੇ ਪੜ੍ਹਨ ਜਾਂ ਗਿਣਤੀ ਦੇ ਮੰਤ੍ਰ ਪਾਠ ਕਰੀ ਕਰਾਈ ਜਾਣ ਨਾਲ ਨਹੀਂ ਸਗੋਂ ਇਹ ਰੱਬੀ ਭੇਦ (ਭਾਣੇ ਹੁਕਮ ਰਜ਼ਾਈ) ਨੂੰ ਅੰਤਰ ਆਤਮੇ ਸਮਝਣ ਨਾਲ ਹੀ ਪਾਇਆ ਜਾ ਸਕਦਾ ਹੈ-ਪੜਿਐ ਨਾਹੀ ਭੇਦੁ ਬੁਝਿਐ ਪਾਵਣਾ॥(੧੪੮) ਹੁਕਮ ਨੂੰ ਨਾ ਜਾਨਣ ਕਰਕੇ, ਮੂਰਖ (ਅਗਿਆਨੀ) ਭੱਟਣਾ ਵਿੱਚ ਪੈ ਜਾਂਦੇ ਹਨ-ਹੁਕਮੁ ਨ ਜਾਣਹਿ ਬਪੁੜੇ ਭੂਲੇ ਫਿਰਹਿ ਗਾਵਾਰ॥ (੬੬) ਇੱਕ ਪ੍ਰਮੇਸ਼ਰ ਦਾ ਨਾਮ (ਨਿਯਮ) ਹੁਕਮ, ਸਤਿਗੁਰੂ ਸਮਝਾ ਦਿੰਦਾ ਹੈ-ਏਕੋ ਨਾਮੁ ਹੁਕਮੁ ਹੈ ਨਾਨਕ ਸਾਤਿਗੁਰਿ ਦੀਆ ਬੁਝਾਇ ਜੀਉ॥ (੭੨) ਲਿਖਿਆ ਨਾਲਿ ਤੋਂ ਭਾਵ ਜੀਵ ਦੇ ਜਨਮ ਤੋਂ ਮਰਨ ਤੱਕ ਹੁਕਮ (ਰੱਬੀ ਨਿਯਮ) ਨਾਲ ਚਲਦਾ ਹੈ। ਹੁਕਮ ਅਦੂਲੀ (ਹੁਕਮ ਨੂੰ ਤੋੜ) ਰੱਬੀ ਨਿਯਮਾਂ (ਸਿਸਟਮ) ਦੀ ਪਾਲਣਾ ਨਾ ਕਰਕੇ, ਉਸ ਤੋਂ ਦੂਰੀ ਅਤੇ ਹੁਕਮ ਰਜ਼ਾਈ ਵਿੱਚ ਚੱਲਣ ਨਾਲ ਨੇੜਤਾ ਹੋ ਜਾਂਦੀ ਭਾਵ ਕੂੜ ਦੀ ਕੰਧ ਢਹਿ ਜਾਂਦੀ ਹੈ। ***ਨੋਟ: ਪਿਛਲੇ ਅੰਕ ਦੀ ਕਿਸ਼ਤ 4 ਦੀ ਬਜਾਏ 5 ਸਮਝਿਆ ਜਾਵੇ ਜੀ।***

# ਬਾਹਰਲੀਆਂ ਕਬੱਡੀ ਫੈਡਰੇਸ਼ਨਾਂ ਵੱਲੋਂ ਪੰਜਾਬ 'ਚ ਹੋਣ ਜਾ ਰਹੇ ਕਬੱਡੀ ਕੱਪ ਦਾ ਬਾਈਕਾਟ

***ਸ਼ਾਮਲ ਹੋਣ ਵਾਲੇ ਖਿਡਾਰੀਆਂ ਦਾ ਵੀ ਮੁਕੰਮਲ ਬਾਈਕਾਟ ਹੋਵੇਗਾ***



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਪਿਛਲੇ ਇਕ ਸਾਲ ਦੌਰਾਨ ਪੰਜਾਬ 'ਚ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੀਆਂ ਹੋਈਆਂ 80 ਤੋਂ ਵੱਧ ਘਟਨਾਵਾਂ ਦੇ ਦੋਸ਼ੀ ਮੁਜਰਮਾਂ ਨੂੰ ਨਾ ਫੜੇ ਜਾਣ ਤੋਂ ਖਫ਼ਾ ਯੂਰਪ, ਕੈਨੇਡਾ, ਅਮਰੀਕਾ ਤੇ ਇੰਗਲੈਂਡ ਦੀਆਂ ਕਬੱਡੀ ਫੈਡਰੇਸ਼ਨਾਂ ਨੇ ਪੰਜਾਬ ਸਰਕਾਰ ਵੱਲੋਂ ਕਰਵਾਏ ਜਾ ਰਹੇ ਵਿਸ਼ਵ ਕਬੱਡੀ ਕੱਪ ਦੇ ਬਾਈਕਾਟ ਦਾ ਐਲਾਨ ਕੀਤਾ ਹੈ। ਨੈਸ਼ਨਲ ਕਬੱਡੀ ਫੈਡਰੇਸ਼ਨ ਆਫ ਕੈਨੇਡਾ (ਬੀ. ਸੀ. ਤੇ ਅਲਬਰਟਾ) ਦੇ ਪ੍ਰਧਾਨ ਲਾਲੀ ਢੇਸੀ, ਕਬੱਡੀ ਫੈਡਰੇਸ਼ਨ ਆਫ ਉਨਟਾਰੀਓ ਦੇ ਪ੍ਰਧਾਨ ਜੈਸ ਸੋਹਲ, ਕੈਲੇਫੋਰਨੀਆ ਕਬੱਡੀ ਫੈਡਰੇਸ਼ਨ ਆਫ ਯੂ. ਐਸ. ਏ. ਦੇ ਪ੍ਰਧਾਨ ਸੁਰਿੰਦਰ ਸਿੰਘ ਅਟਵਾਲ, ਯੂ. ਕੇ. ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਰਣਜੀਤ ਸਿੰਘ ਢੰਡਾ, ਇੰਗਲੈਂਡ ਕਬੱਡੀ ਫੈਡਰੇਸ਼ਨ ਆਫ ਯੂ. ਕੇ. ਦੇ ਪ੍ਰਧਾਨ ਗੋਲਡੀ ਸੰਧੂ ਅਤੇ ਯੂਰਪ ਦੇ ਵੱਖ ਵੱਖ ਦੇਸ਼ਾਂ ਦੇ ਨਾਲ ਨਾਲ ਸਾਂਝੀ ਯੂਰਪ ਕਬੱਡੀ ਫੈਡਰੇਸ਼ਨ ਦੇ ਨੁਮਾਇੰਦੇ ਰਘਵੀਰ ਸਿੰਘ ਕਹਾਲ, ਪਿੰਕਾ ਸੇਖੋਂ ਅਤੇ ਜੱਗਾ ਦਿਓਲ ਨੇ ਮੀਡੀਆ ਦੇ ਨਾਂ ਜਾਰੀ ਇਕ ਸਾਂਝੇ ਬਿਆਨ ਵਿਚ ਆਖਿਆ ਕਿ ਬੀਤੇ ਇਕ ਸਾਲ ਦੌਰਾਨ ਪੰਜਾਬ 'ਚ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੀਆਂ 80 ਤੋਂ ਵੱਧ ਘਟਨਾਵਾਂ ਵਾਪਰ ਚੁੱਕੀਆਂ ਹਨ ਪਰ ਪੰਜਾਬ ਸਰਕਾਰ ਵੱਲੋਂ ਅਸਲ ਦੋਸ਼ੀਆਂ ਨੂੰ ਹਾਲੇ ਤੱਕ ਸਜ਼ਾ ਨਹੀਂ ਦਿੱਤੀ ਗਈ, ਜਿਸ ਕਾਰਨ ਬਾਹਰਲੇ ਮੁਲਕਾਂ ਵਿਚ ਵੱਸਦੇ ਪੰਜਾਬੀ ਬਹੁਤ ਪ੍ਰੇਸ਼ਾਨ ਹਨ। ਇਸ ਦੇ ਰੋਸ 'ਚ ਉਕਤ ਕਬੱਡੀ ਜਥੇਬੰਦੀਆਂ ਵੱਲੋਂ ਪੰਜਾਬ ਸਰਕਾਰ ਵੱਲੋਂ ਕਰਵਾਏ ਜਾ ਰਹੇ ਵਿਸ਼ਵ ਕਬੱਡੀ ਕੱਪ ਦਾ ਬਾਈਕਾਟ ਦਾ ਐਲਾਨ ਕੀਤਾ ਗਿਆ ਹੈ।

# ਸਿੰਘ ਸਜੇ ਕਬੀਰਪੰਥੀਆਂ 'ਤੇ ਫਿਰਕੂਆਂ ਨੇ ਹਮਲਾ ਕੀਤਾ : ਬ੍ਰਿਟਿਸ਼ ਸਿੱਖ ਕੌਂਸਲ

**ਜਲੰਧਰ (ਬਿਊਰੋ)–** ਬ੍ਰਿਟਿਸ਼ ਸਿੱਖ ਕੌਂਸਲ ਨੇ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਅਤੇ ਦਿੱਲੀ ਸਿੱਖ ਗੁਰ-ਦੁਆਰਾ ਪ੍ਰਬੰਧਕ ਕਮੇਟੀ ਨੂੰ ਅਪੀਲ ਕੀਤੀ ਹੈ ਕਿ ਉਹ ਮਹਾਰਾਸ਼ਟਰ ਤੇ ਮੱਧ ਪ੍ਰਦੇਸ ਵਿਚ ਵੱਸਦੇ ਕਬੀਰ ਪੰਥੀ, ਸਿੱਖ ਵਣਜਾਰੇ ਅਤੇ ਸਿਕਲੀਗਰਾਂ ਦੀ ਮਦਦ ਲਈ ਅੱਗੇ ਆਉਣ, ਜਿਨ੍ਹਾਂ ਨੇ ਪੂਰਨ ਰੂਪ ਵਿੱਚ ਸਿੱਖੀ ਧਾਰਨ ਕੀਤੀ ਹੋਈ ਹੈ। ਬ੍ਰਿ-ਟਿਸ਼ ਸਿੱਖ ਕੌਂਸਲ ਦੇ ਬੁਲਾਰੇ ਤਰਸੇਮ ਸਿੰਘ ਦਿਓਲ, ਸਿੱਖ ਸੇਵਕ ਸੁਸਾਇਟੀ ਦੇ ਪ੍ਰਧਾਨ ਪਰਮਿੰਦਰਪਾਲ ਸਿੰਘ ਖਾਲਸਾ, ਦਲ ਖਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ, ਸੁਰਿੰਦਰਪਾਲ ਸਿੰਘ ਗੋਲਡੀ, ਪ੍ਰੋ. ਬਲਵਿੰਦਰਪਾਲ ਸਿੰਘ ਤੇ ਹਰਦੇਵ ਸਿੰਘ ਗਰਚਾ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਮੱਧ ਪ੍ਰਦੇਸ਼ ਦੇ ਪਿੰਡ ਥਮਾਣਾ ਵਿੱਚ ਕਬੀਰ ਪੰਥੀ ਭਾਈਚਾਰੇ ਵਿਚੋਂ ਕੁਝ ਸਿੱਖ ਸਜਣ ਕਰਕੇ ਹੀ ਉਨ੍ਹਾਂ 'ਤੇ ਉੱਚ ਜਾਤਾਂ ਵੱਲੋਂ ਹਮਲਾ ਕੀਤਾ ਗਿਆ ਸੀ। ਉਨ੍ਹਾਂ ਦੋਸ਼ ਲਾਇਆ ਕਿ ਪ੍ਰਸ਼ਾਸਨ ਦੀ ਭੂਮਿਕਾ ਇਨਸਾਫ ਦੇਣ ਵਾਲੀ ਨਹੀਂ ਸੀ ਪਰ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵ ਰਾਜ ਪਾਟਿਲ ਦੀ ਦਖਲਅੰਦਾਜ਼ੀ ਤੋਂ ਬਾਅਦ ਹੀ ਕਬੀਰ ਪੰਥੀ ਸਿੱਖਾਂ ਨੂੰ ਇਨਸਾਫ ਮਿਲ ਸਕਿਆ। ਉਨ੍ਹਾਂ ਦੱਸਿਆ ਕਿ ਕਬੀਰ ਪੰਥੀ ਅੰਮ੍ਰਿਤ ਛੱਕ ਕੇ ਜਾਤੀਵਾਦੀ ਤੇ ਜ਼ੁਲਮ ਕਰਨ ਵਾਲੇ ਠਾਕੁਰਾਂ ਦੇ ਜ਼ੁਲਮਾਂ ਨਾਲ ਕਾਨੂੰਨੀ ਢੰਗ ਨਾਲ ਮੁਕਾਬਲਾ ਕਰ ਰਹੇ ਹਨ। ਮੱਧ ਪ੍ਰਦੇਸ਼ ਵਿਚ ਕਬੀਰਪੰਥੀਆਂ ਵਿਚ ਧੜਾਧੜ ਸਿੱਖ ਬਣਨ ਦੀ ਲਹਿਰ ਚਲ ਰਹੀ ਹੈ। ਭਾਈ ਦਿਓਲ ਨੇ ਦੱਸਿਆ ਕਿ ਸਿਕਲੀਗਰਾਂ, ਸਿੱਖ ਵਣਜਾਰਿਆਂ ਦਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤੋਂ ਲੈ ਕੇ ਸਿੱਖ ਪੰਥ ਨਾਲ ਡੂੰਘਾ ਰਿਸ਼ਤਾ ਚਲਿਆ ਆ ਰਿਹਾ ਹੈ ਤੇ ਖਾਲਸਾ ਪੰਥ



ਲਈ ਇਹ ਭਾਈਚਾਰੇ ਸ਼ਸਤਰ ਬਣਾ ਕੇ ਸੇਵਾ ਕਰਦੇ ਸਨ ਤੇ ਇਨ੍ਹਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਖਾਲਸਾ ਰਾਜ ਦੀ ਸਥਾਪਨਾ ਵਿਚ ਵੀ ਵੱਡੀ ਭੂਮਿਕਾ ਨਿਭਾਈ ਸੀ। ਤਰਸੇਮ ਸਿੰਘ ਦਿਓਲ ਨੇ ਦੱਸਿਆ ਕਿ ਬ੍ਰਿਟਿਸ਼ ਸਿੱਖ ਕੌਂਸਲ ਦਾ ਮੁੱਖ ਨਿਸ਼ਾਨਾ ਇਨ੍ਹਾਂ ਗਰੀਬ ਸਿੱਖਾਂ ਨੂੰ ਸਿੱਖ ਸੱਭਿਆਚਾਰ ਨਾਲ ਜੋੜਨ ਦੇ ਨਾਲ ਨਾਲ ਉੱਚ ਸਿੱਖਿਆ ਦਿਵਾਉਣੀ ਤੇ ਮੈਡੀਕਲ ਸਹੂਲਤਾਂ ਪ੍ਰਦਾਨ ਕਰਨਾ ਹੈ। ਉਨ੍ਹਾਂ ਮੰਗ ਕੀਤੀ ਕਿ ਕੇਂਦਰ ਸਰਕਾਰ ਨੂੰ ਇਨ੍ਹਾਂ ਲਈ ਰਿਜ਼ਰਵ ਕੋਟਾ ਰੱਖਣਾ ਚਾਹੀਦਾ ਹੈ ਤੇ ਬਣਦੀਆਂ ਸਹੂਲਤਾਂ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ, ਕਿਉਂਕਿ ਸਮਾਜ ਨੇ ਨਫ਼ਰਤ ਕਰਕੇ ਇਨ੍ਹਾਂ ਨੂੰ ਸ਼ਹਿਰਾਂ ਵਿਚ ਵੀ ਵਸਣ ਨਹੀਂ ਦਿੱਤਾ। ਇਹ ਲੋਕ ਜੰਗਲਾਂ ਤੇ ਗੰਦੀਆਂ ਥਾਵਾਂ 'ਤੇ ਰਹਿ ਰਹੇ ਹਨ। ਬ੍ਰਿਟਿਸ਼ ਸਿੱਖ ਕੌਂਸਲ ਵੱਲੋਂ ਮਹਾਰਾਸ਼ਟਰ ਤੇ ਮੱਧ ਪ੍ਰਦੇਸ਼ ਵਿੱਚ ਸਿਕਲੀਗਰਾਂ, ਕਬੀਰ ਪੰਥੀਆਂ ਤੇ ਵਣਜਾਰਿਆਂ 'ਤੇ ਵਿਕਾਸ ਲਈ ਉਥੇ ਗੁਰਦੁਆਰੇ, ਸਕੂਲ ਤੇ ਘਰ ਬਣਾ ਕੇ ਦਿੱਤੇ ਸਨ। ਉਨ੍ਹਾਂ ਦਾਅਵਾ ਕੀਤਾ ਕਿ ਸਿਕਲੀਗਰ ਸਿੱਖਾਂ ਦੀ ਆਬਾਦੀ 10 ਕਰੋੜ ਦੇ ਕਰੀਬ ਹੈ। ਉਨ੍ਹਾਂ ਬ੍ਰਿਟਿਸ਼ ਸਿੱਖ ਕੌਂਸਲ ਵੱਲੋਂ ਕੀਤੀਆਂ ਆਪਣੀਆਂ ਸੇਵਾਵਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ 2002 ਤੋਂ 2016 ਤੱਕ ਮੱਧ ਪ੍ਰਦੇਸ਼ ਵਿੱਚ 15 ਗੁਰਦੁਆਰੇ, 200 ਤੋਂ ਵੱਧ ਘਰ ਬਣਾ ਕੇ ਦਿੱਤੇ ਤੇ 25 ਤੋਂ ਵੱਧ ਪੀਣ ਵਾਲੇ ਸਾਫ ਪਾਣੀ ਲਈ ਸਬਮਰਸੀਬਲ ਪੰਪ ਲਵਾ ਕੇ ਦਿੱਤੇ ਹਨ। ਵਿਧਵਾਵਾਂ ਨੂੰ ਪੈਨਸ਼ਨਾਂ ਤੇ ਬੱਚਿਆਂ ਦੇ ਸਵੈ ਰੁਜ਼ਗਾਰ ਲਈ ਸਿਲਾਈ ਸੈਂਟਰ ਖੋਲ੍ਹੇ ਜਾ ਰਹੇ ਹਨ। ਇਸੇ ਤਰ੍ਹਾਂ ਮੱਧ ਪ੍ਰਦੇਸ ਵਿਚ ਵੀ ਤਿੰਨ ਗੁਰਦੁਆਰਾ ਬਣਾ ਕੇ ਦਿੱਤੇ ਹਨ।

ਮਹਾਰਾਸ਼ਟਰ ਵਿੱਚ ਦਊਸਾ ਨੂੰ ਮਾਡਲ ਪਿੰਡ ਵਜੋਂ ਸਿਰਜਿਆ ਜਾ ਰਿਹਾ ਹੈ। ਉਨ੍ਹਾਂ ਨੇ ਆਪਣੇ ਸੰਬੋਧਨ ਵਿੱਚ ਸਮੁੱਚੀਆਂ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਕਿ ਹਰ ਗੁਰਸਿੱਖ ਨੂੰ ਆਪਣੀ ਕਿਰਤ ਕਮਾਈ ਵਿੱਚੋਂ ਦਸਵੰਧ ਕੱਢ ਕੇ ਸਿਕਲੀਗਰ ਸਿੱਖ ਭਾਈਚਾਰੇ ਦੀ ਭਲਾਈ ਲਈ ਚੱਲ ਰਹੇ ਸੇਵਾ ਕਾਰਜਾਂ ਵਿੱਚ ਲਗਾਉਣਾ ਚਾਹੀਦਾ ਹੈ ਤਾਂ ਜੋ ਸਿੱਖ ਭਾਈਚਾਰੇ ਦੀ ਗਿਣਤੀ ਵਿਚ ਵਾਧਾ ਹੋ ਸਕੇ। ਇਸ ਮੌਕੇ ਸਿੱਖ ਸੇਵਕ ਸੁਸਾਇਟੀ ਦੇ ਸੂਬਾ ਪ੍ਰਧਾਨ ਪਰਮਿੰਦਰਪਾਲ ਸਿੰਘ ਖਾਲਸਾ ਨੇ ਤਰਸੇਮ ਸਿੰਘ ਦਿਓਲ ਨੂੰ ਇਨ੍ਹਾਂ ਮਹਾਨ ਕਾਰਜਾਂ ਲਈ 1 ਲੱਖ ਰੁਪਏ ਦੀ ਸੇਵਾ ਭੇਂਟ ਕੀਤੀ।




# ਕਾਮਰੇਡ ਦਰਬਾਰਾ ਸਿੰਘ ਢਿੱਲੋਂ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਦਿੱਤੀ ਅੰਤਿਮ ਵਿਦਾਇਗੀ

**ਜਲੰਧਰ–** ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਤੇ ਨਾਮਵਰ ਵਕੀਲ ਦਰਬਾਰਾ ਸਿੰਘ ਢਿੱਲੋਂ ਜੋ ਕਿ ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਨ, ਉਨ੍ਹਾਂ ਦੀ ਮ੍ਰਿਤਕ ਦੇਹ ਉਨ੍ਹਾਂ ਦੀ ਰਿਹਾਇਸ਼ ਵਿਖੇ ਅੰਤਿਮ ਦਰਸ਼ਨਾਂ ਲਈ ਰੱਖੀ ਗਈ। ਕਮੇਟੀ ਦੀ ਤਰਫ਼ੋਂ ਮੀਤ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਡਾ. ਰਘਬੀਰ ਕੌਰ ਅਤੇ ਕਮੇਟੀ ਮੈਂਬਰਾਂ ਨੇ ਉਨ੍ਹਾਂ ਦੀ ਦੇਹ 'ਤੇ ਗ਼ਦਰ ਪਾਰਟੀ ਦਾ ਝੰਡਾ ਅਤੇ ਫੁੱਲਾਂ ਦੇ ਹਾਰ ਪਾਕੇ ਉਨ੍ਹਾਂ ਨੂੰ ਅੰਤਿਮ ਵਿਦਾਇਗੀ ਦਿੱਤੀ।



ਜ਼ਿਕਰਯੋਗ ਹੈ ਕਿ ਜਦੋਂ ਕਮਿਊਨਿਸਟ ਇਨਕਲਾਬੀ (ਨਕਸਲੀਬਾੜੀ) ਲਹਿਰ ਦੇ ਆਗੂਆਂ ਅਤੇ ਕਾਰਕੁੰਨਾਂ ਨੂੰ ਝੂਠੇ ਮੁਕਾਬਲਿਆਂ 'ਚ ਮਾਰ ਮੁਕਾਇਆ ਅਤੇ ਕੇਸਾਂ 'ਚ ਫਸਾਇਆ ਜਾ ਰਿਹਾ ਸੀ, ਉਸ ਮੌਕੇ ਸੀਨੀਅਰ ਵਕੀਲ ਦਰਬਾਰਾ ਸਿੰਘ ਢਿੱਲੋਂ ਨੇ ਸਿਦਕਦਿਲੀ ਨਾਲ ਮੁਫ਼ਤ ਕੇਸ ਲੜੇ। ਉਹ ਭਰ ਜੁਆਨੀ ਤੋਂ ਲੈ ਕੇ ਦੇਸ਼ ਭਗਤ, ਇਨਕਲਾਬੀ ਅਤੇ ਵਿਸ਼ੇਸ਼ ਕਰਕੇ ਕਮਿਊਨਿਸਟ ਲਹਿਰ ਨਾਲ ਜੁੜਕੇ ਆਖਰੀ ਦਮ ਤੱਕ ਲੋਕ ਹੱਕਾਂ ਲਈ ਜੂਝਦੇ ਰਹੇ। ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਕਮੇਟੀ ਦੇ ਖਜ਼ਾਨਚੀ ਸੀਤਲ ਸਿੰਘ ਸੰਘਾ, ਸੁਰਿੰਦਰ ਕੁਮਾਰੀ ਕੋਛੜ, ਕਾਮਰੇਡ ਗੁਰਮੀਤ, ਕਾਮਰੇਡ ਗੁਰਮੀਤ ਸਿੰਘ ਢੱਡਾ, ਕਾ. ਕੁਲਵੰਤ ਸਿੰਘ ਸੰਧੂ, ਬਲਬੀਰ ਕੌਰ ਬੁੰਡਾਲਾ, ਦੇਵਰਾਜ ਨਈਅਰ, ਚਰੰਜੀ ਲ ਾ ਲ ਕੰਗਣੀਵਾਲ ਅਤੇ ਹਰਬੀਰ ਕੌਰ ਬੰਨ੍ਹੂਆਣਾ ਮੈਂਬਰਾਂ ਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪਰਿਵਾਰਕ ਮੈਂਬਰ ਗੁਰਦੀਪ ਸਿੰਘ, ਸੁਮਨ ਲੱਤਾ, ਕੇਸਰ ਸਿੰਘ, ਕੁਲਵੰਤ ਸਿੰਘ ਕਾਕਾ ਅਤੇ ਪਰਮਜੀਤ ਸਿੰਘ ਸਮੇਤ ਬਹੁ ਗਿਣਤੀ ਹਾਜ਼ਰ ਹੋਏ। ਇੰਗਲੈਂਡ ਤੋਂ ਉਚੇਚੇ ਤੌਰ 'ਤੇ ਆਈ.ਡਬਲਿਊ.ਏ. ਬਰਮਿੰਘਮ ਬਰਾਂਚ ਦੇ ਪ੍ਰਧਾਨ ਸ਼ੀਰਾ ਜੌਹਲ ਅਤੇ ਕਾ. ਭਗਵੰਤ ਵੀ ਹਾਜ਼ਰ ਸਨ। ਸ਼ਹੀਦ ਊਧਮ ਸਿੰਘ ਵੈੱਲਫੇਅਰ ਟਰੱਸਟ ਬਰਮਿੰਘਮ ਵੱਲੋਂ ਕਾ. ਭਾਰਤ ਭੂਸ਼ਣ ਹਾਜ਼ਰ ਸਨ।

**ਰਿਪੋਰਟ– ਤਰਸੇਮ ਜਲੰਧਰੀ**

# ਸਵੱਛ ਭਾਰਤ ਮੁਹਿੰਮ ਨੂੰ ਹੱਲਾਸ਼ੇਰੀ ਦੇਣ ਲਈ ਜਾਗਰੂਕਤਾ ਰੈਲੀ ਕੱਢੀ



**ਘੱਲ ਕਲਾਂ–** ਬੀਤੀ 15 ਅਕਤੂਬਰ ਨੂੰ ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਸਰਕਾਰੀ ਸਕੂਲ ਘੱਲ ਕਲਾਂ ਵਿਖੇ ਮੁੱਖ ਅਧਿਆਪਕ ਸ. ਹਰਜਿੰਦਰ ਸਿੰਘ ਢੰਡਾਲ ਦੀ ਅਗਵਾਈ ਹੇਠ ਸਕੂਲ ਦੇ ਵਿਦਿਆਰਥੀਆਂ ਵੱਲੋਂ ਸਵੱਛ ਭਾਰਤ ਮੁਹਿੰਮ ਨੂੰ ਹੱਲਾਸ਼ੇਰੀ ਦੇਣ ਲਈ ਪਿੰਡ ਵਿਚ ਜਾਗਰੂਕਤਾ ਰੈਲੀ ਕੱਢੀ ਗਈ। ਵਿਦਿਆਰਥੀਆਂ ਵੱਲੋਂ ਪਿੰਡ ਵਾਸੀਆਂ ਨੂੰ ਆਪਣੇ ਚੌਗਿਰਦੇ ਦੀ ਸਾਂਭ-ਸੰਭਾਲ ਅਤੇ ਸਾਫ-ਸਫਾਈ ਲਈ ਉਤਸ਼ਾਹਿਤ ਕੀਤਾ ਗਿਆ। ਬੱਚਿਆਂ ਨੇ ਸਕੂਲੀ ਚੌਗਿਰਦੇ ਦੀ ਸਾਫ-ਸਫਾਈ ਕਰਕੇ ਪਿੰਡ ਵਾਸੀਆਂ ਨੂੰ ਪ੍ਰੇਰਿਤ ਕੀਤਾ। ਇਸ ਮੌਕੇ ਬੱਚਿਆਂ ਨੇ ਸਲੋਗਨ ਪੋਸਟਰ ਫੜ ਕੇ ਪਿੰਡ ਵਿਚ ਸਫਾਈ ਲਈ ਮੁਹਿੰਮ ਵਿੱਢੀ। ਇਸ ਮੌਕੇ ਸਮੂਹ ਸਟਾਫ ਮੈਂਬਰ ਸ੍ਰੀ ਰਾਜੇਸ਼ ਸੂਦ, ਸ੍ਰੀ ਮਨਦੀਪ ਕੁਮਾਰ, ਮਹਿੰਦਰ ਕੌਰ, ਰਾਜਿੰਦਰ ਕੌਰ, ਹਰਪ੍ਰੀਤ ਕੌਰ, ਗੁਰਪ੍ਰੀਤ ਕੌਰ, ਬਲਜੀਤ ਕੌਰ, ਜਸਵੀਰ ਕੌਰ, ਊਸ਼ਾ ਰਾਣੀ, ਸੁਨੀਤਾ ਰਾਣੀ, ਸ੍ਰੀਮਤੀ ਡਿੰਪਲ, ਕੁਮਾਰੀ ਸ਼ਿਲਪਾ, ਪਰਵਿੰਦਰ ਕੌਰ, ਕਮਲਪ੍ਰੀਤ ਕੌਰ, ਅਮਨਦੀਪ ਕੌਰ, ਜਸਵਿੰਦਰ ਸਿੰਘ ਆਦਿ ਹਾਜ਼ਰ ਸਨ।



ਇਸ ਤੋਂ ਇਕ ਦਿਨ ਪਹਿਲਾਂ ਸਵੱਛ ਭਾਰਤ ਅਭਿਆਨ ਦੀ ਤਰਜ਼ਮਾਨੀ ਕਰਦਾ ਹੋਇਆ ਇਕ ਨਾਟਕ ਸਕੂਲ ਦੇ ਵਿਦਿਆਰਥੀਆਂ ਵੱਲੋਂ ਖੇਡਿਆ ਗਿਆ। ਇਸ ਨਾਟਕ ਵਿਚਲੇ ਵਿਦਿਆਰਥੀਆਂ ਨੇ ਆਪਣੇ-ਆਪਣੇ ਕਿਰਦਾਰਾਂ ਰਾਹੀਂ ਸਮੂਹ ਸਕੂਲ ਦੇ ਵਿਦਿਆਰਥੀਆਂ ਨੂੰ ਆਪਣਾ ਆਲਾ-ਦੁਆਲਾ ਸਾਫ ਰੱਖਣ ਲਈ ਪ੍ਰੇਰਿਆ।

# ਸਾਂਪਲਾ ਅਤੇ ਕੈਂਥ ਨੇ ਫਗਵਾੜਾ ਵਿਖੇ ਡਾ. ਬੀ. ਆਰ. ਅੰਬੇਦਕਰ ਆਡੀਟੋਰੀਅਮ ਅਤੇ ਖੇਡ ਸਟੇਡੀਅਮ ਦਾ ਨੀਂਹ ਪੱਥਰ ਰੱਖਿਆ

**ਫਗਵਾੜਾ (ਬੀ.ਕੇ.ਰੱਤੂ)–** ਕੇਂਦਰੀ ਰਾਜ ਮੰਤਰੀ ਸ੍ਰੀ ਵਿਜੈ ਸਾਂਪਲਾ ਅਤੇ ਹਲਕਾ ਵਿਧਾਇਕ ਸ੍ਰੀ ਸੋਮ ਪ੍ਰਕਾਸ਼ ਕੈਂਥ ਨੇ ਰੈਸਟ ਹਾਊਸ ਫਗਵਾੜਾ ਵਿਖੇ ੫ ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਡਾ. ਬੀ. ਆਰ. ਅੰਬੇਦਕਰ ਆਡੀਟੋਰੀਅਮ ਅਤੇ ਬਾਬਾ ਗਧੀਆ ਵਿਖੇ ੪ ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਖੇਡ ਸਟੇਡੀਅਮ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਸ੍ਰ. ਜਰਨੈਲ ਸਿੰਘ ਵਾਹਦ ਚੇਅਰਮੈਨ ਮਾਰਕਫੈੱਡ ਪੰਜਾਬ, ਸ੍ਰ. ਸਰਵਣ ਸਿੰਘ ਕੁਲਾਰ ਚੇਅਰਮੈਨ ਮਾਰਕੀਟ ਕਮੇਟੀ ਫਗਵਾੜਾ, ਸ੍ਰੀ ਸ਼ਾਮ ਸੁੰਦਰ ਅਗਰਵਾਲ ਜ਼ਿਲ੍ਹਾ ਪ੍ਰਧਾਨ ਭਾਜਪਾ, ਸ੍ਰੀ ਅਰੁਣ ਕੁਮਾਰ ਖੋਸਲਾ ਮੇਅਰ ਨਗਰ ਨਿਗਮ ਫਗਵਾੜਾ, ਸ੍ਰੀ ਰਣਜੀਤ ਸਿੰਘ ਖੁਰਾਣਾ ਡਿਪਟੀ ਮੇਅਰ, ਸ੍ਰੀ ਸੁਨੀਲ ਚੰਮ ਚੇਅਰਮੈਨ ਨਗਰ ਸੁਧਾਰ ਟਰੱਸਟ ਫਗਵਾੜਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਅਕਾਲੀ-ਭਾਜਪਾ ਆਗੂ ਤੇ ਵਰਕਰ ਵੀ ਹਾਜ਼ਰ ਸਨ।



ਇਸ ਉਪਰੰਤ ਇੱਕ ਸਥਾਨਕ ਪੈਲੇਸ ਵਿੱਚ ਕਰਵਾਏ ਗਏ ਸਮਾਗਮ ਦੌਰਾਨ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਸ੍ਰੀ ਵਿਜੈ ਸਾਂਪਲਾ ਨੇ ਕਿਹਾ ਕਿ ਰਾਜ ਦੀ ਅਕਾਲੀ-ਭਾਜਪਾ ਗੱਠਜੋੜ ਸਰਕਾਰ ਨੇ ਸੂਬੇ ਦੇ ਲੋਕਾਂ ਦੀਆਂ ਲੋੜਾਂ ਨੂੰ ਸਮਝਿਆਂ ਹੈ ਅਤੇ ਪੂਰਾ ਕੀਤਾ ਹੈ। ਉਹਨਾਂ ਰਾਜ ਵਿੱਚ ਗੱਠਜੋੜ ਦੀ ਸਰਕਾਰ ਦੇ ਸਮੇਂ ਹੀ ਪੰਜਾਬ ਦਾ ਵਿਕਾਸ ਹੋਇਆ ਹੈ ਅਤੇ ਵੱਡੇ-ਵੱਡੇ ਪ੍ਰੋਜੈਕਟ ਸ਼ੁਰੂ ਹੋਏ ਹਨ।ਉਹਨਾਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਵੱਲੋਂ ਰਾਜ ਵਿੱਚ ਅੰਤਰ-ਰਾਸ਼ਟਰੀ ਏਅਰਪੋਰਟ, ਲੋਕਾਂ ਨੂੰ ਸਿਹਤ ਸਹੂਲਤਾਂ ਉਪਲੱਬਧ ਕਰਵਾਉਣ ਲਈ ਵੱਡੇ ਹਸਪਤਾਲ ਅਤੇ ਪ੍ਰਬੰਧਕੀ ਕੰਪਲੈਕਸ ਬਣਾਏ ਗਏ ਹਨ।ਉਹਨਾਂ ਦੱਸਿਆ ਕਿ ਪੰਜਾਬ ਦੀ ਗੱਠਜੋੜ ਸਰਕਾਰ ਵੱਲੋਂ ਗਰੀਬ ਵਰਗ ਦੇ ਲੋਕਾਂ ਲਈ ਆਟਾ-ਦਾਲ ਸਕੀਮ ਅਤੇ ਸ਼ਗਨ ਸਕੀਮ ਸ਼ੁਰੂ ਕੀਤੀ ਗਈ ਹੈ ਅਤੇ ਸੂਬੇ ਦੇ ਲੋਕਾਂ ਨੂੰ ੨੪ ਘੰਟੇ ਬਿਜਲੀ ਮੁਹੱਈਆ ਕਰਵਾਈ ਜਾ ਰਹੀ ਹੈ।ਉਹਨਾਂ ਦੱਸਿਆ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਦਲਿਤ ਵਰਗ ਦੇ ਲੋਕਾਂ ਨੂੰ ਸਵੈ-ਰੋਜ਼ਗਾਰ ਮੁਹੱਈਆਂ ਕਰਵਾਉਣ ਲਈ ਵਿਸ਼ੇਸ ਸਕੀਮਾਂ ਸ਼ੁਰੂ ਕੀਤੀਆਂ ਗਈਆ ਹਨ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਲਈ ਕਿਸਾਨ ਬੀਮਾ ਯੋਜਨਾ ਸ਼ੁਰੂ ਕੀਤੀ ਗਈ ਹੈ ਅਤੇ ਕਿਸਾਨਾਂ ਨੂੰ ਖਾਦ ਦੀ ਪੂਰਤੀ ਲਈ ਵਿਸ਼ੇਸ ਇੰਤਜ਼ਾਮ ਕੀਤੇ ਗਏ ਹਨ। ਇਸ ਮੌਕੇ ਲੋਕਾਂ ਨੂੰ ਸੰਬੋਧਨ ਕਰਦਿਆਂ ਸ੍ਰੀ ਸੋਮ ਪ੍ਰਕਾਸ਼ ਕੈਂਥ ਨੇ ਦੱਸਿਆ ਕਿ ਪਿਛਲੇ ਸਮੇਂ ਵਿੱਚ ਫਗਵਾੜਾ ਸ਼ਹਿਰ ਦੇ ਵਿਕਾਸ ਲਈ ਕਰੋੜਾਂ ਰੁਪਏ ਖਰਚ ਕੀਤੇ ਗਏ ਹਨ।ਉਹਨਾਂ ਦੱਸਿਆ ਕਿ ਫਗਵਾੜਾ ਨੂੰ ਨਗਰ ਨਿਗਮ ਦਾ ਦਰਜਾ ਦਿੱਤਾ ਗਿਆ ਹੈ ਅਤੇ ਇਸ ਦੀ ਹਦੂਦ ਅੰਦਰ 16 ਨਵੇਂ ਇਲਾਕਿਆਂ ਨੂੰ ਸ਼ਾਮਿਲ ਕਰਕੇ ਸੀਵਰੇਜ ਅਤੇ ਪੀਣ ਵਾਲੇ ਪਾਣੀ ਦੀ ਸਹੂਲਤ ਮੁਹੱਈਆਂ ਕਰਵਾਈ ਗਈ ਹੈ ਅਤੇ ਨਵੀਆਂ ਸੜਕਾਂ ਬਣਾਈਆਂ ਗਈਆਂ ਹਨ।ਉਹਨਾਂ ਦੱਸਿਆ ਕਿ ਸ਼ਹਿਰ ਵਿੱਚ 114 ਕਰੋੜ ਰੁਪਏ ਦੀ ਲਾਗਤ ਨਾਲ 140 ਕਿਲੋਮੀਟਰ ਸੀਵਰੇਜ ਪਾਇਆ ਗਿਆ ਹੈ ਅਤੇ ਪਾਣੀ ਦੀ ਸਪਲਾਈ ਲਈ 102 ਕਿਲੋਮੀਟਰ ਲੰਬੀਆਂ ਪਾਣੀ ਦੀਆਂ ਪਾਇਪਾਂ ਪਾਈਆਂ ਗਈਆ ਹਨ।ਇਸ ਤੋਂ ਇਲਾਵਾ ਸੜਕਾਂ ਦੇ ਨਿਰਮਾਣ ਲਈ 60 ਕਰੋੜ ਰੁਪਏ ਖਰਚ ਕੀਤੇ ਗਏ ਹਨ ਅਤੇ 25 ਨਵੇਂ ਟਿਊਬਵੈੱਲ ਲਗਾਏ ਗਏ ਹਨ। ਉਹਨਾਂ ਦੱਸਿਆ ਕਿ ਸ਼ਹਿਰ ਦੇ ਸੁੰਦਰੀਕਰਨ ਲਈ 7 ਕਰੋੜ ਰੁਪਏ ਦੀ ਲਾਗਤ ਨਾਲ ਲਾਇਟਾਂ ਵੀ ਲਗਾਈਆਂ ਗਈਆਂ ਹਨ।

ਸ੍ਰੀ ਕੈਂਥ ਨੇ ਦੱਸਿਆ ਕਿ ਨਗਰ ਨਿਗਮ ਫਗਵਾੜਾ ਆਮ ਲੋਕਾਂ ਲਈ ਸਵੱਛ ਪਖਾਨੇ ਬਣਾਉਣ ਵਾਲਾ ਪਹਿਲਾ ਸ਼ਹਿਰ ਹੈ ਅਤੇ ਸ਼ਹਿਰ ਵਿੱਚ 1 ਕਰੋੜ 13 ਲੱਖ ਰੁਪਏ ਦੀ ਲਾਗਤ ਨਾਲ ਸਵੱਛ ਪਖਾਨੇ ਬਣਾਏ ਗਏ ਹਨ। ਇਸ ਤੋਂ ਇਲਾਵਾ ਕੂੜੇ ਦੀ ਸਮੱਸਿਆ ਦੇ ਹੱਲ ਲਈ ਸਮਾਰਟ ਬਿਨ ਲਗਾਏ ਗਏ ਹਨ। ਉਹਨਾਂ ਕਿਹਾ ਕਿ ਅਕਾਲੀ -ਭਾਜਪਾ ਸਰਕਾਰ ਹਮੇਸ਼ਾ ਹੀ ਵਿਕਾਸ ਕੰਮਾਂ ਵਿੱਚ ਮੋਢੀ ਬਣੀ ਹੈ ਅਤੇ ਪਿਛਲੇ ਪੰਜ ਸਾਲਾਂ ਵਿੱਚ ਹਲਕਾ ਫਗਵਾੜਾ ਦੇ ਪਿੰਡਾਂ ਦੇ 226 ਕਰੋੜ ਰੁਪਏ ਖਰਚ ਕੀਤੇ ਗਏ ਹਨ।ਉਹਨਾਂ ਦੱਸਿਆ ਕਿ ਪਿੰਡਾਂ ਦੇ ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਸਹੂਲਤ ਲਈ ਨਵੀਆਂ ਪਾਣੀ ਦੀ ਟੈਂਕੀਆਂ ਬਣਾਈਆਂ ਗਈਆ ਹਨ। ਇਸ ਤੋਂ ਇਲਾਵਾ ਸਵੱਛ ਭਾਰਤ ਮਿਸ਼ਨ ਤਹਿਤ ਹਲਕੇ ਦੇ ਪਿੰਡਾਂ ਵਿੱਚ 4000 ਤੋਂ ਵੱਧ ਪਖਾਨੇ ਬਣਾਏ ਜਾ ਰਹੇ ਹਨ। ਉਹਨਾਂ ਦੱਸਿਆ ਕਿ ਪਿੰਡਾਂ ਵਿੱਚ ਧਰਮਸ਼ਾਲਾਵਾਂ ਬਣਾਉਣ ਲਈ 4 ਕਰੋੜ ਰੁਪਏ ਖਰਚ ਕੀਤੇ ਗਏ ਹਨ। ਉਹਨਾਂ ਕਿਹਾ ਕਿ ਪਿੰਡਾਂ ਦਾ ਸੰਪੂਰਨ ਵਿਕਾਸ ਤੇ ਤਰੱਕੀ ਕਰਨਾ ਹੀ ਮੇਰਾ ਸਭ ਤੋਂ ਵੱਡਾ ਫਰਜ਼ ਹੈ। ਇਸ ਮੌਕੇ ਸ੍ਰੀ ਰਾਕੇਸ਼ ਦੁੱਗਲ ਸਾਬਕਾ ਜ਼ਿਲ੍ਹਾ ਪ੍ਰਧਾਨ, ਸ੍ਰੀ ਬਲਭੱਦਰ ਸੇਨ ਦੁੱਗਲ, ਸ੍ਰੀ ਤੇਜਸਵੀ ਭਰਦਵਾਜ, ਸ੍ਰੀ ਪੰਕਜ ਚਾਵਲਾ, ਸ੍ਰੀ ਜਸਪਾਲ ਸਿੰਘ ਢੇਸੀ, ਸ੍ਰੀ ਰਜਿੰਦਰ ਸਿੰਘ ਚੰਦੀ, ਸ੍ਰੀ ਅਵਤਾਰ ਸਿੰਘ ਮੰਡ ਅਤੇ ਸ੍ਰੀ ਅਵਤਾਰ ਸਿੰਘ ਭੁੰਗਰਨੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਅਕਾਲੀ-ਭਾਜਪਾ ਆਗੂ ਤੇ ਵਰਕਰ ਹਾਜ਼ਰ ਸਨ।

# ਕਿਸਾਨੀ ਦੀ ਮੰਦਹਾਲੀ ਨਾਲ ਪੰਜਾਬ ਦਾ ਸਮੁੱਚਾ ਅਰਥਚਾਰਾ ਸੰਕਟ ਵਿੱਚ -ਚੀਮਾਂ

**ਬਟਾਲਾ (ਬਰਨਾਲ)–** ਕੈਪਟਨ ਅਮਰਿੰਦਰ ਸਿੰਘ ਪ੍ਰਧਾਨ ਪੰਜਾਬ ਪ੍ਰਦੇਸ ਕਾਂਗਰਸ ਵੱਲੋਂਸੂਬੇ ਅੰਦਰ ਚਲਾਈ ਕਰਜਾ ਕੁਰਕੀ ਮੁਹਿੰਮ ਤਹਿਤ ਅਮਰਦੀਪ ਸਿੰਘ ਸਿੰਘ ਚੀਮਾਂ ਜਨਰਲ ਸਕੱਤਰ ਪੰਜਾਬ ਪ੍ਰਦੇਸ ਕਾਂਗਰਸ ਕਮੇਟੀ ਵੱਲੋਂ ਵਿਧਾਨ ਸਭਾ ਹਲਕਾ ਬਟਾਲਾ ਅੰਦਰ ਆਪਣੀ ਪੂਰੀ ਟੀਮ ਜਸਵੰਤ ਸਿੰਘ ਹਾਂਸ, ਬਲਦੇਵ ਰਾਜ ਅੱਤਰ, ਸੁਰਿੰਦਰ ਸਿੰਘ ਕਾਹਲੋਂ, ਵਿਸ਼ਵਾ ਸਾਰਦਾ ਅਤੇ ਸਰਗਰਮ ਯੂਥ ਆਗੂ ਡਾਕਟਰ ਸੰਤੋਖ ਰਾਏ ਕੇਵਲ ਸਿੰਘ ਢਿੱਲੋਂ ਹਰਬਖਸ ਸਿੰਘ ਸਿੱਧੂ, ਇਕਬਾਲ ਸਿੰਘ ਨਾਲ ਪਿੰਡ-ਪਿੰਡ ਜਾ ਕੇ



ਕਿਸਾਨਾ ਤੇ ਖੇਤ ਮਜਦੂਰਾ ਦੇ ਫਾਰਮ ਭਰੇ ਜਾ ਰਹੇ ਨੇ। ਇਸ ਸਬੰਧੀ ਸ੍ਰ; ਚੀਮਾਂ ਨੇ ਹਲਕੇ ਦੇ ਪਿੰਡ ਮਲਕਪੁਰ, ਬਹਿਲੂਵਾਲ, ਕਾਲਿਆ ਲੀਲ ਖੁਰਦ ਰਸੂਲਪੁਰ,ਦੌਲਤਪੁਰ ਮਸਾਣੀਆਂ ਅਦਿ ਪਿੰਡਾਂ ਦੇ ਕਿਸਾਨਾਂ ਤੇ ਖੇਤ ਮਜਦੂਰਾਂ ਦ ਤੇ ਪਿੰਡਾਂ ਵਿੱਚ ਕਰਜਾ ਕੁਰਕੀ ਖਤਮ ਫਸਲ ਦੀ ਪੂਰੀ ਰਕਮ ਦੇ ਫਾਰਮ ਭਰੇ ਗਏ ਚੀਮਾਂ ਨੇ ਦੱਸਿਆ ਕਿ ਲੋਕਾਂ ਵੱਲੋਂ ਇਸ ਮੁਹਿੰਮ ਨੂੰ ਭਰਭੂਰ ਹੁੰਗਾਰਾ ਮਿਲ ਰਿਹਾ ਹੈ ਇਸ ਤੋਂ ਇਲਾਵਾ ਕਿਸਾਨਾ ਨੂੰ ਕਣਕ, ਝੋਨੇ ਦੇ ਚੱਕਰ ਵਿੱਚੋਂ ਨਿਕਲ ਕੇ ਦੂਸਰੀਆਂ ਫਸਲਾਂ ਦੀ ਪੈਦਾਵਾਰ ਕਰਨ ਅਤੇ ਸਹਾਇਕ ਧੰਦਿਆਂ ਨੂੰ ਅਪਣਾਉਣ ਲਈ ਵੀ ਪ੍ਰੇਰਤ ਕੀਤਾ ਇਸ ਮੌਕੇ ਸ੍ਰ: ਚੀਮਾ ਨਾਲ ਐਮ.ਐਮ.ਸਿੰਘ ਚੀਮਾਂ,ਪਰਮਾਨੈਂਟ ਇਨਵਾਇਟੀ ਪੰਜਾਬ ਪ੍ਰਦੇਸ ਕਾਂਗਰਸ ਕਮੇਟੀ, ਬਲਜੀਤ ਸਿੰਘ, ਧਿਆਨ ਸਿੰਘ,ਸੁਰਜੀਤ ਸਿੰਘ, ਸੁਖਬੀਰ ਸਿੰਘ, ਕੁਲਵਿੰਦਰ ਕੌਰ, ਗੁਰਪ੍ਰੀਤ ਕੌਰ, ਜਸਬੀਰ ਸਿੰਘ, ਸਵਿੰਦਰ ਸਿੰਘ ਸੋਹਲ, ਜੋਗਾ ਸਿੰਘ, ਨਰਿੰਦਰ ਕੌਰ, ਦਲਬੀਰ ਸਿੰਘ, ਬਸੰਤ ਸਿੰਘ, ਹਰਪਾਲ ਸਿੰਘ, ਭਾਗ ਸਿੰਘ, ਗੁਰਨਾਮ ਸਿੰਘ, ਗੁਰਦੇਵ ਸਿੰਘ, ਭਾਗ ਸਿੰਘ,ਨਰਿੰਦਰ ਸਿੰਘ, ਸੁਖਦੇਵ ਸਿੰਘ, ਇਲਾਵਾ ਕਾਂਗਰਸ ਦੇ ਵਰਕਰ ਅਤੇ ਕਿਸ਼ਾਨ ਹਾਜ਼ਰ ਸਨ।

# ਜ਼ਿਲ੍ਹਾ ਵਾਲੀਬਾਲ ਲੜਕੀਆਂ ਦੀ ਪ੍ਰਤੀਯੋਗਤਾ ਵਿੱਚ ਆਰ ਡੀ ਖੋਸਲਾ ਡੀ ਏ ਵੀ ਸਕੂਲ ਜੇਤੂ

**ਬਟਾਲਾ (ਬਰਨਾਲ)–** ਜ਼ਿਲ੍ਹਾ ਟੂਰਨਾਮੈਂਟ ਕਮੇਟੀ ਗੁਰਦਾਸਪੁਰ ਵੱਲੋਂ ਜੈਮਸ ਕੈਂਬ੍ਰਿਜ ਇੰਟਰਨੈਸ਼ਨਲ



ਸਕੂਲ ਵਿਖੇ ਕਰਵਾਏ ਜਾ ਰਹੇ ਲੜਕੀਆਂ ਦੇ ਅੰਤਰ ਕਾਲਜ ਵਾਲੀਬਾਲ ਮੁਕਾਬਲਿਆਂ ਵਿੱਚ ਆਰ ਡੀ ਖੋਸਲਾ ਡੀਏਵੀ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਜੇਤੂ ਤੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਉੱਪ ਜੇਤੂ ਰਹੇ। ਇਸ ਪ੍ਰਤੀਯੋਗਤਾ ਵਿੱਚ ਜੈਮਸ ਕੈਬ੍ਰਿਜ ਇੰਟਰਨੈਸ਼ਨਲ ਸਕੂਲ ਦੀ ਡਾਇਰੈਕਟਰ ਮਨਜੀਤ ਕੌਰ ਸਾਂਘਾ ਮੁਖ ਮਹਿਮਾਨ ਸਨ। ਸਕੂਲ ਦੇ ਪਰਿੰਸੀਪਲ ਇਮਤਿਆਜ਼ ਉੱਲ ਹੁਸੈਨ ਨੇ ਦੱਸਿਆ ਕਿ ਜ਼ਿਲ੍ਹਾ ਟੂਰਨਾਮੈਂਟ ਗੁਰਦਾਸਪੁਰ ਵੱਲੋਂ 19 ਸਾਲ ਤੋ ਘੱਟ ਉਮਰ ਦੀਆਂ ਲੜਕੀਆਂ ਦੀ ਕਰਵਾਈ ਜਾ ਰਹੀ ਇਸ ਪ੍ਰਤੀਯੋਗਤਾ ਵਿੱਚ ਜ਼ਿਲ੍ਹੇ ਦੀਆਂ 5 ਟੀਮਾਂ ਨੇ ਹਿੱਸਾ ਲਿਆ। ਪ੍ਰਤੀਯੋਗਤਾ ਦੇ ਫਾਈਨਲ ਮੁਕਾਬਲਿਆਂ ਵਿੱਚ ਆਰ ਡੀ ਖੋਸਲਾ ਡੀਏਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੀਆਂ ਲੜਕੀਆਂ ਨੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਨੂੰ 3-0 ਦੇ ਫਰਕ ਨਾਲ ਹਰਾ ਕੇ ਪ੍ਰਤੀਯੋਗਤਾ ਤੇ ਜਿੱਤ ਪ੍ਰਾਪਤ ਕੀਤੀ। ਇਸ ਮੌਕੇ ਜ਼ਿਲ੍ਹਾ ਟੂਰਨਾਮੈਂਟ ਗੁਰਦਾਸਪੁਰ ਕਮੇਟੀ ਦੇ ਜਰਨਲ ਸਕੱਤਰ ਰਾਜਿੰਦਰ ਕੁਮਾਰ ਸਹਾਇਕ ਸਕੱਤਰ ਮਨਿੰਦਰ ਸਿੰਘ, ਉੱਪ ਪਰਿੰਸੀਪਲ ਚਾਰੂ ਸਿੰਘ ਪੰਨੂ, ਵਿੱਪਨ ਕੁਮਾਰ, ਬਲਜੀਤ ਖੈਹਰਾ, ਪ੍ਰਦੀਪ ਲੂਥਰਾ,ਅਜੈ ਸ਼ਰਮਾ ਤੇ ਅਮਨਦੀਪ ਸਿੰਘ ਮੌਜੂਦ ਸਨ।

## ਰਾਖਵਾਂਕਰਨ (ਹੈ ਤਾਂ ਵਿਚਾਰਨ ਵਾਲੀ ਗੱਲ)

**ਸਭ ਤੋਂ ਪਹਿਲਾਂ ਰਾਖਵਾਂਕਰਨ ਉੱਚੀ ਜਾਤ ਦੇ ਲੋਕਾਂ ਨੂੰ ਹੀ 5000 ਸਾਲ ਪਹਿਲਾਂ ਮਿਲਿਆ ਸੀ। ਉਹ ਸੀ ਪੜ੍ਹਨ ਦਾ ਤੇ ਸੰਪਤੀ ਰੱਖਣ ਦਾ ਅਧਿਕਾਰ। ਜਿਸ ਕਾਰਨ ਛੋਟੀ ਜਾਤਾਂ ਦੇ ਲੋਕ ਅਨਪੜ੍ਹ ਤੇ ਗਰੀਬ ਬਣੇ।**

**ਛੋਟੀਆਂ ਜਾਤਾਂ ਦੇ ਲੋਕਾਂ ਨੂੰ ਰਾਖਵਾਂਕਰਨ ਮਿਲੇ ਅਜੇ 70 ਸਾਲ ਵੀ ਨਹੀਂ ਹੋਏ ਕਿ ਵਿਰੋਧ ਹੋਣ ਲੱਗ ਪਏ ਨੇ ਜਦਕਿ ਉਚੀ ਜਾਤਾਂ ਨੂੰ ਰਾਖਵਾਂਕਰਨ 5 ਹਜ਼ਾਰ ਸਾਲ ਤੱਕ ਰਿਹਾ।**

**ਇਸ ਰਾਖਵੇਂਕਰਨ ਦਾ ਕਾਰਨ ਉਹ ਰਾਖਵਾਂਕਰਨ ਹੀ ਹੈ ਜਿਸ ਤਹਿਤ ਛੋਟੀ ਜਾਤਾਂ ਦੇ ਲੋਕਾਂ ਨੂੰ 5 ਹਜ਼ਾਰ ਸਾਲ ਤੱਕ ਨਾ ਤਾਂ ਪੜ੍ਹਨ ਹੀ ਦਿੱਤਾ ਗਿਆ ਤੇ ਨਾ ਹੀ ਕਿਸੇ ਸੰਪਤੀ ਦਾ ਮਾਲਕ ਹੀ ਬਣਨ ਦਿੱਤਾ ਗਿਆ।**

# ਪੁਰਾਣੇ ਵਿਦਿਆਰਥੀ ਇੰਸਪੈਕਟਰ ਜੀਤ ਸਿੰਘ ਨੂੰ ਸ਼ਰਧਾਂਜਲੀ

**ਨਵਾਂ ਸ਼ਹਿਰ–** ਦੇਸ਼ ਦੇ ਲੋਕਾਂ ਨੂੰ ਸੁਰੱਖਿਅਤ ਜੀਵਨ ਪ੍ਰਦਾਨ ਕਰਨ ਲਈ ਪੁਲਿਸ ਅਤੇ ਫੌਜ ਦੇ ਕਰਮਚਾਰੀ ਆਪਣੀ ਜਾਨ ਦੀ ਵੀ ਬਾਜ਼ੀ ਲਗਾ ਦਿੰਦੇ ਹਨ। ਇਹ ਸ਼ਬਦ ਚੌਂਕੀ ਇੰਚਾਰਜ ਸ. ਹਰਜਿੰਦਰ ਸਿੰਘ ਨੇ ਸਰਕਾਰੀ ਹਾਈ ਸਕੂਲ ਦੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਆਖੇ।ਉਹਨਾਂ ਕਿਹਾ ਕਿ ਪੰਜਾਬ ਪੁਲਿਸ ਵਿਚ ਇੰਸਪੈਕਟਰ ਜੀਤ ਸਿੰਘ ਇਸੇ ਸਕੂਲ ਦੇ ਵਿਦਿਆਥੀ ਸਨ। ਉਹ 22 ਅਪ੍ਰੈਲ 1965 ਨੂੰ ਪੁਲਿਸ ਵਿਚ ਭਾਰਤੀ ਹੋਏ ਅਤੇ 24 ਜੂਨ 1987 ਨੂੰ ਪੰਜਾਬ 'ਚ ਕਾਲੇ ਦੌਰ ਦੌਰਾਨ ਅਮਾਨਵੀ ਤੱਤਾਂ ਨਾਲ ਮੁਕਾਬਲਾ ਕਰਦਿਆਂ ਸ਼ਹੀਦੀ ਪ੍ਰਾਪਤ ਕਰ ਗਏ। ਪੁਲਿਸ ਨੂੰ ਹਮੇਸ਼ਾ ਇਸ ਬਹਾਦਰ ਸਿਪਾਹੀ ਦੀ ਕੁਰਬਾਨੀ 'ਤੇ ਮਾਣ ਰਹੇਗਾ।



ਇਸ ਮੌਕੇ ਪ੍ਰਿੰਸੀਪਲ ਸ੍ਰੀ ਕਰਨ ਸ਼ਰਮਾ ਅਤੇ ਡਾ. ਜਸਵੰਤ ਰਾਏ ਨੇ ਵੀ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਦੇਸ਼ ਦੀਆਂ ਸੁਰੱਖਿਆ ਫੋਰਸਾਂ ਵਿਚ ਭਰਤੀ ਹੋ ਕੇ ਦੇਸ਼ ਦੀ ਸੇਵਾ ਕਰਨ ਲਈ ਕਿਹਾ। ਅੰਤ ਵਿਚ ਚੌਂਕੀ ਇੰਚਾਰਜ ਸ. ਹਰਜਿੰਦਰ ਸਿੰਘ ਦਾ ਸਕੂਲ ਸਟਾਫ ਵੱਲੋਂ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਲੈਕਚਰਾਰ ਕੁਲਵਿੰਦਰ ਸਿੰਘ, ਬਲਵੀਰ ਚੰਦ, ਡਾ. ਜਸਵੰਤ ਰਾਏ, ਸੁਰਿੰਦਰ ਕੌਰ, ਪਰਮਿੰਦਰ ਕੌਰ, ਸੁਰੇਸ਼ ਕੁਮਾਰ, ਵਿਸ਼ਾਲ, ਵਨੀਤਾ ਰਾਣੀ, ਸੰਦੀਪ ਲਾਂਬਾ, ਕਮਲੇਸ਼ ਰਾਣੀ, ਗੁਰਵਿੰਦਰ ਕੌਰ, ਅਨਿਲ ਕੁਮਾਰ, ਰੋਹਿਤ ਰਾਂਗੜਾ, ਜਰਨੈਲ ਸਿੰਘ ਹੌਲਦਾਰ, ਕੁਲਵਿੰਦਰ ਸਿੰਘ ਤੇ ਸਕੂਲ ਵਿਦਿਆਰਥੀ ਹਾਜ਼ਰ ਸਨ।

# ਵਿਦੇਸ਼ੀ ਇਸਾਈ ਮਿਸ਼ਨਰੀਆਂ ਨੂੰ ਭਾਰਤ ਦਾ ਵੀਜ਼ਾ ਕਿਉਂ ਨਹੀਂ?

## ਚੌਧਰੀ ਸੰਤੋਖ ਸਿੰਘ ਐਮ. ਪੀ. ਮਸਲਾ ਲੋਕ ਸਭਾ ਵਿਚ ਉਠਾਉਣਗੇ

ਲੋਕ ਸਭਾ ਹਲਕਾ ਜਲੰਧਰ ਤੋਂ ਪਾਰਲੀਮੈਂਟ ਦੇ ਮੈਂਬਰ ਚੌਧਰੀ ਸੰਤੋਖ ਸਿੰਘ ਵਿਦੇਸ਼ੀ ਇਸਾਈ ਮਿਸ਼ਨਰੀਆਂ ਨੂੰ ਭਾਰਤ ਵਿਚ ਧਰਮ ਪ੍ਰਚਾਰ ਲਈ ਆਉਣ ਵਾਸਤੇ ਭਾਰਤ ਸਰਕਾਰ ਵੱਲੋਂ ਵੀਜ਼ਾ ਨਾ ਦਿੱਤੇ ਜਾਣ ਦਾ ਮਸਲਾ ਪਾਰਲੀਮੈਂਟ ਵਿਚ ਉਠਾਉਣਗੇ। ਉਹਨਾਂ ਨੇ ਇਹ ਭਰੋਸਾ ਇਕ ਇਸਾਈ ਵਫ਼ਦ ਨੂੰ ਦਿੱਤਾ। ਪਿਛਲੇ ਦਿਨੀਂ 6 ਕ੍ਰਿਸਚੀਅਨ ਫਰੰਟ ਨੇ ਉਹਨਾਂ ਨੂੰ ਮਿਲ ਕੇ ਕਿਹਾ ਸੀ ਕਿ ਸਾਰੇ ਭਾਰਤੀ ਧਰਮਾਂ ਦੇ ਧਰਮ ਪ੍ਰਚਾਰਕ ਇਸਾਈ ਦੇਸ਼ਾਂ ਵਿਚ ਆਪੋ ਆਪਣੇ ਧਰਮ ਦਾ ਪ੍ਰਚਾਰ ਉਥੇ ਕਰਦੇ ਹਨ ਅਤੇ ਧਰਮ ਪਰਿਵਰਤਨ ਵੀ ਕਰਦੇ ਹਨ। ਪਰ ਇਹ ਦੁੱਖ ਦੀ ਗੱਲ ਹੈ ਕਿ ਭਾਰਤ ਸਰਕਾਰ ਵੱਲੋਂ ਵਿਦੇਸ਼ੀ ਇਸਾਈ ਮਿਸ਼ਨਰੀਆਂ ਨੂੰ ਧਰਮ ਪ੍ਰਚਾਰ ਲਈ ਵੀਜ਼ਾ ਨਹੀਂ ਦਿੱਤਾ ਜਾ ਰਿਹਾ। ਇਹ ਇਸ ਦੇਸ਼ ਦੇ ਇਸਾਈਆਂ ਨਾਲ ਇਕ ਬਹੁਤ ਵੱਡਾ ਵਿਤਕਰਾ ਹੈ ਜੋ ਵਿਦੇਸ਼ਾਂ ਵਿਚ ਰਹਿੰਦੇ ਆਪਣੇ ਧਰਮ ਗੁਰੂਆਂ ਦਾ ਆਸ਼ੀਰਵਾਦ ਨਹੀਂ ਲੈ ਸਕਦੇ।



ਇਸ ਇਸਾਈ ਵਫ਼ਦ ਦੀ ਅਗਵਾਈ ਸ੍ਰੀ ਫਰੈਡੀ ਜੋਜ਼ਫ ਕਨਵੀਨਰ ਵਿਲੀਅਮ ਕੇਰੀ ਐਵਾਰਡ ਕਮੇਟੀ ਨੇ ਕੀਤੀ। ਉਹਨਾਂ ਕਿਹਾ ਕਿ ਸਰਕਾਰ ਆਖਦੀ ਹੈ ਕਿ ਵਿਦੇਸ਼ੀ ਇਸਾਈ ਮਿਸ਼ਨਰੀਆਂ ਨੂੰ ਵੀਜ਼ਾ ਇਸ ਕਰਕੇ ਨਹੀਂ ਦਿੱਤਾ ਜਾ ਰਿਹਾ ਕਿਉਂਕਿ ਉਹਨਾਂ ਉੱਤੇ ਭਾਰਤ ਵਿਚ ਹਮਲੇ ਹੁੰਦੇ ਹਨ। ਸ੍ਰੀ ਫਰੈਡੀ ਜੋਜ਼ਫ ਨੇ ਕਿਹਾ ਕਿ ਜੇਕਰ ਇਕ ਇਸਾਈ ਮਿਸ਼ਨਰੀ ਨੂੰ ਸਰਕਾਰ ਸੁਰੱਖਿਆ ਨਹੀਂ ਦੇ ਸਕਦੀ ਤਾਂ ਫਿਰ ਉਸਨੂੰ ਸਰਕਾਰ ਕਹਾਉਣ ਦਾ ਕੀ ਹੱਕ ਹੈ? ਉਹਨਾਂ ਕਿਹਾ ਕਿ ਸਰਕਾਰ ਕੁਝ ਕੱਟੜਪੰਥੀਆਂ ਨੂੰ ਜੇਕਰ ਇਹ ਨਹੀਂ ਸਮਝਾ ਸਕਦੀ ਕਿ ਭਾਰਤ ਇਕ ਸੈਕੂਲਰ ਦੇਸ਼ ਹੈ। ਇੱਥੇ ਸਾਰੇ ਧਰਮਾਂ ਦਾ ਪ੍ਰਚਾਰ ਹੋ ਸਕਦਾ ਹੈ ਤਾਂ ਫਿਰ ਇਸ ਦੇਸ਼ ਨੂੰ ਸੈਕੂਲਰ ਕਹਾਉਣ ਦਾ ਕੀ ਹੈ?

ਸ੍ਰੀ ਫਰੈਡੀ ਜੋਜ਼ਫ ਨੇ ਕਿਹਾ ਕਿ ਕੱਟੜਪੰਥੀ ਇਹ ਆਖਦੇ ਹਨ ਕਿ ਵਿਦੇਸ਼ੀ ਮਿਸ਼ਨਰੀਆਂ ਦੇ ਭਾਰਤ ਵਿਚ ਪ੍ਰਚਾਰ ਤੋਂ ਪ੍ਰਭਾਵਿਤ ਹੋ ਕੇ ਭਾਰਤੀ ਇਸਾਈ ਬਣ ਰਹੇ ਹਨ। ਜੋ ਭਾਰਤੀ ਇਸਾਈ ਧਰਮ ਅਪਣਾਉਣਾ ਚਾਹੁੰਦੇ ਹਨ, ਉਹਨਾਂ ਨੂੰ ਆਪਣਾ ਧਰਮ ਬਦਲਣ ਦਾ ਹੱਕ ਨਹੀਂ ਹੈ? ਜਦੋਂ ਭਾਰਤ ਦਾ ਸੰਵਿਧਾਨ ਹਰ ਭਾਰਤੀ ਨੂੰ ਆਪਣੀ ਇੱਛਾ ਦਾ ਧਰਮ ਅਪਣਾਉਣ ਦਾ ਹੱਕ ਦਿੰਦਾ ਹੈ ਤਾਂ ਇਹਨਾਂ ਕੱਟੜਪੰਥੀਆਂ ਨੂੰ ਧਰਮ ਪਰਿਵਰਤਨ ਦਾ ਵਿਰੋਧ ਕਰਨ ਦਾ ਕੀ ਹੱਕ ਹੈ। ਸ੍ਰੀ ਫਰੈਡੀ ਜੋਜ਼ਫ ਨੇ ਦੱਸਿਆ ਕਿ ਭਾਰਤ ਸਰਕਾਰ ਹਿੰਦੂ ਕੱਟੜਪੰਥੀਆਂ ਦੇ ਗੈਰ ਕਾਨੂੰਨੀ ਅਤੇ ਗੈਰ ਇਖਲਾਕੀ ਦਬਾਅ ਕਰਨ ਵਿਦੇਸ਼ੀ ਇਸਾਈ ਮਿਸ਼ਨਰੀਆਂ ਨੂੰ ਵੀਜ਼ਾ ਨਹੀਂ ਦੇ ਰਹੀ। ਜ ੇਕਰ ਕੁਝ ਕੱਟੜਪੰਥੀਆਂ ਦੇ ਆਖੇ ਸਰਕਾਰ ਵਿਦੇਸ਼ੀ ਮਿਸ਼ਨਰੀਆਂ ਨੂੰ ਭਾਰਤ ਵਿਚ ਦਾਖਲ ਹੋਣ ਤੋਂ ਰੋਕਦੀ ਹੈ ਤਾਂ ਇਹ ਉਸ ਲਈ ਸ਼ਰਮ ਦੀ ਗੱਲ ਹੈ।

ਸ੍ਰੀ ਫਰੈਡੀ ਜੋਜ਼ਫ ਨੇ ਕਿਹਾ ਕਿ ਹਿੰਦੂ ਕੱਟੜਪੰਥੀ ਦਲਿਤਾਂ ਨੂੰ ਮੱਲੋ ਮੱਲੀ ਹਿੰਦੂ ਆਖ ਰਹੇ ਹਨ, ਜਦਕਿ ਉਹ ਹਿੰਦੂ ਹੈ ਹੀ ਨਹੀਂ। ਜੇ ਮੰਨ ਵੀ ਲਿਆ ਜਾਵੇ ਕਿ ਉਹ ਹਿੰਦੂ ਹਨ ਤਾਂ ਕੀ ਆਪਣੀ ਮਰਜ਼ੀ ਦਾ ਧਰਮ ਧਾਰਨ ਕਰਨ ਦਾ ਉਹਨਾਂ ਦਾ ਹੱਕ ਇਸ ਕਰਕੇ ਖਤਮ ਹੋ ਜਾਂਦਾ ਹੈ ਕਿ ਉਹ ਹਿੰਦੂ ਹਨ?

ਉਹਨਾਂ ਕਿਹਾ ਕਿ ਭਾਰਤੀ ਧਰਮਾਂ ਦੇ ਧਰਮ ਪ੍ਰਚਾਰਕ ਇਸਾਈ ਦੇਸ਼ਾਂ ਵਿਚ ਖੁੱਲ੍ਹ ਕੇ ਪ੍ਰਚਾਰ ਕਰ ਰਹੇ ਹਨ ਅਤੇ ਧਰਮ ਪਰਿਵਰਤਨ ਵੀ ਕਰ ਰਹੇ ਹਨ। ਪਿਛਲੇ 10 ਸਾਲਾਂ ਵਿਚ ਇੰਗਲੈਂਡ, ਅਮਰੀਕਾ, ਕਨੇਡਾ ਅਤੇ ਆਸਟ੍ਰੇਲੀਆ ਵਰਗੇ ਦੇਸ਼ਾਂ ਵਿਚ ਇਕ ਲੱਖ ਤੋਂ ਵੱਧ ਲੋਕ ਇਸਲਾਮ, ਬੁੱਧ ਧਰਮ, ਹਿੰਦੂ ਧਰਮ ਅਤੇ ਸਿੱਖ ਧਰਮ ਅਪਣਾ ਚੁੱਕੇ ਹਨ ਪਰ ਕਿਸੇ ਇਸਾਈ ਸੰਗਠਨ ਨੇ ਇਸ ਦਾ ਵਿਰੋਧ ਨਹੀਂ ਕੀਤਾ। ਅੱਜ ਤੋਂ ਤਿੰਨ ਸਾਲ ਪਹਿਲਾਂ ਤੱਕ ਇਸਾਈ ਸੰਸਾਰ ਦੀ ਸਭ ਤੋਂ ਵੱਡੀ ਆਬਾਦੀ ਸਨ ਪਰ ਤਿੰਨ ਸਾਲ ਪਹਿਲਾਂ ਇਸਾਈ ਆ-ਬਾਦੀ ਨੰਬਰ ਦੋ ਤੇ ਆ ਗਈ ਹੈ। ਮੁਸਲਮਾਨ ਨੰਬਰ ਇਕ 'ਤੇ ਆ ਗਏ ਹਨ ਪਰ ਕਿਸੇ ਵੀ ਇਸਾਈ ਸੰਗਠਨ ਨੇ ਹੋ ਹੱਲਾ ਨਹੀਂ ਕੀਤਾ।

# ਝੱਲੀ ਦੀ ਹੱਤਿਆ ਦੇ ਦੋਸ਼ੀਆਂ ਦੀ ਗ੍ਰਿਫਤਾਰੀ ਲਈ ਬਸਪਾ ਨੇ ਕੀਤਾ ਪ੍ਰਦਰਸ਼ਨ

**ਫਗਵਾੜਾ ( ਬੀ. ਕੇ. ਰੱਤੂ )–** ਬਹੁਜਨ ਸਮਾਜ ਪਾਰਟੀ (ਬਸਪਾ) ਵਲੋਂ ਆਈਜੀ ਜਲੰਧਰ ਰੇਂਜ ਦੇ ਦਫਤਰ ਦੇ ਬਾਹਰ ਕੁਲਵਿੰਦਰ ਝੱਲੀ ਦੇ ਕਾਤਲਾਂ ਦੀ ਗ੍ਰਿਫਤਾਰੀ ਨੂੰ ਲੈ ਕੇ ਪ੍ਰਦਰਸ਼ਨ ਕੀਤਾ ਗਿਆ ਤੇ ਦਫਤਰ ਦੇ ਬਾਹਰ ਧਰਨਾ ਦਿੱਤਾ ਗਿਆ। ਬਸਪਾ ਦੇ ਸੂਬਾ ਜਨਰਲ ਸਕੱਤਰ ਤੇ ਇੰਚਾਰਜ ਜਲੰਧਰ ਜੋਨ ਬਲਵਿੰਦਰ ਕੁਮਾਰ ਦੀ ਅਗਵਾਈ ਵਿਚ ਦਿੱਤੇ ਇਸ ਧਰਨੇ ਵਿਚ ਬਸਪਾ ਆਗੂਆਂ ਤੇ ਵਰਕਰਾਂ ਨੇ ਅਕਾਲੀ ਭਾਜਪਾ ਸਰਕਾਰ, ਐਸਐਸਪੀ ਜਲੰਧਰ ਦੇਹਾਤੀ ਹਰਮੋਹਨ ਸਿੰਘ ਸੰਧੂ ਤੇ ਐਸਐਚਓ ਮਕਸੂਦਾ ਸੁਖਪਾਲ ਸਿੰਘ ਰੰਧਾਵਾ ਦੇ ਖਿਲਾਫ ਨਾਅਰੇਬਾਜੀ ਕੀਤੀ। ਧਰਨੇ ਨੂੰ ਸੰਬੋਧਤ ਕਰਦਿਆਂ ਬਸਪਾ ਸੂਬਾ ਜਨਰਲ ਸਕੱਤਰ ਬਲਵਿੰਦਰ ਕੁਮਾਰ ਤੇ ਮਾਸਟਰ ਰਾਮ ਲੁਭਾਇਆ, ਮੰਡਲ ਕੋਆਰਡੀਨੇਟਰ ਸੇਵਾ ਸਿੰਘ ਰੱਤੂ, ਸੁਖਵਿੰਦਰ ਕੋਟਲੀ ਸੀਨੀ. ਆਗੂ ਬਸਪਾ, ਹਲਕਾ ਆਦਮਪੁਰ ਪ੍ਰਧਾਨ ਮਦਨ ਮੱਦੀ ਨੇ ਕਿਹਾ ਕਿ ਕੁਲਵਿੰਦਰ ਝੱਲੀ ਦੇ ਕਤਲ ਨੂੰ ਦੋ ਮਹੀਨੇ ਤੋਂ ਉੱਤੇ ਦਾ ਸਮਾਂ ਹੋ ਗਿਆ ਹੈ, ਪਰ ਪੁਲਿਸ ਨੇ ਇਸ ਮਾਮਲੇ ਵਿਚ ਅਜੇ ਤੱਕ ਸਿਰਫ ਦੋ ਹੀ ਦੋਸ਼ੀ ਗ੍ਰਿਫਤਾਰ ਕੀਤੇ ਹਨ ਜਦਕਿ ਬਾਕੀ ਦੇ ਦੋਸ਼ੀ



ਪੁਲਿਸ ਦੀ ਗ੍ਰਿਫਤ ਤੋਂ ਦੂਰ ਹਨ। ਬਸਪਾ ਆਗੂਆਂ ਨੇ ਕਿਹਾ ਕਿ ਇਸ ਮਾਮਲੇ ਵਿਚ ਐਸਐਸਪੀ ਜਲੰਧਰ ਦੇਹਾਤੀ ਹਰਮੋਹਨ ਸਿੰਘ ਸੰਧੂ ਤੇ ਐਸਐਚਓ ਮਕਸੂਦਾ ਸੁਖਪਾਲ ਸਿੰਘ ਰੰਧਾਵਾ ਦੀ ਕਾਰੁਗਜਾਰੀ ਬੇਹੱਦ ਨਿਰਾਸ਼ਾਜਨਕ ਰਹੀ ਹੈ ਤੇ ਕਤਲ ਵਰਗੇ ਸੰਗੀਨ ਮਾਮਲੇ ਵਿਚ ਵੀ ਇਹ ਪੁਲਿਸ ਅਧਿਕਾਰੀ ਢਿਲਮੱਠ ਕਰਕੇ ਦੋਸ਼ੀਆਂ ਨੂੰ ਇਕ ਤਰ੍ਹਾਂ ਦੇ ਨਾਲ ਬਚਾਉਣ ਵਿਚ ਲੱਗੇ ਹੋਏ ਹਨ। ਬਸਪਾ ਆਗੂਆਂ ਨੇ ਕਿਹਾ ਕਿ ਇਸ ਤਰ੍ਹਾਂ ਹੀ ਹੋਰ ਮਾਮਲਿਆਂ ਵਿਚ ਵੀ ਪੁਲਿਸ ਅਧਿਕਾਰੀਆਂ ਵਲੋਂ ਪੀੜਤਾਂ ਨੂੰ ਇਨਸਾਫ ਦੇਣ ਦੀ ਬਜਾਏ ਲਟਕਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਐਸਐਸਪੀ ਦੇਹਾਤੀ ਹੁਣ ਛੁੱਟੀ 'ਤੇ ਹਨ ਪਰ ਇਸ ਤੋਂ ਪਹਿਲਾਂ ਵੀ ਨਾ ਤੇ ਉਹ ਰੈਗੂਲਰ ਪੀੜਤ ਲੋਕਾਂ ਨੂੰ ਮਿਲਦੇ ਸਨ ਤੇ ਨਾ ਹੀ ਫੋਨ 'ਤੇ ਉਨ੍ਹਾਂ ਨਾਲ ਗੱਲਬਾਤ ਕਰਨਾ ਸੰਭਵ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀ ਹੀ ਕਾਰਗੁਜਾਰੀ ਤਕਰੀਬਨ ਹੇਠਲੇ ਪੱਧਰ 'ਤੇ ਹੈ। ਦੇਹਾਤੀ ਪੁਲਿਸ ਦੀ ਇਸ ਤਰ੍ਹਾਂ ਦੀ ਕਾਰਗੁਜਾਰੀ ਨੂੰ ਲੈ ਕੇ ਲੋਕਾਂ ਵਿਚ ਰੋਹ ਦੀ ਭਾਵਨਾ ਪੈਦਾ ਹੋ ਰਹੀ ਹੈ। ਆਈਜੀ ਦਫਤਰ ਵਿਚ ਜਲੰਧਰ ਦੇਹਾਤੀ ਦੇ ਐਸਪੀ(ਹੈਡਕੁਆਰਟਰ) ਕੁਲੰਵਤ ਸਿੰਘ ਹੀਰ ਬਸਪਾ ਆਗੂਆਂ ਨਾਲ ਗੱਲਬਾਤ ਕਰਨ ਪਹੁੰਚੇ ਤੇ ਉਨ੍ਹਾਂ ਭਰੋਸਾ ਦੁਵਾਇਆ ਕਿ ਬਸਪਾ ਆਗੂਆਂ ਵਲੋਂ ਧਿਆਨ ਵਿਚ ਲਿਆਂਦੇ ਅਤਿਆਚਾਰਾਂ ਨਾਲ ਸਬੰਧਤ ਕੇਸਾਂ ਨੂੰ ਉਹ ਆਪ ਦੇਖਣਗੇ ਤੇ ਜਲਦ ਕਾਰਵਾਈ ਕਰਨਗੇ। ਬਸਪਾ ਆਗੂਆਂ ਨੇ ਉਨ੍ਹਾਂ ਦੇ ਧਿਆਨ ਵਿਚ ਫਿਲੌਰ ਦੇ ਪਿੰਡ ਕੁਤਬੇਵਾਲ ਦੇ ਨਵੇਂ ਬਣੇ ਸਰਪੰਚ ਤੇ ਨਜਾਇਜ ਪਰਚਾ, ਨਕੋਦਰ ਦੇ ਪਿੰਡ ਸ਼ਕਰਪੁਰ ਵਿਚ ਬਲਾਤਕਾਰ ਦੇ ਦੋਸ਼ੀਆਂ ਦੀ ਗ੍ਰਿਫਤਾਰੀ, ਨਕੋਦਰ ਦੇ ਮਹੇਮਾ ਪਿੰਡ ਦਾ ਕੇਸ, ਸੰਘਵਾਲ ਪਿੰਡ ਵਿਚ ਐਕਸੀਡੈਂਟ ਦੇ ਨਾਲ ਸਬੰਧਤ ਕੇਸ ਉਨ੍ਹਾਂ ਦੇ ਨੋਟਿਸ ਵਿਚ ਲਿਆਂਦੇ। ਇਸ ਮੌਕੇ 'ਤੇ ਬਸਪਾ ਆਗੂਆਂ ਨੇ ਕਿਹਾ ਕਿ ਜੇਕਰ ਪੁਲਿਸ ਨੇ ਇਨ੍ਹਾਂ ਮਾਮਲਿਆਂ ਵਿਚ ਇਨਸਾਫ ਨਹੀਂ ਦਿੱਤਾ ਤਾਂ ਲੜੀਵਾਰ ਪ੍ਰਦਰਸ਼ਨ ਕੀਤੇ ਜਾਣਗੇ। ਇਸ ਮੌਕੇ 'ਤੇ ਮੰਡਲ ਕੋਆਰਡੀਨੇਟਰ ਕੇਵਲ ਭੱਟੀ, ਸੁਰਿੰਦਰ ਮਹੇ, ਗੋਪਾਲ ਚੰਦ ਢਿਲਵਾਂ, ਜਿਲ੍ਹਾ ਪ੍ਰਧਾਨ ਸਰਵਣ ਰਾਣਾ, ਰਾਕੇਸ਼ ਬੱਗਾ, ਨਿੰਦਰ ਪੰਚ, ਸਤਪਾਲ ਮਕਸੂਦਾ, ਵਿਜੈ ਯਾਦਵ, ਬਲਜੀਤ ਮਿਠੂਬਸਤੀ, ਹਰਜਿੰਦਰ ਸ਼ੇਖੇ, ਹਰਪ੍ਰੀਤ ਸੁੱਚੀਪਿੰਡ, ਪੁਰਸ਼ੋਤਮ ਪਾਸ਼ੀ, ਰੂਬੀ ਬੱਲ, ਬਿੰਦਰ ਲਾਖਾ ਆਦਿ ਵੀ ਮੌਜੂਦ ਸਨ।

# ਮੁੱਖ ਮੰਤਰੀ ਦਾ ਹਲਕਾ ਲੰਬੀ ਹੋ ਰਿਹੈ ਹਾਈਟੈੱਕ

**ਬਠਿੰਡਾ–** ਮੁੱਖ ਮੰਤਰੀ ਪੰਜਾਬ ਦਾ ਹਲਕਾ ਲੰਬੀ, ਪੰਜਾਬ ਦਾ ਇਕਲੌਤਾ ਹਲਕਾ ਹੈ ਜਿਸ ਵਿੱਚ ਹੁਣ ਮਾਡਰਨ ਸ਼ਮਸ਼ਾਨਘਾਟ ਬਣਨ ਲੱਗੇ ਹਨ। ਮੁੱਢਲੇ ਪੜਾਅ 'ਤੇ ਕਰੀਬ ਅੱਠ ਪਿੰਡਾਂ ਵਿੱਚ ਮਾਡਰਨ ਸ਼ਮਸ਼ਾਨਘਾਟ ਬਣਨੇ ਸ਼ੁਰੂ ਹੋ ਚੁੱਕੇ ਹਨ। ਇਨ੍ਹਾਂ ਪਿੰਡਾਂ ਨੂੰ ਸ਼ਮਸ਼ਾਨ ਭੱਠੀ ਲਈ ਪੈਸਾ ਜਾਰੀ ਹੋ ਚੁੱਕਾ ਹੈ। ਮਾਡਰਨ ਸ਼ਮਸ਼ਾਨਘਾਟ ਵਿੱਚ ਅਜਿਹੀ ਭੱਠੀ ਬਣਾਈ ਜਾ ਰਹੀ ਹੈ ਜਿਸ ਵਿੱਚ ਲੱਕੜ ਦੀ ਖਪਤ ਬਹੁਤ ਘੱਟ ਹੁੰਦੀ ਹੈ। ਪੰਚਾਇਤਾਂ ਵੱਲੋਂ ਇਹ ਭੱਠੀ ਬਣਾਈ ਜਾ ਰਹੀ ਹੈ। ਸੂਤਰ ਦੱਸਦੇ ਹਨ ਕਿ ਪੰਚਾਇਤਾਂ ਵੱਲੋਂ ਅਜਿਹੀਆਂ ਭੱਠੀਆਂ ਲਈ ਸੰਗਤ ਦਰਸ਼ਨਾਂ ਵਿੱਚ ਫੰਡ ਮੰਗੇ ਜਾਣ ਲੱਗੇ ਹਨ। ਬਲਾਕ ਲੰਬੀ ਵਿੱਚ ਕਰੀਬ 57 ਪਿੰਡ ਪੈਂਦੇ ਹਨ ਜਿਨ੍ਹਾਂ ਵਿੱਚੋਂ ਕਈ ਪਿੰਡਾਂ ਵਿੱਚ ਮਾਡਰਨ ਸ਼ਮਸ਼ਾਨਘਾਟਾਂ ਦੀ ਸ਼ੁਰੂਆਤ ਹੋਈ ਹੈ। ਮੁੱਖ ਮੰਤਰੀ ਪੰਜਾਬ ਵੱਲੋਂ ਆਪਣੇ ਹਲਕੇ ਦੇ ਪਿੰਡਾਂ ਦੇ ਸ਼ਮਸ਼ਾਨਘਾਟਾਂ ਨੂੰ ਪਹਿਲਾਂ ਹੀ ਬਹੁਤ ਫੰਡ ਜਾਰੀ ਕੀਤੇ ਜਾ ਚੁੱਕੇ ਹਨ ਅਤੇ ਹੁਣ ਇਨ੍ਹਾਂ ਨੂੰ ਮਾਡਰਨ ਬਣਾਇਆ ਜਾਣ ਲੱਗਾ ਹੈ। ਸ਼ਮਸ਼ਾਨ ਭੱਠੀ 'ਤੇ ਪੌਣੇ ਦੋ ਲੱਖ ਰੁਪਏ ਖਰਚ ਆ ਰਹੇ ਹਨ। ਹਲਕਾ ਲੰਬੀ ਦੇ ਪਿੰਡ ਦਿਉਣ ਖੇੜਾ, ਖੁੱਡੀਆਂ ਗੁਲਾਬ ਸਿੰਘ, ਪਿੰਡ ਭਿਟੀਵਾਲਾ, ਨੰਬਰਦਾਰ ਪੱਤੀ ਲੰਬੀ, ਤਪਾ ਖੇੜਾ, ਲਾਲ ਬਾਈ ਉੱਤਰੀ, ਚੰਨੂ ਅਤੇ ਰਸੂਲਪੁਰ ਖੇੜਾ ਆਦਿ ਵਿੱਚ ਸ਼ਮਸ਼ਾਨ ਭੱਠੀ ਲਈ ਪੈਸਾ ਜਾਰੀ ਹੋ ਚੁੱਕਾ ਹੈ। ਇਹ ਸ਼ਮਸ਼ਾਨਘਾਟ ਪ੍ਰਦੂਸ਼ਣ ਰਹਿਤ ਹਨ ਜਿਸ ਕਰਕੇ ਹਰ ਪਿੰਡ ਵੱਲੋਂ ਇਸ ਦੀ ਮੰਗ ਉਠ ਰਹੀ ਹੈ। ਪ੍ਰਤੀ ਪਿੰਡ ਪੌਣੇ ਦੋ ਲੱਖ ਅਤੇ 1.58 ਲੱਖ ਦੀ ਰਾਸ਼ੀ ਇਸ ਮਕਸਦ ਲਈ ਜਾਰੀ ਹੋਈ ਹੈ।

ਪੰਜਾਬ ਦੇ ਕਿਸੇ ਹੋਰ ਹਲਕੇ ਵਿੱਚ ਮਾਡਰਨ ਸ਼ਮਸ਼ਾਨਘਾਟਾਂ ਲਈ ਕੋਈ ਫੰਡ ਜਾਰੀ ਨਹੀਂ ਹੋਇਆ। ਲੰਬੀ ਹਲਕੇ ਦੇ ਪਿੰਡ ਖੁੱਡੀਆਂ ਗੁਲਾਬ ਸਿੰਘ ਦੇ ਸਰਪੰਚ ਦਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡ ਵਿੱਚ ਜਨਰਲ ਵਰਗ ਅਤੇ ਦਲਿਤ ਭਾਈਚਾਰੇ ਦਾ ਵੱਖੋ ਵੱਖਰਾ ਸ਼ਮਸ਼ਾਨਘਾਟ ਹੈ ਅਤੇ ਇਨ੍ਹਾਂ ਦੋਵਾਂ ਵਿੱਚ ਸ਼ਮਸ਼ਾਨ ਭੱਠੀ ਤਿਆਰ ਕਰਾਈ ਜਾ ਰਹੀ ਹੈ ਜਿਨ੍ਹਾਂ ਵਿੱਚ ਲੱਕੜ ਦੀ ਖਪਤ ਬਹੁਤ ਘੱਟ ਹੁੰਦੀ ਹੈ ਅਤੇ ਪ੍ਰਦੂਸ਼ਣ ਵੀ ਨਹੀਂ ਫੈਲਦਾ। ਸਰਪੰਚਾਂ ਨੇ ਦੱਸਿਆ ਕਿ ਦੋ ਤਰ੍ਹਾਂ ਦੀਆਂ ਸ਼ਮਸ਼ਾਨ ਭੱਠੀਆਂ ਤਿਆਰ ਹੋ ਰਹੀਆਂ ਹਨ ਜਿਨ੍ਹਾਂ ਵਿੱਚੋਂ ਇੱਕ ਖੁੱਲ੍ਹੀ ਭੱਠੀ ਹੈ ਜਿਸ 'ਤੇ ਘੱਟ ਲਾਗਤ ਆਉਂਦੀ ਹੈ ਅਤੇ ਇੱਕ ਬੰਦ ਭੱਠੀ ਹੈ ਜਿਸ 'ਤੇ ਪੌਣੇ ਦੋ ਲੱਖ ਰੁਪਏ ਖਰਚਾ ਆਉਂਦਾ ਹੈ। ਬਲਾਕ ਵਿਕਾਸ ਤੇ ਪੰਚਾਇਤ ਅਫਸਰ ਲੰਬੀ ਬਲਵਿੰਦਰ ਸਿੰਘ ਦਾ ਕਹਿਣਾ ਸੀ ਕਿ ਪ੍ਰਦੂਸ਼ਣ ਰਹਿਤ ਸ਼ਮਸ਼ਾਨ ਭੱਠੀ ਦੀ ਮੰਗ ਹਰ ਪਿੰਡ ਵਿੱਚੋਂ ਉਠ ਰਹੀ ਹੈ ਕਿਉਂਕਿ ਅਜਿਹੇ ਸ਼ਮਸ਼ਾਨਘਾਟਾਂ ਵਿੱਚ ਲੱਕੜ ਦੀ ਖਪਤ ਸਿਰਫ਼ 50 ਕਿਲੋ ਹੀ ਹੁੰਦੀ ਹੈ। ਉਨ੍ਹਾਂ ਦੱਸਿਆ ਕਿ ਕੁਝ ਪਿੰਡਾਂ ਵਿੱਚ ਇਹ ਸ਼ਮਸ਼ਾਨ ਭੱਠੀ ਵਾਲੇ ਸ਼ਮਸ਼ਾਨ ਘਾਟ ਤਿਆਰ ਹੋ ਚੁੱਕੇ ਹਨ। ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਮੁਕਤਸਰ ਨਵਲ ਰਾਮ ਦਾ ਕਹਿਣਾ ਸੀ ਕਿ ਰੁਟੀਨ ਵਿੱਚ ਹੀ ਸੰਗਤ ਦਰਸ਼ਨ ਪ੍ਰੋਗਰਾਮਾਂ ਵਿੱਚ ਸ਼ਮਸ਼ਾਨ ਭੱਠੀ ਲਈ ਫੰਡ ਜਾਰੀ ਹੋਏ ਹਨ, ਨਾ ਕਿ ਕਿਸੇ ਵਿਸ਼ੇਸ਼ ਮੁਹਿੰਮ ਦੇ ਤਹਿਤ। ਡੀਸੀ ਸੁਮੀਤ ਜਾਰੰਗਲ ਨੇ ਇਸ ਮਾਮਲੇ 'ਤੇ ਅਣਜਾਣਤਾ ਜ਼ਾਹਰ ਕੀਤੀ।

# ਟਾਈਟਲਰ ਕੇਸ: ਸੀਬੀਆਈ ਨੇ ਜਾਂਚ ਲਈ ਚਾਰ ਮਹੀਨੇ ਦਾ ਸਮਾਂ ਮੰਗਿਆ

**ਨਵੀਂ ਦਿੱਲੀ–** ਸੀਬੀਆਈ ਨੇ ਦਿੱਲੀ ਦੀ ਅਦਾਲਤ ਨੂੰ ਕਿਹਾ ਕਿ 1984 ਦੇ ਸਿੱਖ ਕਤਲੇਆਮ ਕੇਸ ਦੀ ਅਗਲੀ ਪੜਤਾਲ ਪੂਰੀ ਕਰਨ ਲਈ ਘੱਟੋ-ਘੱਟ ਚਾਰ ਮਹੀਨਿਆਂ ਦਾ ਸਮਾਂ ਚਾਹੀਦਾ ਹੈ। ਇਸ ਮਾਮਲੇ ਵਿੱਚ ਕਾਂਗਰਸ ਆਗੂ ਜਗਦੀਸ਼ ਟਾਇਟਲਰ ਨੂੰ ਕਲੀਨ ਚਿਟ ਦਿੱਤੀ ਗਈ ਸੀ। ਜਾਂਚ ਏਜੰਸੀ ਨੇ ਅਡੀਸ਼ਨਲ ਚੀਫ ਮੈਟੋਰਪਾਲਿਟਨ ਮੈਜਿਸਟਰੇਟ ਸ਼ਿਵਾਲੀ ਸ਼ਰਮਾ ਅੱਗੇ ਦਲੀਲ ਦਿੱਤੀ, ਜਿਨ੍ਹਾਂ ਨੇ ਇਸ ਜਾਂਚ ਵਿੱਚ ਤੇਜ਼ੀ ਲਿਆਉਣ ਅਤੇ ਆਖ਼ਰੀ ਰਿਪੋਰਟ ਦਾਖ਼ਲ ਕਰਨ ਦਾ ਨਿਰਦੇਸ਼ ਦਿੱਤਾ ਸੀ। ਮੈਜਿਸਟਰੇਟ ਨੇ ਸੀਬੀਆਈ ਨੂੰ ਕਿਹਾ ਕਿ ਉਹ ਆਖ਼ਰੀ ਰਿਪੋਰਟ ਦਾਖ਼ਲ ਕਰੇ। ਮੈਜਿਸਟਰੇਟ ਨੇ ਜਾਂਚ ਏਜੰਸੀ ਨੂੰ ਪੁੱਛਿਆ ਕਿ ਜਾਂਚ ਪੂਰੀ ਕਰਨ



ਲਈ ਕਿੰਨਾ ਸਮਾਂ ਚਾਹੀਦਾ ਹੈ? ਸੀਬੀਆਈ ਅਧਿਕਾਰੀਆਂ ਨੇ ਕਿਹਾ ਕਿ ਉਹ ਕੁਝ ਏਜੰਸੀਆਂ ਦੇ ਜਵਾਬ ਦਾ ਇੰਤਜ਼ਾਰ ਕਰ ਰਹੇ ਹਨ, ਜਿਸ ਵਿੱਚ ਕੁਝ ਸਮਾਂ ਲੱਗੇਗਾ। ਪੜਤਾਲ ਪੂਰੀ ਕਰਨ ਲਈ ਘੱਟੋ-ਘੱਟ ਚਾਰ ਮਹੀਨੇ ਦਾ ਸਮਾਂ ਲੱਗੇਗਾ। ਅਦਾਲਤ ਨੇ ਮਾਮਲੇ ਦੀ ਅਗਲੀ ਸੁਣਵਾਈ 16 ਫਰਵਰੀ 'ਤੇ ਪਾ ਦਿੱਤੀ ਹੈ। ਇਸੇ ਦੌਰਾਨ ਦੰਗਾ ਪੀੜਤਾਂ ਦੀ ਨੁਮਾਇੰਦਗੀ ਕਰਨ ਵਾਲੇ ਐਚ ਐਸ ਫੂਲਕਾ ਨੇ ਦੋਸ਼ ਲਾਇਆ ਕਿ ਸੀਬੀਆਈ ਇਸ ਮਾਮਲੇ ਵਿੱਚ ਟਾਇਟਲਰ ਨੂੰ ਤਿੰਨ ਵਾਰ ਕਲੀਨ ਚਿੱਟ ਦੇ ਕੇ ਉਸ ਦਾ ਬਚਾਅ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜਾਂਚ ਪੂਰੀ ਕਰਨ ਵਿੱਚ ਉਹ ਏਜੰਸੀ ਨੂੰ ਹਰ ਤਰ੍ਹਾਂ ਦਾ ਸਮਰਥਨ ਦੇਣ ਨੂੰ ਤਿਆਰ ਹਨ। ਇਸ ਦੌਰਾਨ ਅਦਾਲਤ ਨੇ ਜਦੋਂ ਪੱਛਿਆ ਕਿ ਉਹ ਨਰਿੰਦਰ ਸਿੰਘ ਨੂੰ ਮਨਾ ਸਕਦੇ ਹਨ ਤੇ ਜਾਂਚ ਵਿੱਚ ਸ਼ਾਮਲ ਕਰਨ ਲਈ ਭਾਰਤ ਲਿਆ ਸਕਦੇ ਹਨ ਤਾਂ ਉਨ੍ਹਾਂ ਕਿਹਾ ਕਿ ਉਹ ਉਨ੍ਹਾਂ ਦੇ ਕਾਬੂ ਵਿੱਚ ਨਹੀਂ ਹਨ। ਦੱਸਣਯੋਗ ਹੈ ਕਿ ਨਰਿੰਦਰ ਸਿੰਘ ਕੈਨੇਡਾ ਟਾਇਟਲਰ ਖ਼ਿਲਾਫ਼ ਇੱਕ ਮੁੱਖ ਗਵਾਹ ਦਾ ਬੇਟਾ ਹੈ। ਸੀਬੀਆਈ ਦੇ ਇੱਕ ਸੀਨੀਅਰ ਅਧਿਕਾਰੀ ਦਾ ਕਹਿਣਾ ਸੀ ਕਿ ਨਰਿੰਦਰ ਸਿੰਘ ਨੇ ਭਾਰਤ ਆਉਣ ਅਤੇ ਜਾਂਚ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਹੈ।

# ਸਾਫ਼-ਸੁਥਰੀ, ਲੋਕ-ਹਿੱਤੂ ਅਗਲੇਰੀ ਸਰਕਾਰ ਬਣਨ ਪ੍ਰਤੀ ਖੜ੍ਹੇ ਹੋ ਰਹੇ ਸ਼ੰਕੇ

**ਪੰਜਾਬ ਦੇ ਆਮ ਲੋਕਾਂ ਦੀਆਂ ਸਮੱਸਿਆਵਾਂ ਅਤੇ ਪੀੜਾ ਨਾ ਸਮਝ ਕੇ ਰਾਜਨੀਤਕ ਪਾਰਟੀਆਂ ਲੋਕਾਂ ਨੂੰ ਲਾਰੇ-ਲੱਪੇ ਲਾਉਣ ਤੇ ਵਾਅਦੇ ਕਰਨ ਦੇ ਰਾਹ ਪਈਆਂ ਹੋਈਆਂ ਹਨ ਅਤੇ ਆਪਣੀ ਸਵਾਰਥ-ਸਿੱਧੀ ਲਈ ਆਪੋ-ਆਪਣੀ ਡਫ਼ਲੀ ਵਜਾ ਰਹੀਆਂ ਹਨ। ਪੰਜਾਬ ਦਾ ਗੰਧਲਾ ਹੋਇਆ ਮਾਹੌਲ ਨਿੱਤ ਪ੍ਰਤੀ ਹੋਰ ਵੀ ਤਨਾਅ ਪੂਰਨ ਹੁੰਦਾ ਦਿੱਸਦਾ ਹੈ। ਇਹੋ ਜਿਹੀ ਸਥਿਤੀ 'ਚ ਪੰਜਾਬ ਦੇ ਲੋਕਾਂ ਨੂੰ ਸਾਫ਼-ਸੁਥਰੀ, ਲੋਕ-ਹਿੱਤੂ ਸਰਕਾਰ ਮਿਲਣ ਪ੍ਰਤੀ ਸ਼ੰਕੇ ਖੜ੍ਹੇ ਹੋ ਰਹੇ ਹਨ।**



ਗੁਰਮੀਤ ਸਿੰਘ ਪਲਾਹੀ
91-98158-02070

ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਕਿਸਾਨ ਯਾਤਰਾ ਅਤੇ ਨਸ਼ਿਆਂ ਵਿਰੁੱਧ ਪੰਜਾਬ ਕਾਂਗਰਸ ਦਾ ਸੜਕਾਂ ਉੱਤੇ ਉੱਤਰਨਾ, ਸੁੱਚਾ ਸਿੰਘ ਛੋਟੇਪੁਰ ਦਾ ਪੰਜਾਬ ਪ੍ਰੋਗਰੈਸਿਵ ਗੱਠਬੰਧਨ (ਜਿਸ ਵਿੱਚ ਛੋਟੇਪੁਰ ਦੀ ਪਾਰਟੀ ਆਪ ਪੰਜਾਬ ਤੋਂ ਇਲਾਵਾ ਸਵੈਭਿਮਾਨ ਪਾਰਟੀ, ਜੈ ਜਵਾਨ-ਜੈ ਕਿਸਾਨ ਪਾਰਟੀ ਅਤੇ ਪੰਜਾਬ ਲੋਕ ਦਲ ਸ਼ਾਮਲ ਹਨ) ਤੋਂ ਕਿਨਾਰਾ ਕਰਨਾ ਅਤੇ ਪ੍ਰੋਗਰੈਸਿਵ ਗੱਠਬੰਧਨ ਵੱਲੋਂ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਲਈ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰਨਾ, ਆਮ ਆਦਮੀ ਪਾਰਟੀ ਤੋਂ ਵੱਖ ਹੋਏ ਯੋਗੇਂਦਰ ਯਾਦਵ ਦੀ ਪਾਰਟੀ ਸਵਰਾਜ ਇੰਡੀਆ ਪੰਜਾਬ ਵੱਲੋਂ ਚੋਣਾਂ 'ਚ ਹਿੱਸਾ ਲੈਣ ਦਾ ਫ਼ੈਸਲਾ ਕਰਨਾ, ਤਖ਼ਤ ਸ਼੍ਰੀ ਦਮਦਮਾ ਸਾਹਿਬ ਦੀ ਧਰਤੀ 'ਤੇ 10 ਨਵੰਬਰ ਨੂੰ ਹੋਣ ਵਾਲੇ ਸਮਾਗਮ ਦੀਆਂ ਤਿਆਰੀ ਮੀਟਿੰਗਾਂ 'ਚ ਇਸ ਮਸਲੇ ਬਾਰੇ ਵਿਚਾਰਾਂ, ਕਿ ਪੰਜਾਬ ਨੂੰ ਧਾਰਮਿਕ ਅਤੇ ਰਾਜਨੀਤਕ ਤੌਰ 'ਤੇ ਕਿਸ ਦੇ ਹਵਾਲੇ ਕੀਤਾ ਜਾਵੇ, ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਫਾਰਗ ਕੀਤੇ ਪੰਜ ਪਿਆਰਿਆਂ ਵੱਲੋਂ ਸਰਬੱਤ ਖ਼ਾਲਸਾ-2015 ਦੇ ਫ਼ੈਸਲਿਆਂ ਨੂੰ ਮਾਨਤਾ ਨਾ ਦੇਣਾ,-ਕੁਝ ਇਹੋ ਜਿਹੀਆਂ ਤੱਤਕਾਲੀ ਘਟਨਾਵਾਂ ਸੰਬੰਧੀ ਕਿਆਸ ਕੀਤਾ ਜਾ ਰਿਹਾ ਹੈ ਕਿ ਆਉਣ ਵਾਲੀਆਂ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ 'ਚ ਇਹ ਕਾਫ਼ੀ ਪ੍ਰਭਾਵ ਪਾਉਣਗੀਆਂ।

ਆਮ ਆਦਮੀ ਪਾਰਟੀ ਦਾ ਉਭਾਰ ਅਤੇ ਫਿਰ ਨਿੱਤ ਡਿੱਗਦਾ ਗ੍ਰਾਫ ਲੋਕਾਂ ਦੇ ਮਨਾਂ 'ਚ ਨਿਰਾਸ਼ਾ ਦਾ ਕਾਰਨ ਬਣਿਆ ਹੈ। ਬਹੁਜਨ ਸਮਾਜ ਪਾਰਟੀ ਵੱਲੋਂ ਰਹਿੰਦੀ-ਖੂੰਹਦੀ ਤਾਕਤ ਨੂੰ ਮੁੜ ਇਕੱਠੇ ਕਰਨਾ ਅਤੇ ਸਾਰੀਆਂ ਸੀਟਾਂ ਉੱਤੇ ਚੋਣ ਲੜਨ ਦਾ ਫ਼ੈਸਲਾ ਅਤੇ ਖੱਬੀਆਂ ਧਿਰਾਂ ਦਾ ਇਕੱਠੇ ਹੋ ਕੇ ਮੁੜ ਲਾਮਬੰਦ ਨਾ ਹੋਣਾ ਅਤੇ ਕੋਈ ਠੋਸ ਚੋਣ ਨੀਤੀ ਨਾ ਦੇਣਾ ਪੰਜਾਬ ਹਿਤੈਸ਼ੀ ਲੋਕਾਂ ਦੇ ਮਨਾਂ 'ਚ ਕਈ ਵੱਡੇ ਸਵਾਲ ਪੈਦਾ ਕਰ ਰਿਹਾ ਹੈ। ਬਿਨਾਂ ਸ਼ੱਕ ਪੰਜਾਬ 'ਚ ਇੱਕ ਦਰਜਨ ਤੋਂ ਵੱਧ ਪਾਰਟੀਆਂ ਸਮੇਤ 'ਆਪ' ਤੋਂ ਵੱਖ ਹੋਏ ਧੜੇ ਧਰਮਵੀਰ ਗਾਂਧੀ, ਹਰਿੰਦਰ ਸਿੰਘ ਖ਼ਾਲਸਾ ਅਤੇ ਸਿੱਧੂ, ਬੈਂਸ ਭਰਾ, ਪਰਗਟ ਧੜਾ ਹਾਲੇ ਵੀ ਆਪਣੇ ਪਰ ਤੋਲ ਰਿਹਾ ਹੈ ਅਤੇ ਕਿਸੇ ਮਜ਼ਬੂਤ ਗੱਠਜੋੜ ਜਾਂ ਰਾਜਨੀਤਕ ਪਾਰਟੀ ਨਾਲ ਗੱਠਜੋੜ ਕਰਨ ਅਤੇ ਆਪਣਾ ਮੁੱਲ ਪਵਾਉਣ ਦੀ ਤਾਕ ਵਿੱਚ ਹੈ। ਪੰਜਾਬ 'ਚ ਇਸ ਅਗਾਊਂ ਸ਼ੁਰੂ ਹੋਈ ਸਿਆਸੀ ਗੰਢ-ਤੁਪ ਤੋਂ ਬੇ-ਖ਼ਬਰ ਜਿਹੇ ਹੋਏ ਆਮ ਲੋਕ ਆਪਣੇ ਭਵਿੱਖੀ 'ਰਾਜੇ' ਦੀ ਚੋਣ ਪ੍ਰਤੀ ਉਦਾਸੀਨ ਨਜ਼ਰ ਆ ਰਹੇ ਹਨ। ਕੁਝ ਪੰਜਾਬ ਹਿਤੈਸ਼ੀ ਜਾਗਰੂਕ ਲੋਕ ਪੰਜਾਬ ਵਿਧਾਨ ਸਭਾ ਦੀਆਂ 2017 ਵਿੱਚ ਹੋਣ ਜਾ ਰਹੀਆਂ ਚੋਣਾਂ ਦੇ ਸੰਦਰਭ ਵਿੱਚ ਸਿਆਸੀ ਆਗੂਆਂ, ਮਾਹਿਰਾਂ ਅਤੇ ਸਮਾਜਿਕ ਕਾਰਕੁਨਾਂ ਦਰਮਿਆਨ ਸੰਵਾਦ ਰਚਾ ਰਹੇ ਹਨ, ਕਿਉਂਕਿ ਚੋਣ ਪ੍ਰਕਿਰਿਆ ਦੌਰਾਨ ਧਨ ਅਤੇ ਬਾਹੂਬਲ 'ਚ ਵਾਧੇ ਦੇ ਸੰਕੇਤ ਹੁਣੇ ਤੋਂ ਦਿੱਸਣ ਲੱਗ ਪਏ ਹਨ।

ਜਮਹੂਰੀਅਤ ਵਿੱਚ ਚੋਣਾਂ ਲੋਕਾਂ ਦੀ ਰਾਇ ਜਾਣਨ ਅਤੇ ਸੱਤਾ ਤਬਦੀਲੀ ਦਾ ਕਾਰਗਰ ਢੰਗ ਮੰਨੀਆਂ ਜਾਂਦੀਆਂ ਹਨ। ਇਸ ਵਾਸਤੇ ਆਜ਼ਾਦ ਅਤੇ ਨਿਰਪੱਖ ਲੋਕ-ਰਾਇ ਯਕੀਨੀ ਬਣਾਉਣੀ ਜ਼ਰੂਰੀ ਹੁੰਦੀ ਹੈ। ਪੰਜਾਬ ਦੇ ਮੌਜੂਦਾ ਮਾਹੌਲ ਵਿੱਚ ਚੋਣ ਪ੍ਰਕਿਰਿਆ ਉੱਤੇ ਮਾਇਆ ਅਤੇ ਬਾਹੂਬਲ ਦੇ ਵਧ ਰਹੇ ਦਬਦਬੇ ਨੇ ਚੋਣਾਂ ਦੇ ਨਿਰਪੱਖ ਹੋਣ ਉੱਤੇ ਸਵਾਲ ਖੜੇ ਕਰ ਦਿੱਤੇ ਹਨ। ਪਾਰਟੀਆਂ ਵਿੱਚ ਅੰਦਰੂਨੀ ਲੋਕਤੰਤਰ ਦਾ ਸਾਹ ਘੁੱਟਿਆ ਹੋਇਆ ਹੈ। ਉਮੀਦਵਾਰ ਚੁਣਨ ਦੇ ਤਰੀਕੇ 'ਚ ਪੈਸੇ ਦਾ ਰੋਲ ਵਧ ਰਿਹਾ ਹੈ। ਪਾਰਟੀ ਵੱਲੋਂ ਚੋਣਾਂ ਲੜਨ ਦੇ ਚਾਹਵਾਨ ਲੋਕ ਲੱਖਾਂ ਰੁਪਏ ਬੋਝੇ 'ਚ ਪਾ ਕੇ ਟਿਕਟਾਂ ਹਥਿਆਉਣ ਦੇ ਰਾਹ ਪਏ ਹੋਏ ਹਨ। ਰੇਤ ਮਾਫੀਆ, ਨਸ਼ਾ ਮਾਫੀਆ, ਬੱਸ ਮਾਫੀਆ, ਟੋਲ ਮਾਫੀਆ ਫ਼ਿਲਮ ਸ਼ੁਰੂ ਹੋਣ ਤੋਂ ਪਹਿਲਾਂ ਵਿਖਾਏ ਜਾ ਰਹੇ ਟ੍ਰੇਲਰ ਵਾਂਗ ਆਪਣੀ ਹੋਂਦ ਦਿਖਾਉਂਦਾ ਪੰਜਾਬ ਦੇ ਵੱਖੋ-ਵੱਖਰੇ ਹਿੱਸਿਆਂ 'ਚ ਗੁੰਡਾਗਰਦੀ ਦਾ ਨੰਗਾ ਨਾਚ ਦਿਖਾ ਰਿਹਾ ਹੈ ਅਤੇ ਨਸ਼ਿਆਂ ਦੀ ਵਰਤੋਂ ਵਿਰੁੱਧ ਆਵਾਜ਼ ਉਠਾਉਣ ਵਾਲੇ ਲੋਕਾਂ ਦੇ ਬੇਰਹਿਮੀ ਨਾਲ ਕਤਲ ਤੱਕ ਹੋ ਰਹੇ ਹਨ। ਰਾਜਨੀਤਕ ਪਾਰਟੀਆਂ ਦੇ ਲੱਠ-ਮਾਰ ਆਪੋ-ਆਪਣੀ ਹੋਂਦ ਦਿਖਾਉਣ ਲਈ ਪੰਜਾਬ ਦੇ ਵੱਖੋ-ਵਖਰੇ ਹਿੱਸਿਆਂ 'ਚ ਟਕਰਾਅ ਦਾ ਰਸਤਾ ਅਖਤਿਆਰ ਕਰ ਚੁੱਕੇ ਹਨ। ਰਾਜਨੀਤਕ ਪਾਰਟੀਆਂ ਚੋਣਾਂ ਦੌਰਾਨ ਪਰੋਸੇ ਜਾਣ ਵਾਲੇ ਭਾਰੀ ਵਾਅਦੇ ਕਰ ਰਹੀਆਂ ਹਨ। ਕੀ ਪੰਜਾਬ ਦੇ ਲੋਕ ਸਾਫ਼-ਸੁਥਰੀਆਂ, ਡਰ-ਭੈਅ ਰਹਿਤ ਚੋਣਾਂ ਲਈ ਮਨੋਂ ਤਿਆਰ ਹਨ? ਕੀ ਉਹ ਇਸ ਯੋਗ ਹਨ ਕਿ ਉਹ ਨੇਤਾਵਾਂ ਤੋਂ ਇਸ ਚੋਣਾਵੀ ਖੇਡ ਖੇਡਣ ਤੋਂ ਪਹਿਲਾਂ ਇਸ ਚੋਣ ਦੇ ਨਿਯਮਾਂ ਨੂੰ ਲੋਕ-ਪੱਖੀ ਢੰਗ ਨਾਲ ਲਾਗੂ ਕਰਨ ਲਈ ਪਾਰਟੀਆਂ ਤੇ ਨੇਤਾਵਾਂ ਦੀ ਜਵਾਬਦੇਹੀ ਤੈਅ ਕਰਵਾ ਸਕਣ, ਤਾਂ ਕਿ ਚੋਣ ਜਿੱਤਣ ਉਪਰੰਤ ਦਿੱਤੇ ਵਾਅਦਿਆਂ ਨੂੰ ਇੰਨ-ਬਿੰਨ ਲਾਗੂ ਕੀਤਾ ਜਾ ਸਕੇ?

ਪੰਜਾਬ ਦੀਆਂ ਚੋਣਾਂ ਉੱਤੇ ਪੂਰੇ ਦੇਸ਼ ਦੀਆਂ ਨਜ਼ਰਾਂ ਹਨ। ਦਸ ਸਾਲ ਲਗਾਤਾਰ ਰਾਜ ਕਰਨ ਵਾਲੇ ਅਕਾਲੀ-ਭਾਜਪਾ ਗੱਠਜੋੜ ਦਾ ਭਵਿੱਖ, ਖ਼ਾਸ ਕਰ ਕੇ ਅਕਾਲੀਆਂ ਦਾ ਭਵਿੱਖ, ਦਾਅ ਉੱਤੇ ਲੱਗਾ ਹੋਇਆ ਹੈ। ਵਿਦੇਸ਼ ਵੱਸਦੇ ਪਰਵਾਸੀ ਪੰਜਾਬੀ, ਜੋ ਤਨ, ਮਨ, ਧਨ ਨਾਲ ਪੰਜਾਬ ਦੀਆਂ ਵੱਖੋ-ਵੱਖਰੀਆਂ ਸਿਆਸੀ ਪਾਰਟੀਆਂ ਨੂੰ ਸਹਿਯੋਗ ਦਿੰਦੇ ਆਏ ਹਨ, ਇਸ ਵੇਰ ਪੰਜਾਬ ਦੇ ਮੌਜੂਦਾ ਹਾਕਮਾਂ ਨੂੰ ਵਿਰੋਧੀ ਪਾਰਟੀ ਵਜੋਂ ਵਿਧਾਨ ਸਭਾ 'ਚ ਸਜਿਆ ਵੇਖਣਾ ਚਾਹੁੰਦੇ ਹਨ। ਉਨ੍ਹਾਂ ਵੱਲੋਂ ਮੁੱਖ ਤੌਰ ਉੱਤੇ ਆਮ ਆਦਮੀ ਪਾਰਟੀ ਨੂੰ ਸਹਿਯੋਗ ਤੇ ਮਾਇਕ ਸਹਾਇਤਾ ਖੁੱਲ੍ਹੇ ਦਿਲ ਨਾਲ ਦਿੱਤੀ ਜਾ ਰਹੀ ਹੈ ਅਤੇ ਉਹ ਚਾਹੁੰਦੇ ਹਨ ਕਿ ਕਾਂਗਰਸ, ਅਕਾਲੀਆਂ ਨੂੰ ਛੱਡ ਕੇ ਪੰਜਾਬ ਦੀ ਵਾਗਡੋਰ ਤੀਜੀ ਧਿਰ ਦੇ ਹੱਥ ਫੜਾ ਦਿੱਤੀ ਜਾਏ, ਕਿਉਂਕਿ ਪੰਜਾਬ ਦੋ ਰਿਵਾਇਤੀ ਧਿਰਾਂ ਦਾ ਰਾਜ-ਭਾਗ ਵੇਖ ਚੁੱਕਾ ਹੈ ਅਤੇ ਪਿਛਲੇ ਦੋ-ਤਿੰਨ ਦਹਾਕਿਆਂ ਦੇ ਰਾਜ 'ਚ ਪੰਜਾਬ ਕਮਜ਼ੋਰ, ਨਿਤਾਣਾ ਤੇ ਆਰਥਿਕ ਪੱਖੋਂ ਕਮਜ਼ੋਰ ਹੋਇਆ ਹੈ। ਕੀ ਪਰਵਾਸੀ ਪੰਜਾਬੀਆਂ ਦੀ ਇਹ ਖਾਹਿਸ਼ ਪੰਜਾਬ ਦੇ ਸਥਾਨਕ ਲੋਕ ਪੂਰੀ ਕਰ ਸਕਣਗੇ, ਕਿਉਂਕਿ ਆਮ ਆਦਮੀ ਪਾਰਟੀ ਦੇ ਉੱਪਰਲੇ ਨੇਤਾਵਾਂ ਉੱਤੇ ਪਾਰਟੀ ਫ਼ੰਡ ਦੇ ਨਾਮ ਉੱਤੇ ਪੈਸੇ ਇਕੱਠੇ ਕਰਨ, ਪਾਰਟੀ ਟਿਕਟਾਂ ਵੇਚਣ ਅਤੇ ਭੈੜੇ ਚਾਲ-ਚਲਣ ਦੇ ਦੋਸ਼ਾਂ ਨੇ ਪਾਰਟੀ ਦਾ ਬਿੰਬ ਲੋਕਾਂ 'ਚ ਵਿਗਾੜਿਆ ਹੈ? ਧਰਮਵੀਰ ਗਾਂਧੀ ਅਤੇ ਹਰਿੰਦਰ ਸਿੰਘ ਖ਼ਾਲਸਾ ਦੀ ਪਾਰਟੀ ਵਿੱਚੋਂ ਮੁਅੱਤਲੀ, ਫਿਰ ਸੁੱਚਾ ਸਿੰਘ ਛੋਟੇਪੁਰ ਦਾ ਪਾਰਟੀ ਵਿੱਚੋਂ ਤੁਰ ਜਾਣਾ ਅਤੇ ਆਏ ਦਿਨ ਵਿਧਾਨ ਸਭਾ ਚੋਣਾਂ ਲਈ ਪਾਰਟੀ ਟਿਕਟਾਂ ਪ੍ਰਾਪਤ ਨਾ ਕਰਨ ਕਾਰਨ ਵਰਕਰਾਂ ਦਾ ਪਾਰਟੀ ਤੋਂ ਰੁੱਸ ਜਾਣਾ ਅਤੇ ਉੱਪਰੋਂ ਹੇਠਲੇ ਪੱਧਰ ਤੱਕ ਪਾਰਟੀ ਦਾ ਸੰਗਠਨ ਨਾ ਹੋਣਾ ਆਮ ਆਦਮੀ ਪਾਰਟੀ ਦੇ ਉਨ੍ਹਾਂ ਦਾਅਵਿਆਂ, ਕਿ ਉਹ ਵਿਧਾਨ ਸਭਾ ਚੋਣਾਂ 'ਚ 30 ਫ਼ੀਸਦੀ ਤੋਂ ਵੱਧ ਵੋਟਾਂ ਅਤੇ 117 ਵਿਧਾਨ ਸਭਾ ਸੀਟਾਂ ਵਿੱਚੋਂ 100 ਸੀਟਾਂ ਪ੍ਰਾਪਤ ਕਰ ਲੈਣਗੇ, ਉੱਤੇ ਵੱਡੇ ਪ੍ਰਸ਼ਨ-ਚਿੰਨ੍ਹ ਲਗਾ ਰਿਹਾ ਹੈ, ਕਿਉਂਕਿ ਖ਼ਾਸ ਕਰ ਕੇ ਪੰਜਾਬ ਦੇ ਦੁਆਬਾ ਤੇ ਮਾਝਾ ਖਿੱਤੇ ਵਿੱਚ ਤਾਂ ਵਿਸ਼ੇਸ਼ ਕਰ ਕੇ ਆਮ ਆਦਮੀ ਪਾਰਟੀ ਦੀ ਕੋਈ 'ਲਹਿਰ' ਬਣੀ ਦਿਖਾਈ ਨਹੀਂ ਦੇ ਰਹੀ।

ਪਿਛਲੀਆਂ ਲੋਕ ਸਭਾ ਚੋਣਾਂ ਵੇਲੇ ਅਛੋਪਲੇ ਜਿਹੇ ਦਿੱਤੀ ਆਮ ਆਦਮੀ ਪਾਰਟੀ ਦੀ ਪੰਜਾਬ ਦੇ ਵਿਹੜਿਆਂ 'ਚ ਦਸਤਕ ਨੇ ਜਿਵੇਂ ਪੰਜਾਬੀਆਂ ਨੂੰ ਅੰਦਰੋਗਤੀ ਉਤਸ਼ਾਹਤ ਕੀਤਾ ਸੀ, ਉਸ ਦਾ ਮੁਲੰਮਾ ਉੱਤਰਦਾ ਜਾ ਰਿਹਾ ਹੈ। ਪੰਜਾਬ ਦੀਆਂ ਸਾਰੀਆਂ ਪਾਰਟੀਆਂ ਜ਼ਮੀਨੀ ਹਕੀਕਤਾਂ ਨੂੰ ਨਾ ਸਮਝਦਿਆਂ ਆਪੋ-ਆਪਣੀ ਪਾਰਟੀ ਨੂੰ ਜੇਤੂ ਮੰਨ ਕੇ ਚੱਲ ਰਹੀਆਂ ਹਨ। ਅਕਾਲੀ-ਭਾਜਪਾ ਗੱਠਜੋੜ ਆਮ ਆਦਮੀ ਪਾਰਟੀ 'ਚ ਪਈ ਦੁਫੇੜ ਨੂੰ ਆਪਣੇ ਹੱਕ 'ਚ ਵਰਤਣ ਦੇ ਰੌਂਅ ਵਿੱਚ ਹੈ। ਭਾਵੇਂ ਉਹ ਪੰਜਾਬ ਦੇ ਵਿਕਾਸ ਦੇ ਨਾਮ ਉੱਤੇ ਪੰਜਾਬੀਆਂ ਤੋਂ ਵੋਟਾਂ ਮੰਗੇਗਾ, ਪਰ ਹਕੀਕੀ ਤੌਰ 'ਤੇ ਪੰਜਾਬ ਦਾ ਵਿਕਾਸ ਕਿੱਥੇ ਹੈ? ਬਿਨਾਂ ਸ਼ੱਕ ਕੁਝ ਰਾਜ ਮਾਰਗ, ਯਾਦਗਾਰਾਂ ਬਣੀਆਂ ਹਨ, ਕੁਝ ਪਿੰਡਾਂ 'ਚ ਬੇਲੋੜੀਆਂ ਗ੍ਰਾਂਟਾਂ ਦੇ ਗੱਫ਼ੇ ਦਿੱਤੇ ਗਏ ਹਨ, ਪਰ ਪਿੰਡਾਂ ਤੇ ਸ਼ਹਿਰਾਂ 'ਚ ਲੋੜੀਂਦੀਆਂ ਬੁਨਿਆਦੀ ਸੁਵਿਧਾਵਾਂ ਦੀ ਘਾਟ ਰੜਕਦੀ ਹੈ। ਅਮਨ-ਕਨੂੰਨ ਦੀ ਹਾਲਤ ਡਾਵਾਂਡੋਲ ਹੈ। ਪੁਲਸ ਪ੍ਰਸ਼ਾਸਨ ਦੇ ਆਪ-ਹੁਦਰੇਪਣ ਨੇ ਆਮ ਲੋਕਾਂ ਤੇ ਮੌਜੂਦਾ ਹਾਕਮਾਂ 'ਚ ਪਾੜਾ ਵਧਾਇਆ ਹੋਇਆ ਹੈ। ਕੁਝ ਕਾਂਗਰਸੀ ਆਗੂ ਆਪੋ-ਆਪਣੀ ਡਫ਼ਲੀ ਵਜਾ ਰਹੇ ਹਨ। ਉੱਪਰੋਂ ਆਏ ਹਰੇਕ ਪ੍ਰੋਗਰਾਮ ਨੂੰ ਟਿਕਟਾਂ ਦੇ ਚਾਹਵਾਨ ਲੋਕ ਆਪੋ-ਆਪਣੇ ਧੜੇ ਦੇ ਵਰਕਰਾਂ ਨੂੰ ਨਾਲ ਲੈ ਕੇ ਪ੍ਰਚਾਰਨ ਤੁਰੇ ਹੋਏ ਹਨ। ਕੀ ਉਹ ਉਦੋਂ ਚੁੱਪ ਕਰ ਕੇ ਬੈਠ ਜਾਣਗੇ, ਜਦੋਂ ਉਨ੍ਹਾਂ ਨੂੰ ਪਾਰਟੀ ਟਿਕਟ ਨਹੀਂ ਮਿਲੇਗੀ? ਤੇ ਇਸ ਦਾ ਫਾਇਦਾ ਕਿਸ ਨੂੰ ਹੋਵੇਗਾ?

ਪੰਜਾਬ 'ਚ ਚੌਥਾ ਫ਼ਰੰਟ ਬਣਾਉਣ ਦੇ ਦਾਅਵੇ ਵੀ ਹਾਲੇ ਤੱਕ ਫ਼ੇਲ੍ਹ ਹੋਏ ਜਾਪਦੇ ਹਨ। ਆਪੋ-ਆਪਣੀਆਂ ਪਾਰਟੀਆਂ ਤੋਂ ਕਿਸੇ ਵੀ ਕਾਰਨ ਨਾਰਾਜ਼- ਨਿਰਾਸ਼ ਵਰਕਰ ਇਕੱਠੇ ਹੋ ਕੇ 'ਪੰਜਾਬ ਹਿਤੈਸ਼ੀ' ਹੋਣ ਦਾ ਹੋਕਾ ਦੇ ਕੇ ਆਪਣੀ ਰਾਜਨੀਤਕ ਲਾਲਸਾ ਪੂਰੀ ਕਰਨਾ ਲੋਚ ਰਹੇ ਹਨ। ਇਹ ਲਾਲਸਾ ਉਹ ਪੂਰੀ ਨਹੀਂ ਕਰ ਸਕਣਗੇ, ਕਿਉਂਕਿ ਵਣ-ਵਣ ਦੀ ਲੱਕੜੀ ਇਕੱਠਿਆਂ ਹੋ ਕੇ ਲੋਕਾਂ ਦੇ ਕਿਹੜੇ ਹਿੱਤਾਂ ਦੀ ਪੂਰਤੀ ਕਰ ਸਕੇਗੀ?

ਪੰਜਾਬ ਦੇ ਆਮ ਲੋਕਾਂ ਦੀਆਂ ਸਮੱਸਿਆਵਾਂ ਅਤੇ ਪੀੜਾ ਨਾ ਸਮਝ ਕੇ ਰਾਜਨੀਤਕ ਪਾਰਟੀਆਂ ਲੋਕਾਂ ਨੂੰ ਲਾਰੇ-ਲੱਪੇ ਲਾਉਣ ਤੇ ਵਾਅਦੇ ਕਰਨ ਦੇ ਰਾਹ ਪਈਆਂ ਹੋਈਆਂ ਹਨ ਅਤੇ ਆਪਣੀ ਸਵਾਰਥ-ਸਿੱਧੀ ਲਈ ਆਪੋ-ਆਪਣੀ ਡਫ਼ਲੀ ਵਜਾ ਰਹੀਆਂ ਹਨ। ਪੰਜਾਬ ਦਾ ਗੰਧਲਾ ਹੋਇਆ ਮਾਹੌਲ ਨਿੱਤ ਪ੍ਰਤੀ ਹੋਰ ਵੀ ਤਨਾਅ ਪੂਰਨ ਹੁੰਦਾ ਦਿੱਸਦਾ ਹੈ। ਇਹੋ ਜਿਹੀ ਸਥਿਤੀ 'ਚ ਪੰਜਾਬ ਦੇ ਲੋਕਾਂ ਨੂੰ ਸਾਫ਼-ਸੁਥਰੀ, ਲੋਕ-ਹਿੱਤੂ ਸਰਕਾਰ ਮਿਲਣ ਪ੍ਰਤੀ ਸ਼ੰਕੇ ਖੜ੍ਹੇ ਹੋ ਰਹੇ ਹਨ। ਲੋੜ ਇਸ ਗੱਲ ਦੀ ਹੈ ਕਿ ਲੋਕ ਦ੍ਰਿੜ੍ਹ ਇਰਾਦੇ ਨਾਲ, ਜਾਗਰੂਕ ਸੋਚ ਨਾਲ ਉਸ ਧਿਰ ਨੂੰ ਪੰਜਾਬ ਦੀ ਵਾਗਡੋਰ ਸੌਂਪਣ, ਜੋ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਕਰ ਸਕੇ ਅਤੇ ਅਰਾਜਕਤਾ ਵੱਲ ਵਧ ਰਹੇ ਪੰਜਾਬ ਨੂੰ ਸਹੀ ਦਿਸ਼ਾ ਵਿੱਚ ਲਿਜਾ ਕੇ ਚੰਗਾ ਪ੍ਰਸ਼ਾਸਨ ਅਤੇ ਲੋਕਾਂ ਨੂੰ ਸੁੱਖ-ਸਹੂਲਤਾਂ ਮੁਹੱਈਆ ਕਰਵਾ ਸਕੇ।

# ਇਕ ਦਲਿਤ ਪਰਿਵਾਰ 'ਚ ਪੰਜ ਧੀ-ਪੁੱਤਰ

## ਸਾਰੇ ਦੇ ਸਾਰੇ ਹੀ ਪੀ.ਐਚ.ਡੀ.

ਮਨੁੱਖ ਲਈ ਅੱਗੇ ਵਧਣ ਵਾਸਤੇ ਪੜ੍ਹਾਈ ਕਰਨੀ ਬਹੁਤ ਜ਼ਰੂਰ ਹੈ। ਜਿਸ ਨੇ ਸਿੱਖਿਆ ਹਾਸਲ ਕਰਨੀ ਹੋਵੇ, ਗਰੀਬੀ ਉਸ ਦੇ ਰਸਤੇ 'ਚ ਰੋੜਾ ਨਹੀਂ ਅਟਕਾ ਸਕਦੀ। ਮਿਹਨਤੀ ਇਨਸਾਨ ਲਈ ਜੀਵਨ 'ਚ ਕਾਮਯਾਬੀ ਹਾਸਲ ਕਰਨਾ ਬਿਲਕੁਲ ਮੁਸ਼ਕਿਲ ਨਹੀਂ ਹੁੰਦਾ। ਇਸੇ ਸਬੰਧ 'ਚ ਝਾਂਸੀ 'ਚ ਰਹਿਣ ਵਾਲੇ ਦਲਿਤ ਪਰਿਵਾਰ ਤੋਂ ਸਮਾਜ ਨੂੰ ਸੇਧ ਲੈਣੀ ਬਣਦੀ ਹੈ।

ਝਾਂਸੀ 'ਚ ਭਗਵਾਨ ਦਾਸ ਅਹੀਰਬਾਰ ਨੇ 1973 ਵਿਚ ਕੰਮ ਕਰਨਾ ਸ਼ੁਰੂ ਕੀਤਾ। ਉਸ ਨੇ 12ਵੀਂ ਜਮਾਤ ਤੱਕ ਸਿੱਖਿਆ ਹਾਸਲ ਕੀਤੀ ਹੋਈ ਹੈ। ਉਸ ਦੀ ਤਨਖਾਹ 165 ਰੁਪਏ ਪ੍ਰਤੀ ਮਹੀਨਾ ਸੀ। ਉਸ ਦਾ ਗੁਜ਼ਾਰਾ ਬਹੁਤ ਮੁਸ਼ਕਿਲ ਨਾਲ ਹੁੰਦਾ ਸੀ। ਕਾਫੀ ਸਾਲਾਂ ਤੱਕ ਉਸ ਦੀ ਆਰਥਿਕ ਹਾਲਤ ਵਿਚ ਸੁਧਾਰ ਨਾ ਹੋਇਆ ਪਰ ਉਸ ਨੇ ਆਪਣੇ ਧੀਆਂ ਪੁੱਤਰਾਂ ਨੂੰ ਉੱਚੀ ਸਿੱਖਿਆ ਦਿਵਾਉਣ ਦਾ ਦ੍ਰਿੜ੍ਹ ਇਰਾਦਾ ਧਾਰੀ ਰੱਖਿਆ। ਉਸ ਨੇ ਪੰਜੇ ਧੀਆਂ ਪੁੱਤਰਾਂ ਨੂੰ ਪੜ੍ਹਾਈ ਕਰਨ ਲਈ ਉਤਸ਼ਾਹਿਤ ਕੀਤਾ। ਉਸ ਦਾ ਨਤੀਜਾ ਇਹ ਹੋਇਆ ਕਿ ਇਸ ਦਲਿਤ ਪਰਿਵਾਰ ਨੇ ਰਾਸ਼ਟਰੀ ਰਿਕਾਰਡ ਬਣਾ ਦਿੱਤਾ ਹੈ ਕਿਉਂਕਿ ਹਿਸ ਦੇ ਸਾਰੇ ਹੀ ਜੀਅ ਪੀ. ਐਚ. ਡੀ. 'ਡਾਕਟਰ ਆਫ ਫਿਲਾਸਫੀ) ਹੋਲਡਰ ਹਨ। ਲਿਮਕਾ ਬੁੱਕ ਦੇ ਰਿਕਾਰਡ ਵਿਚ ਇਸ ਪਰਿਵਾਰ ਦਾ ਨਾਂ ਦਰਜ ਹੋ ਗਿਆ ਹੈ। ਲਿਮਕਾ ਵੱਲੋਂ 21 ਅਗਸਤ ਨੂੰ ਇਸ ਪਰਿਵਾਰ ਨੂੰ ਬਾਕੀ ਸਾਰਿਆਂ ਨਾਲੋਂ ਵੱਧ ਜੀਅ ਪੀ. ਐਚ. ਡੀ. ਹੋਣ ਦਾ ਸਰਟੀਫਿਕੇਟ ਦਿੱਤਾ ਗਿਆ। ਭਗਵਾਨ ਦਾਸ ਦਾ ਵੱਡਾ ਪੁੱਤਰ ਮੁਕੇਸ਼ ਜਿਸ ਦੀ ਹੁਣ ਉਮਰ 43 ਸਾਲ ਹੈ, ਨੇ ਮੈਨੇਜਮੈਂਟ ਸਟੱਡੀਜ਼ 'ਚ ਪੀ. ਐਚ. ਡੀ. ਕੀਤੀ। ਹੁਣ ਮੁਕੇਸ਼ ਵਾਰਾਨਸੀ ਵਿਖੇ ਮਾਪਤੋਲ ਮਹਿਕਮੇ 'ਚ ਵੱਡਾ ਅਫਸਰ ਲੱਗਿਆ ਹੋਇਆ ਹੈ। ਵੱਧ ਫੀਸ ਦਾ ਇੰਤਜ਼ਾਮ ਨਾ ਹੋਣ ਕਰਕੇ ਮੁਕੇਸ਼ ਭਾਵੇਂ ਇੰਜੀਨੀਅਰ ਨਾ ਬਣ ਸਕਿਆ ਪਰ ਉਸ ਨੇ ਇਸ ਦੂਸਰੀ ਲਾਈਨ 'ਚ ਵੀ ਸਖਤ ਮਿਹਨਤ ਕਰਨੀ ਜਾਰੀ ਰੱਖੀ। ਉਸ ਨੇ ਆਗਰਾ ਦੇ ਇਕ ਕਾਲਜ ਤੋਂ ਗ੍ਰੈਜੂਏਸ਼ਨ ਅਤੇ 2013 'ਚ ਪੀ. ਐਚ. ਡੀ. ਦੀ ਡਿਗਰੀ ਹਾਸਲ ਕਰ ਲਈ।

ਮੁਕੇਸ਼ ਦੀ ਭੈਣ ਰਾਗਿਨੀ ਉਮਰ 40 ਸਾਲ ਨੇ 2006 'ਚ ਬੁੰਦੇਲਖੰਡ ਯੂਨੀਵਰਸਿਟੀ ਤੋਂ ਜੁਆਲੌਜੀ (ਜੰਤੂ ਵਿਗਿਆਨ) 'ਚ ਪੀ. ਐਚ. ਡੀ. ਦੀ ਡਿਗਰੀ ਹਾਸਲ ਕੀਤੀ। ਉਹ ਗਾਜ਼ੀਪੁਰ ਦੇ ਪੋਸਟ ਗ੍ਰੈਜੂਏਟ ਕਾਲਜ 'ਚ ਸਹਾਇਕ ਪ੍ਰੋਫੈਸਰ ਲੱਗੀ ਹੋਈ ਹੈ। ਰਾਗਿਨੀ ਦੀ ਛੋਟੀ ਭੈਣ ਮੋਹਿਨੀ ਉਮਰ 34 ਸਾਲ ਨੂੰ 2007 'ਚ ਬੌਟਨੀ (ਬਨਸਪਤੀ ਵਿਗਿਆਨ) 'ਚ ਪੀ. ਐਚ. ਡੀ. ਦੀ ਡਿਗਰੀ ਮਿਲੀ। ਉਹ ਆਪਣੇ ਪਤੀ ਨਾਲ ਸਿੰਗਾਪੁਰ 'ਚ ਰਹਿੰਦੀ ਹੈ ਅਤੇ ਉਥੇ ਜੰਗਲਾਤ ਮਹਿਕਮੇ 'ਚ ਸੀਨੀਅਰ ਰੀਸਰਚ ਸਕਾਲਰ ਲੱਗੀ ਹੋਈ ਹੈ।

ਮੋਹਿਨੀ ਤੋਂ ਛੋਟੇ ਭਰਾ ਅਨਿਲ ਵੁਮਰ 36 ਸਾਲ ਨੇ ਜੀਵਾਜੀ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਅਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਤੋਂ ਇਸ ਸਾਲ ਪਬਲਿਕ ਐਡਮਿਨਸਟ੍ਰੇਸ਼ਨ (ਲੋਕ ਪ੍ਰਸ਼ਾਸਨ) 'ਚ ਪੀ. ਐਚ. ਡੀ. ਕੀਤੀ। ਅਨਿਲ ਅੱਜਕਲ੍ਹ ਪੰਜਾਬ ਯੂਨੀਵਰਸਿਟੀ, ਚੰਗੀਗੜ੍ਹ ਵਿਖੇ ਅਸਿਸਟੈਂਟ ਪ੍ਰੋਫੈਸਰ ਹੈ।

ਭਗਵਾਨ ਦਾਸ ਦੀ ਸਭ ਤੋਂ ਛੋਟੀ ਬੇਟੀ ਮੋਹਿਨੀ ਉਮਰ 31 ਸਾਲ ਨੇ 2015 'ਚ ਆਈ. ਆਈ. ਟੀ. ਰੁੜਕੀ ਤੋਂ ਸਮਾਜ ਵਿਗਿਆਨ 'ਚ ਪੀ. ਐਚ. ਡੀ. ਪੂਰੀ ਕੀਤੀ। ਉਹ ਲਖਨਊ 'ਚ ਡਾ. ਭੀਮ ਰਾਓ ਅੰਬੇਦਕਰ ਸੈਂਟਰਲ ਯੂਨੀਵਰਸਿਟੀ 'ਚ ਅਸਿਸਟੈਂਟ ਪ੍ਰੋਫੈਸਰ ਲੱਗੀ ਹੋਈ ਹੈ।

ਪੰਜੇ ਭੈਣਾਂ-ਭਰਾਵਾਂ ਨੂੰ ਆਪਣੇ ਮਾਪਿਆਂ ਉਤੇ ਮਾਣ ਹੈ ਜਿਹਨਾਂ ਨੇ ਉਹਨਾਂ ਨੂੰ ਪੜ੍ਹਾਉਣ ਲਈ ਵੱਡੀ ਜੱਦੋਜਹਿਦ ਕੀਤੀ। ਸਕੂਲ 'ਚ ਅਸਿਸਟੈਂਟ ਕਲਰਕ ਦੇ ਅਹੁਦੇ ਤੋਂ ਸੇਵਾਮੁਕਤ ਹੋਣ ਤੋਂ ਬਾਅਦ ਹੁਣ ਭਗਵਾਨ ਦਾਸ ਆਹੀਰਬਾਰ ਬੇਘਰੇ ਅਤੇ ਗਰੀਬ ਬੱਚਿਆਂ ਨੂੰ ਮੁਫਤ ਪੜ੍ਹਾਉਂਦੇ ਹਨ।

**- ਸੋਹਣ ਲਾਲ ਗੁਪਤਾ**

# ਗੁਰਦੁਆਰਾ ਬੀਬੀ ਰਜਨੀ ਜੀ (ਪੱਟੀ) ਤਰਨ ਤਾਰਨ



ਸਿਮਰਜੀਤ ਸਿੰਘ
ਤਰਨ ਤਾਰਨ
91-98722-47721

ਰਜਵਾੜਾ ਸ਼ਾਹੀ ਦੇ ਯੁੱਗ ਵਿਚ ਜਦੋਂ ਔਰਤ ਨੂੰ ਇਕ ਦਾਸੀ ਤੋਂ ਵੱਧ ਦਰਜਾ ਪ੍ਰਾਪਤ ਨਹੀਂ ਸੀ, ਇਕ ਦਿਨ ਆਪਣੇ ਬਾਪ ਦੂਨੀ ਚੰਦ (ਵਸਨੀਕ ਪੱਟੀ) ਦੇ ਪੁੱਛਣ 'ਤੇ ਕਿ 'ਤੁਸੀਂ ਕਿਸ ਦਾ ਦਿੱਤਾ ਖਾਂਦੀਆਂ ਹੋ' ਤਾਂ ਬੀਬੀ ਰਜਨੀ ਜੀ ਨੂੰ ਛੱਡ ਕੇ ਬਾਕੀ ਛੇ ਭੈਣਾਂ ਨੇ ਕਿਹਾ ਕਿ 'ਅਸੀਂ ਪਿਤਾ ਜੀ ਤੁਹਾਡਾ ਦਿੱਤਾ ਖਾਂਦੀਆਂ ਹਾਂ'। ਉਪਰੰਤ ਬੀਬੀ ਰਜਨੀ ਨੇ ਕਿਹਾ ਕਿ 'ਮੈਂ ਤਾਂ ਪ੍ਰਮੇਸ਼ਵਰ ਦਾ ਹੀ ਦਿੱਤਾ ਖਾਂਦੀ ਹਾਂ'। ਇਹ ਸੁਣ ਕੇ ਬਾਪ ਦੂਨੀ ਚੰਦ ਕ੍ਰੋਧ ਵਿਚ ਆ ਗਿਆ ਅਤੇ ਗੁੱਸੇ ਵਿਚ ਆ ਕੇ ਉਸਨੇ ਬੀਬੀ ਜੀ ਦਾ ਵਿਆਹ ਇਕ ਪਿੰਗਲੇ ਨਾਲ ਕਰ ਦਿੱਤਾ ਅਤੇ ਘਰੋਂ ਵੀ ਨਿਕਾਲਾ ਦੇ ਦਿੱਤਾ। ਬੀਬੀ ਰਜਨੀ ਘਰੋਂ ਪਿੰਗਲੇ ਪਤੀ ਦੀ ਖ਼ਾਰੀ ਚੁੱਕ ਕੇ ਵੱਖ-ਵੱਖ ਗੁਰਧਾਮਾਂ ਦੇ ਦਰਸ਼ਨ ਕਰਦੀ ਹੋਈ ਸ੍ਰੀ ਅੰਮ੍ਰਿਤਸਰ ਪਹੁੰਚੀ। ਪਤੀ ਨੂੰ ਇਕ ਛੱਪੜੀ ਦੇ ਕੰਢੇ ਇਕ ਬੋਰੀ 'ਤੇ ਰੁੱਖ ਹੇਠ ਬਿਠਾ ਕੇ ਆਪ ਪ੍ਰਸ਼ਾਦੇ ਦਾ ਪ੍ਰਬੰਧ ਕਰਨ ਚਲੀ ਗਈ। ਉਸੇ ਛੱਪੜੀ ਵਿਚ ਕਾਲੇ ਕਾਂ ਡੁੱਬਕੀਆਂ ਮਾਰ-ਮਾਰ ਚਿੱਟੇ ਹੋ ਕੇ ਨਿਕਲਦੇ ਵੇਖ ਪਿੰਗਲਾ ਵੀ ਰਿੜਦਾ-ਰਿੜਦਾ ਉਸ ਛੱਪੜੀ ਵਿਚ ਪਹੁੰਚ ਗਿਆ ਅਤੇ ਇਸ਼ਨਾਨ ਉਪਰੰਤ ਉਹ ਕੋਹੜ ਦੇ ਰੋਗ ਤੋਂ ਮੁਕਤ ਹੋ ਗਿਆ। ਇਸੇ ਤਰ੍ਹਾਂ ਅੰਮ੍ਰਿਤ ਸੋਮੇ ਦੀ ਨਿਸ਼ਾਨਦੇਹੀ ਹੋਈ। ਬਾਬਾ ਬੁੱਢਾ ਜੀ ਦੇ ਕਹਿਣ 'ਤੇ ਸ੍ਰੀ ਗੁਰੂ ਰਾਮਦਾਸ ਜੀ ਨੇ 1573 ਈਸਵੀ ਨੂੰ ਇਸੇ ਛੱਪੜੀ ਵਾਲੇ ਪਾਸਿਓਂ ਸਰੋਵਰ ਦੀ ਕਾਰ ਸੇਵਾ ਸ਼ੁਰੂ ਕਰਵਾਈ, ਜੋ ਕਿ 1577 ਈਸਵੀ ਨੂੰ ਸੰਪੂਰਨ ਹੋਈ। ਇਸ ਕਾਰ ਸੇਵਾ ਵਿਚ ਬੀਬੀ ਰਜਨੀ ਜੀ ਨੇ ਹੋਰ ਮਾਈਆਂ-ਭੈਣਾਂ ਨਾਲ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਭਾਈ ਲੰਗਾਹ ਜੀ, ਭਾਈ ਮੰਝ ਜੀ, ਭਾਈ ਚੰਦਰਭਾਨ ਜੀ, ਭਾਈ ਰੂਪ ਰਾਮ ਜੀ, ਭਾਈ ਗੁਰੀਆ ਜੀ ਵਰਗੇ ਮੁੱਖ ਸੇਵਕਾਂ ਨਾਲ ਸਿਰ 'ਤੇ ਟੋਕਰੀ ਚੁੱਕ ਕੇ ਅਹਿਮ ਸੇਵਾ ਨਿਭਾਈ। ਉਸ ਬੇਰੀ ਨੂੰ ਅੱਜ ਕੱਲ੍ਹ ਦੁੱਖ ਭੰਜਨੀ ਬੇਰੀ ਦਾ ਦਰਜਾ ਪ੍ਰਾਪਤ ਹੈ ਅਤੇ ਅੰਮ੍ਰਿਤ ਸੋਮਾ ਅੰਮ੍ਰਿਤ ਸਰੋਵਰ ਦਾ ਰੂਪ ਧਾਰਨ ਕਰ ਚੁੱਕਾ ਹੈ, ਜਿਸ ਵਿਚ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਸ਼ੁਭਇਮਾਨ ਹੈ। ਹਜ਼ਾਰਾਂ ਸ਼ਰਧਾਲੂ ਰੋਜ਼ਾਨਾ ਦਰਸ਼ਨ-ਇਸ਼ਨਾਨ ਕਰਕੇ ਅਰੋਗ ਦੇਹੀ ਲੈ ਮਨੋਕਾਮਨਾਵਾਂ ਪੂਰੀਆਂ ਕਰਦੇ ਹਨ। ਗੁਰਦੁਆਰਾ ਬੀਬੀ ਰਜਨੀ ਜੀ ਪੱਟੀ ਵਿਖੇ



ਘਰੋਂ ਨਿਕਾਲਾ ਮਿਲਣ 'ਤੇ ਬੀਬੀ ਰਜਨੀ ਜੀ ਨੇ ਆਪਣੇ ਪਿੰਗਲੇ ਪਤੀ ਨੂੰ ਲੈ ਕੇ ਪਹਿਲਾ ਪੜ੍ਹਾਅ ਕੀਤਾ, ਜੋ ਸਾਹਮਣੇ ਰੇਲਵੇ ਸਟੇਸ਼ਨ ਪੱਟੀ ਵਿਖੇ ਸਥਿਤ ਹੈ।

ਇਸ ਅਸਥਾਨ ਦੀ ਨਵ-ਉਸਾਰੀ ਕਾਰ ਸੇਵਾ ਸਚਖੰਡ ਵਾਸੀ ਸੰਤ ਬਾਬਾ ਤਾਰਾ ਸਿੰਘ ਜੀ ਸਰਹਾਲੀ ਸਾਹਿਬ ਵਾਲਿਆਂ ਤੋਂ ਵਰਸਾਏ ਹੋਏ ਸੰਤ ਬਾਬਾ ਘੋਲਾ ਸਿੰਘ ਜੀ ਕਾਰ ਸੇਵਾ ਵਾਲਿਆਂ ਦੀ ਸਰਪ੍ਰਸਤੀ ਹੇਠ ਜਥੇਦਾਰ ਬਾਬਾ ਗਿਆਨ ਸਿੰਘ ਜੀ ਦੀ ਦੇਖ ਰੇਖ ਹੇਠ ਜਾਰੀ ਹੈ।

# ਭਗਵਾਨ ਵਾਲਮੀਕ ਜੀ ਦਾ ਪ੍ਰਕਾਸ਼ ਦਿਵਸ ਮਨਾਏ ਜਾਣ ਦੀਆਂ
# ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. ਅਤੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ



ਬਾਬਾ ਜੀਵਨ ਸਿੰਘ ਨੌਜਵਾਨ ਸਭਾ, ਕੈਲੇਫੋਰਨੀਆ (ਯੂ. ਐਸ. ਏ.) ਦੇ ਮੈਂਬਰ




ਪ੍ਰਧਾਨ : ਰਵੀਪਾਲ ਸਿੰਘ 916-873-0310
ਉਪ ਪ੍ਰਧਾਨ : ਦੀਪ ਸਿੰਘ 925-339-0802
ਸੈਕਟਰੀ : ਅਮਰਜੀਤ ਸਿੰਘ 916-842-8432
ਚੇਅਰਮੈਨ : ਭੁਪਿੰਦਰ ਭਿੰਦਾ 916-613-3311


ਖਜਾਨਚੀ : ਬਲਬੀਰ ਧਾਰੀਵਾਲ 916-243-9017
ਉਪ ਖਜਾਨਚੀ : ਅਜਮੇਰ ਘਾਰੂ, ਦਵਿੰਦਰ ਸਿੰਘ,
ਹਰਜੀਤ ਸਿੰਘ, ਸ਼ਿਵਤਾਰ ਸਿੱਧੂ, ਵਿਜੇ ਗਿੱਲ, ਅੰਮ੍ਰਿਤਪਾਲ ਸਿੰਘ,
ਕਰਨ ਨਾਹਰ, ਹੈਪੀ ਸਿੰਘ।



ਚੇਅਰਮੈਨ : ਭੁਪਿੰਦਰ ਭਿੰਦਾ
916-613-3311

## ਬਾਬਾ ਜੀਵਨ ਸਿੰਘ ਨੌਜਵਾਨ ਸਭਾ, ਕੈਲੇਫੋਰਨੀਆ (ਯੂ. ਐਸ. ਏ.)





# ਭਗਵਾਨ ਵਾਲਮੀਕ ਜੀ ਦਾ ਪ੍ਰਕਾਸ਼ ਦਿਵਸ ਮਨਾਏ ਜਾਣ ਦੀਆਂ
# ਮਹਾਂਰਿਸ਼ੀ ਵਾਲਮੀਕ ਸਭਾ
# ਯੂ. ਐਸ. ਏ.
# ਅਤੇ ਸਮੂਹ ਸੰਗਤਾਂ ਨੂੰ
## ਲੱਖ-ਲੱਖ ਵਧਾਈਆਂ






ਗੁਰਪਾਲ ਸਿੰਘ ਚੇਅਰਮੈਨ ਮਹਾਂਰਿਸ਼ੀ ਵਾਲਮੀਕ ਸਭਾ, ਯੂ. ਐਸ. ਏ. ਆਪਣੇ ਪਰਿਵਾਰਕ ਮੈਂਬਰਾਂ ਨਾਲ।

# ਗੁਰਪਾਲ ਸਿੰਘ
ਚੇਅਰਮੈਨ
ਮਹਾਂਰਿਸ਼ੀ ਵਾਲਮੀਕ ਸਭਾ
ਯੂ. ਐਸ. ਏ.
(ਯੂਬਾ ਸਿਟੀ) ਕੈਲੇਫੋਰਨੀਆ

# ਯੂਬਾ ਸਿਟੀ ਵਿਖੇ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਮਨਾਉਣ ਦੀਆਂ ਕੁਝ ਝਲਕੀਆਂ



















ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)











# ਯੂਬਾ ਸਿਟੀ ਵਿਖੇ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਮਨਾਉਣ ਦੀਆਂ ਕੁਝ ਝਲਕੀਆਂ


























ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)









# AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

**We Do Complete Engine Trans-mission, Body and Paint Work We Sell Used Cars at a Good Price**



Prop: Jasbir Singh Takhar
510-755-2132

Free Estimates
Free Towing

510- 733- 2222

1421 Industrial PKWY West#F Hay-ward, CA 94544



Harmandeep Singh


# ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਦੀ ਨਵੀਂ ਕਮੇਟੀ ਦੇ ਮੈਂਬਰ





ਸ਼ਿੰਦਰਪਾਲ ਨਾਰੇਬਟ
ਚੇਅਰਮੈਨ



ਕਸ਼ਮੀਰੀ ਭਾਟੀਆ
ਪ੍ਰਧਾਨ



ਗੁਰਨਾਮ ਰੱਤੂ
ਵਾਈਸ ਪ੍ਰਧਾਨ



ਰਮੇਸ਼ ਸੁੰਮਨ
ਵਾਈਸ ਪ੍ਰਧਾਨ



ਸ੍ਰੀਮਤੀ ਜੀਨਾ ਭਾਟੀਆ
ਜਨਰਲ ਸਕੱਤਰ



ਵਿਨੋਦ ਕੁਮਾਰ
ਸਹਾਇਕ ਸਕੱਤਰ



ਸ੍ਰੀਮਤੀ ਦਲਵੀਰ ਕੌਰ
ਸਹਾਇਕ ਸਕੱਤਰ



ਸ੍ਰੀਮਤੀ ਜਸਵੀਰ ਚਾਹਲ
ਖਜਾਨਚੀ



ਸ੍ਰੀਮਤੀ ਸੁਨੀਤਾ ਸਿੰਘ
ਸਹਾਇਕ ਖਜਾਨਚੀ


# TANDOOR Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

BUFFET LUNCH 11:00 AM To 3:00 PM

We are open seven days 11 AM to 10 PM

Contact Us:
Ph. 510-885-1212
Fax. 510-885-1532



# L.A. MERCHANDISE

**Whole Sale +Retail**



ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।

LOOSE FABRICS, GROCERIES, BLANKETS, VEGETABLES

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax



Baksho Kaur Bisla Hardev Singh Bisla

500 N. Palora Ave. Yuba City, CA 95991

530-671-0439, Fax 530-822-0439 Cell- 530-844-3250

## ਸਾਕਾ ਪੰਜਾ ਸਾਹਿਬ 'ਤੇ ਵਿਸ਼ੇਸ਼

# 'ਕਬੀਰਾ ਸੰਤ ਮੋਏ ਕਿਆ ਰੋਵੀਐ'



ਪ੍ਰੋ: ਐਚ.ਐਲ.ਕਪੂਰ
001- 916- 587-4002

ਪਿਆਰੇ ਪਾਠਕ ਵੀਰੋ! 'ਸਾਕਾ ਪੰਜਾ ਸਾਹਿਬ' ਦਾ ਜ਼ਿਕਰ ਕਰਨ ਤੋਂ ਪਹਿਲਾਂ 'ਗੁਰਦੁਆਰਾ ਪੰਜਾ ਸਾਹਿਬ' ਦਾ ਜ਼ਿਕਰ ਕਰਨਾ ਵੀ ਬੜਾ ਜ਼ਰੂਰੀ ਹੈ ਕਿਉਂਕਿ ਸਾਕਾ ਪੰਜਾ ਸਾਹਿਬ ਦਾ ਇਤਿਹਾਸ ਗੁਰਦੁਆਰਾ ਪੰਜਾ ਸਾਹਿਬ ਨਾਲ ਜਾ ਜੁੜਦਾ ਹੈ। ਗੁਰਦੁਆਰਾ ਪੰਜਾ ਸਾਹਿਬ ਜੋ ਕਿ ਹਸਨ ਅਬਦਾਲ ਵਿਖੇ ਸਥਿਤ ਹੈ ਤੇ ਇਹ ਗੁਰਦੁਆਰਾ ਰਾਵਲਪਿੰਡੀ ਤੋਂ 48 ਕਿਲੋਮੀਟਰ ਦੀ ਦੂਰੀ 'ਤੇ ਹੈ। ਇਹ ਸਿੱਖ ਧਰਮ ਦਾ ਇਕ ਬੜਾ ਹੀ ਪਵਿੱਤਰ ਤੇ ਇਤਿਹਾਸਕ ਸਥਾਨ ਹੈ। ਗੁਰਦੁਆਰਾ ਸਾਹਿਬ ਵਿਖੇ ਇਕ ਪੱਥਰ ਉਪਰ ਪੰਜੇ ਦਾ ਨਿਸ਼ਾਨ ਹੈ ਜੋ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਹ ਪੰਜੇ ਦਾ ਨਿਸ਼ਾਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੈ। ਸਾਲ 'ਚ ਦੋ ਵਾਰ ਸਿੱਖ ਸੰਗਤ ਇੱਥੇ ਇਕ ਮੇਲੇ ਦੇ ਰੂਪ 'ਚ ਬੜੀ ਸ਼ਰਧਾ ਨਾਲ ਇਕੱਤਰ ਹੁੰਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਵਿਸਾਖ ਸੰਮਤ ਦੀ 1578 ਬਿਕਰਮੀ ਨੂੰ ਭਾਈ ਮਰਦਾਨਾ ਜੀ ਨਾਲ, ਹਸਨ ਅਬਦਾਲ ਵਿਖੇ ਗਰਮੀ ਦੀ ਰੁੱਤ ਦੇ ਦਿਨਾਂ 'ਚ ਪਹੁੰਚੇ। ਇੱਥੇ ਉਹਨਾਂ ਨੇ ਇਕ ਦਰਖ਼ਤ ਦੀ ਛਾਂ ਹੇਠ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ। ਸ਼ਰਧਾਲੂ ਉਹਨਾਂ ਦੇ ਗਿਰਦ ਜੁੜ ਕੇ ਬੈਠ ਗਏ। ਉਥੇ ਦਾ ਇਕ ਸਥਾਨਕ ਸੰਤ ਜਿਸ ਦਾ ਨਾਮ ਹਜ਼ਰਤ ਸ਼ਾਹ ਵਲੀ ਕੰਧਾਰੀ ਸੀ, ਜਿਸ ਦਾ ਆਪਣਾ ਤਪ ਅਸਥਾਨ ਨੇੜੇ ਹੀ, ਇਕ ਪਹਾੜੀ ਦੀ ਟੀਸੀ 'ਤੇ ਸੀ। ਜਦੋਂ ਉਸਨੇ ਦੇਖਿਆ ਕਿ ਗੁਰੂ ਨਾਨਕ ਦੇਵ ਜੀ ਦੇ ਗਿਰਦ ਕਾਫ਼ੀ ਸ਼ਰਧਾਲੂ ਇਕੱਠੇ ਹੋ ਗਏ ਹਨ ਤੇ ਉਹਨਾਂ ਦਾ ਕੀਰਤਨ ਸੁਣ ਰਹੇ ਹਨ ਤਾਂ ਇਹ ਦੇਖ ਕੇ ਉਸ ਨੂੰ ਗੁਰੂ ਨਾਨਕ ਦੇਵ ਜੀ ਨਾਲ ਈਰਖਾ ਹੋ ਗਈ ਤੇ ਉਹ ਗੁੱਸੇ 'ਚ ਆ ਗਿਆ।

ਸਾਖੀਆਂ ਅਨੁਸਾਰ ਭਾਈ ਮਰਦਾਨੇ ਨੂੰ ਬੜੀ ਪਿਆਸ ਲੱਗੀ ਤੇ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਨੂੰ ਪਾਣੀ ਦੀ ਪਿਆਸ ਬੁਝਾਉਣ ਲਈ ਚਸ਼ਮੇ ਦੇ ਕੋਲ ਤਿੰਨ ਵਾਰੀ ਭੇਜਿਆ ਕਿਉਂਕਿ ਉਹ ਪਿਆਸ ਨਾਲ ਵਿਆਕੁਲ ਹੋ ਰਿਹਾ ਸੀ। ਇਹ ਚਸ਼ਮਾ ਵਲੀ ਕੰਧਾਰੀ ਤੇ ਤਪੋ ਸਥਾਨ ਦੇ ਨਜ਼ਦੀਕ ਹੀ ਸੀ ਤੇ ਉਸ ਨੇ ਮਰਦਾਨੇ ਨੂੰ ਉਥੋਂ ਪਾਣੀ ਪੀਣ ਤੋਂ ਇਨਕਾਰ ਕਰ ਦਿੱਤਾ ਤੇ ਉਸ ਨੂੰ ਬੜਾ ਰੁੱਖਾ ਬੋਲਿਆ, ਪਰ ਭਾਈ ਮਰਦਾਨਾ ਜੀ ਨੇ ਬੜੀ ਨਿਮਰਤਾ ਨਾਲ ਬੇਨਤੀ ਕੀਤੀ ਕਿ ਉਸ ਨੂੰ ਪਾਣੀ ਪੀ ਲੈਣ ਦਿੱਤਾ ਜਾਵੇ ਕਿਉਂਕਿ ਉਸ ਨੂੰ ਬੜੀ ਤ੍ਰੇਹ ਲੱਗੀ ਹੋਈ ਹੈ ਤੇ ਪਿਆਸ ਨਾਲ ਉਸ ਦੀ ਜਾਨ ਨਿਕਲ ਰਹੀ ਹੈ ਪਰ ਫਿਰ ਵੀ ਉਸ 'ਤੇ ਕੋਈ ਅਸਰ ਨਾ ਹੋਇਆ ਤੇ ਉਹ ਭਾਈ ਮਰਦਾਨੇ ਨੂੰ ਬੜੇ ਗੁੱਸੇ 'ਚ ਬੋਲਿਆ ਕਿ, "ਤੂੰ ਆਪਣੇ ਗੁਰੂ ਨੂੰ ਕਹਿ ਤਾਂ, ਕੀ ਤੈਨੂੰ ਉਹ ਪਾਣੀ ਵੀ ਨਹੀਂ ਪਿਲਾ ਸਕਦਾ?"

ਮਰਦਾਨਾ ਗੁਰੂ ਜੀ ਪਾਸ ਵਾਪਸ ਚਲਾ ਗਿਆ ਤੇ ਬੜੇ ਤਰਲੇ ਨਾਲ ਬੋਲਿਆ, "ਹੇ! ਸੱਚੇ ਪਾਤਸ਼ਾਹ! ਮੈਂ ਪਿਆਸਾ ਤਾਂ ਮਾਰ ਜਾਵਾਂਗਾ ਪਰ ਹੰਕਾਰਵਾਦੀ ਵਲੀ ਕੰਧਾਰੀ ਕੋਲ ਪਾਣੀ ਪੀਣ ਲਈ ਨਹੀਂ ਜਾਵਾਂਗਾ।"

ਗੁਰੂ ਨਾਨਕ ਦੇਵ ਜੀ ਨੇ ਉੱਤਰ ਦਿੱਤਾ, "ਹੇ! ਭਾਈ ਮਰਦਾਨਾ ਜੀ, ਤੁਸੀਂ ਉਸ ਸੱਚੇ ਪਾਤਸ਼ਾਹ ਦਾ ਨਾਮ ਧਿਆਓ, ਤੇ ਆਪਣੀ ਪਿਆਸ ਬੁਝਾ ਲਓ।"

ਗੁਰੂ ਨਾਨਕ ਦੇਵ ਜੀ ਨੇ ਆਪਣੇ ਨੇੜਿਉਂ ਹੀ ਇਕ ਪੱਥਰ ਪੁੱਟਿਆ ਤੇ ਉਸ ਦੇ ਥੱਲਿਓਂ ਹੀ ਪਾਣੀ ਦਾ ਚਸ਼ਮਾ ਫੁੱਟ ਪਿਆ ਤੇ ਭਾਈ ਮਰਦਾਨਾ ਜੀ ਨੇ ਉਸ ਚਸ਼ਮੇ ਦਾ ਪਾਣੀ ਪੀਤਾ ਤੇ ਆਪਣੀ ਪਿਆਸ ਬੁਝਾ ਲਈ ਤੇ ਗੁਰੂ ਸਾਹਿਬ ਦਾ ਕੋਟੀ-ਕੋਟ ਧੰਨਵਾਦ ਕੀਤਾ।

ਦੂਜੇ ਪਾਸੇ ਵਲੀ ਕੰਧਾਰੀ ਦੇ ਚਸ਼ਮੇ 'ਚੋਂ ਪਾਣੀ ਆਉਣਾ ਬੰਦ ਹੋ ਗਿਆ ਤੇ ਉਹ ਸੁੱਕ ਗਿਆ। ਇਸ 'ਤੇ ਗੁੱਸੇ 'ਚ ਆ ਕੇ ਉਸ ਨੇ ਪਹਾੜ ਦੀ ਟੀਸੀ ਤੋਂ ਇਕ ਵੱਡਾ ਤੇ ਭਾਰੀ ਪੱਥਰ ਗੁਰੂ ਜੀ ਵੱਲ ਰੋੜ੍ਹ ਦਿੱਤਾ ਤਾਂ ਜੋ ਉਹ ਇਸ ਵੱਡੇ ਪੱਧਰ ਥੱਲੇ ਆ ਜਾਣ ਤੇ ਉਹਨਾਂ ਦੀ ਜਾਨ ਚਲੀ ਜਾਵੇ। ਉਸ ਤੇਜ਼ੀ ਨਾਲ ਆਪਣੇ ਵੱਲ ਰੁੜ੍ਹੇ ਆਉਂਦੇ ਪੱਧਰ ਨੂੰ, ਆਪਣੀ ਜਾਨ ਨੂੰ ਖ਼ਤਰੇ ਵਿਚ ਪਾ ਕੇ ਤੇ ਆਪਣੀ ਸੁਰੱਖਿਆ ਕਰਦੇ ਹੋਏ ਆਪਣੇ ਬਾਹੂ-ਬੱਲ ਨਾਲ ਗੁਰੂ ਜੀ ਨੇ ਰੋਕ ਦਿੱਤਾ। ਸਾਖੀਆਂ ਅਨੁਸਾਰ ਗੁਰੂ ਜੀ ਦੇ ਪੰਜੇ ਦਾ ਨਿਸ਼ਾਨ ਉਸ ਪੱਥਰ ਉੱਤੇ ਛਪ ਗਿਆ, ਜਿਹੜਾ ਅੱਜ ਵੀ ਉਸ ਪੱਥਰ 'ਤੇ ਮੌਜੂਦ ਹੈ। ਇਹ ਕੋਈ ਚਮਤਕਾਰ ਨਹੀਂ ਸੀ ਸਗੋਂ ਇਹ ਤਾਂ ਗੁਰੂ ਜੀ ਦੀ ਸਰੀਰਕ ਸ਼ਕਤੀ ਦਾ ਕਮਾਲ ਸੀ।

ਇਸ ਘਟਨਾ ਤੋਂ ਗੁਰੂ ਜੀ ਦੇ ਬਚ ਜਾਣ 'ਤੇ ਵਲੀ ਕੰਧਾਰੀ ਗੁਰੂ ਜੀ ਦਾ ਸ਼ਰਧਾਲੂ ਬਣ ਗਿਆ। ਇਸ ਪਵਿੱਤਰ ਸਥਾਨ ਦਾ ਨਾਮ 'ਪੰਜਾ ਸਾਹਿਬ' ਸਿੱਖ ਇਤਿਹਾਸ ਦੇ ਵਿਸ਼ਵ ਪ੍ਰਸਿੱਧ ਜਰਨੈਲ ਸਰਦਾਰ ਹਰੀ ਸਿੰਘ ਜੀ ਨਲਵਾ ਨੇ ਹੀ ਰੱਖਿਆ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਯਾਦ 'ਚ 'ਗੁਰਦੁਆਰਾ ਪੰਜਾ ਸਾਹਿਬ' ਵੀ ਉਹਨਾਂ ਨੇ ਹੀ ਬਣਵਾਇਆ।

**ਸਾਕਾ ਪੰਜਾ ਸਾਹਿਬ :-**

ਮਿਤੀ 9 ਅਗਸਤ 1922 ਈਸਵੀ ਨੂੰ ਪੰਜ ਸਿੰਘਾਂ ਨੂੰ ਇਕ ਕਿੱਕਰ ਦਾ ਦਰਖ਼ਤ ਸੰਗਤ ਲਈ, ਲੰਗਰ ਤਿਆਰ ਕਰਨ ਵਾਸਤੇ, ਬਾਲਣ ਵਜੋਂ, ਬੰਜਰ ਜ਼ਮੀਨ ਤੋਂ ਕੱਟਣ ਕਰਕੇ ਗ੍ਰਿਫ਼ਤਾਰ ਕਰ ਲਿਆ। ਇਹ ਜ਼ਮੀਨ ਜਿਸ 'ਚੋਂ ਦਰਖ਼ਤ ਕੱਟਿਆ ਗਿਆ, ਇਹ ਜ਼ਮੀਨ ਗੁਰਦੁਆਰਾ ਗੁਰੂ ਕਾ ਬਾਗ, ਅੰਮ੍ਰਿਤਸਰ ਦੀ ਸੀ ਤੇ ਗੁਰਦੁਆਰੇ ਦੇ ਮਹੰਤ ਦੇ ਨਾਮ 'ਤੇ ਸੀ। ਦਰਖ਼ਤ ਕੱਟਣ ਦੀ ਸਜਾ ਵਜੋਂ ਹਰ ਇਕ ਨੂੰ ਪੰਜਾਹ ਰੁਪਏ ਜੁਰਮਾਨਾ ਤੇ ਛੇ ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਗਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਸਜ਼ਾ ਦੇ ਖ਼ਿਲਾਫ਼, ਸਰਕਾਰ ਵਿਰੁੱਧ ਸੰਘਰਸ਼ ਸ਼ੁਰੂ ਕਰ ਦਿੱਤਾ। ਮਿਸਟਰ ਬੀ. ਟੀ. ਜੋ ਕਿ ਆਡੀਸ਼ਨਲ ਪੁਲਿਸ ਸੁਪਰਡੈਂਟ ਸੀ, ਨੇ ਸੰਘਰਸ਼ ਕਰ ਰਹੇ ਸਿੰਘਾਂ 'ਤੇ ਲਾਠੀਚਾਰਜ ਕਰ ਦਿੱਤਾ ਤੇ ਇਹ ਸੰਘਰਸ਼ ਕਈ ਦਿਨਾਂ ਤੱਕ ਚੱਲਦਾ ਰਿਹਾ ਤੇ ਪੁਲਿਸ ਸਿੰਘਾਂ ਦੇ ਹਰ ਜਥੇ 'ਤੇ ਲਾਠੀਚਾਰਜ ਕਰਕੇ ਸਿੰਘਾਂ ਨੂੰ ਜੇਲ੍ਹ 'ਚ ਡੱਕਦੀ ਰਹੀ। ਅੰਤ ਮਿਤੀ 13 ਸਤੰਬਰ 1922 ਨੂੰ ਰੀਵਰੈਂਡ ਸੀ. ਐਫ. ਐਂਡਰਿਊ ਦੇ ਕਹਿਣ 'ਤੇ ਮੁਜ਼ਾਹਰਾਕਾਰੀ ਸਿੰਘਾਂ ਤੇ ਲਾਠੀਚਾਰਜ ਬੰਦ ਕਰ ਦਿੱਤਾ ਗਿਆ ਤੇ ਸਾਰੇ ਮੁਜ਼ਾਹਰਾਕਾਰੀ ਸਿੰਘਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ 'ਚ ਭੇਜ ਦਿੱਤਾ ਗਿਆ।

ਇਕ ਦਿਨ ਸਿੰਘਾਂ ਦਾ ਇਕ ਜਥਾ ਜਿਹਨਾਂ 'ਚ ਜ਼ਿਆਦਾ ਸਾਬਕਾ ਫੌਜੀ ਸਨ ਤੇ ਉਹਨਾਂ ਦੀ ਅਗਵਾਈ ਸੂਬੇਦਾਰ ਸਰਦਾਰ ਅਮਰ ਸਿੰਘ ਧਾਲੀਵਾਲ ਜੋ ਕਿ ਕਪੂਰਥਲਾ ਪੰਜਾਬ ਦੇ ਵਾਸੀ ਸਨ, ਕਰ ਰਹੇ ਸਨ, ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰਕੇ ਜੇਲ੍ਹ 'ਚ ਭੇਜ ਦਿੱਤਾ। ਜੱਜ ਅਸਲਮ ਖਾਨ ਨੇ ਇਸ ਜਥੇ 'ਚ ਗ੍ਰਿਫ਼ਤਾਰ ਕੀਤੇ ਗਏ ਸਭ ਸਿੰਘਾਂ ਨੂੰ ਢਾਈ-ਢਾਈ ਸਾਲ ਦੀ ਕੈਦ ਤੇ ਹਰ ਇਕ ਨੂੰ ਸੌ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ। ਇਸ ਜਥੇ ਦੇ ਸਾਰੇ ਕੈਦੀਆਂ ਨੂੰ ਮਿਤੀ 19 ਅਕਤੂਬਰ 1922 ਦੀ ਰਾਤ ਨੂੰ ਭੁੱਖਣ-ਭਾਣੇ ਅੰਮ੍ਰਿਤਸਰ ਰੇਲਵੇ ਸਟੇਸ਼ਨ ਤੋਂ ਅਟਕ ਜਾਣ ਵਾਲੀ ਗੱਡੀ 'ਚ ਬਿਠਾ ਲਿਆ। ਇਹ ਗੱਡੀ ਮਿਤੀ 30 ਅਕਤੂਬਰ, 1922 ਨੂੰ ਰਾਵਲਪਿੰਡੀ ਸਟੇਸ਼ਨ 'ਤੇ ਰੁਕੀ ਤੇ ਸਟਾਫ ਦੀ ਡਿਊਟੀ ਬਦਲਣ 'ਤੇ ਗੱਡੀ 'ਚ ਪਾਣੀ ਭਰਨ ਉਪਰੰਤ ਅਟਕ ਲਈ ਰਵਾਨਾ ਹੋ ਗਈ। 'ਗੁਰਦੁਆਰਾ ਪੰਜਾ ਸਾਹਿਬ' ਦੀ ਸੰਗਤ ਨੇ ਇਹਨਾਂ ਭੁੱਖਣ-ਭਾਣੇ ਕੈਦੀ ਸਿੰਘਾਂ ਲਈ ਲੰਗਰ ਤਿਆਰ ਕੀਤਾ ਤੇ ਉਨ੍ਹਾਂ ਨੂੰ ਛਕਾਉਣ ਲਈ, ਸੰਗਤ ਪੰਜਾ ਸਾਹਿਬ ਦੇ ਰੇਲਵੇ ਸਟੇਸ਼ਨ 'ਤੇ ਮਿਤੀ 31 ਅਕਤੂਬਰ 1922 ਨੂੰ ਸਵੇਰ ਵੇਲੇ ਸਿਰ ਪਹੁੰਚ ਗਈ ਤੇ ਗੱਡੀ ਦਾ ਇੰਤਜ਼ਾਰ ਕਰਨ ਲੱਗੀ ਤਾਂ ਜੋ ਮੁਸਾਫ਼ਰਾਂ ਨੂੰ ਲੰਗਰ-ਪਾਣੀ ਛਕਾਇਆ ਜਾ ਸਕੇ।



ਸਟੇਸ਼ਨ ਮਾਸਟਰ ਨੇ ਸਿੱਖ ਸੰਗਤ ਨੂੰ ਦੱਸਿਆ ਕਿ, "ਇਹ ਗੱਡੀ ਇਸ ਸਟੇਸ਼ਨ 'ਤੇ ਨਹੀਂ ਰੁਕੇਗੀ। ਤੁਹਾਡਾ ਮੁਸਾਫ਼ਰਾਂ ਨੂੰ ਲੰਗਰ ਛਕਾਉਣ ਦਾ ਉਪਰਾਲਾ ਸਿਰੇ ਨਹੀਂ ਚੜ੍ਹੇਗਾ।" ਭਾਈ ਕਰਮ ਸਿੰਘ ਜੀ ਨੇ ਉੱਤਰ ਦਿੱਤਾ ਕਿ, "ਬਾਬਾ ਨਾਨਕ ਜੀ ਨੇ ਬਹੁਤ ਭਾਰੀ ਪੱਥਰ ਇਕ ਹੱਥ ਨਾਲ ਰੋਕ ਦਿੱਤਾ ਸੀ, ਕੀ ਉਹਨਾਂ ਦੇ ਸਿੱਖ ਇਕ ਗੱਡੀ ਨਹੀਂ ਰੋਕ ਸਕਦੇ?" ਠੀਕ ਸਵੇਰ ਦੇ 10 ਵਜੇ ਜਦੋਂ ਸਿੰਘ ਨੇ ਦੂਰੋਂ ਗੱਡੀ ਆਉਂਦੀ ਦੇਖੀ ਤਾਂ ਭਾਈ ਕਰਮ ਸਿੰਘ ਗੱਡੀ ਦੀ ਪਟੜੀ ਦੇ ਵਿਚਕਾਰ ਲੰਮੇ ਪੈ ਗਏ। ਉਹਨਾਂ ਤੋਂ ਹੋਰ ਅੱਗੇ ਭਾਈ ਪ੍ਰਤਾਪ ਸਿੰਘ, ਸਰਦਾਰ ਗੰਗਾ ਸਿੰਘ, ਸਰਦਾਰ ਚਰਨ ਸਿੰਘ, ਸਰਦਾਰ ਨਿਹਾਲ ਸਿੰਘ, ਸਰਦਾਰ ਤਾਰਾ ਸਿੰਘ, ਸਰਦਾਰ ਫਕੀਰ ਸਿੰਘ, ਸਰਦਾਰ ਕਲਿਆਣ ਸਿੰਘ ਤੇ ਹੋਰ ਅੱਗੇ ਤੋਂ ਅੱਗੇ ਅਨੇਕਾਂ ਸਿੰਘ ਤੇ ਸਿੰਘਣੀਆਂ ਰੇਲ ਦੀ ਪਟੜੀ ਦੇ ਵਿਚਕਾਰ ਲੰਮੇ ਪੈ ਗਏ। ਇਸ ਤਰ੍ਹਾਂ ਰੇਲ ਦੀ ਪਟੜੀ ਦੇ ਵਿਚਕਾਰ ਅਨੇਕਾਂ ਆਦਮੀ ਲੰਮੇ ਪਏ ਦੇਖ ਕੇ ਰੇਲ ਦੇ ਡਰਾਈਵਰ ਨੇ ਲੰਮੀ ਵਿਸਲ ਮਾਰੀ ਕਿ ਰੇਲ ਦੀ ਲਾਈਨ ਤੋਂ ਬੰਦੇ ਪਰੇ ਹੋ ਜਾਣ, ਪਰ ਬੰਦੇ ਰੇਲ ਦੀ ਲਾਈਨ 'ਤੇ ਪਏ ਰਹੇ, ਜਿਵੇਂ ਉਹਨਾਂ ਨੂੰ ਰੇਲ ਦੀ ਵਿਸਲ ਸੁਣਾਈ ਹੀ ਨਾ ਦਿੰਦੀ ਹੋਵੇ ਪਰ ਫਿਰ ਵੀ ਡਰਾਈਵਰ ਲਗਾਤਾਰ ਵਿਸਲ ਵਜਾਉਂਦਾ ਰਿਹਾ ਤੇ ਇਤਨੇ ਨੂੰ ਰੇਲ ਸਿੰਘਾਂ ਦੇ ਉਪਰ ਦੀ ਲੰਘ ਗਈ। ਰੇਲ ਦਾ ਇੰਜਣ ਜ਼ਮੀਨ ਤੋਂ ਬਹੁਤ ਹੀ ਥੋੜ੍ਹਾ ਉੱਚਾ ਸੀ ਤੇ ਉਸ ਨੇ ਭਾਈ ਕਰਮ ਸਿੰਘ ਤੇ ਭਾਈ ਪ੍ਰਤਾਪ ਸਿੰਘ ਦੇ ਸਰੀਰ ਦੀਆਂ ਹੱਡੀਆਂ ਫੇਹ ਦਿੱਤੀਆਂ ਤੇ ਦੂਸਰੇ ਸਿੰਘਾਂ ਤੇ ਸਿੰਘਣੀਆਂ ਦੇ ਵੀ ਕਾਫ਼ੀ ਸੱਟਾਂ ਲੱਗੀਆਂ ਤੇ ਉਹਨਾਂ ਦੇ ਸਰੀਰ ਬੁਰੀ ਤਰ੍ਹਾਂ ਜ਼ਖਮੀ ਹੋ ਗਏ। ਇਸ ਤਰ੍ਹਾਂ ਤੇਜ਼ ਰਫ਼ਤਾਰ ਨਾਲ ਆਉਂਦੀ ਗੱਡੀ ਸਿੰਘਾਂ ਨੇ ਆਪਣੀ ਜਾਨ ਦੀ ਬਾਜੀ ਲਾ ਕੇ ਰੋਕ ਲਈ। ਭਾਈ ਪ੍ਰਤਾਪ ਸਿੰਘ ਨੇ ਸ਼ਰਧਾਲੂ ਸੰਗਤ ਨੂੰ ਕਿਹਾ ਕਿ, "ਸਭ ਤੋਂ ਪਹਿਲਾਂ ਰੇਲ 'ਚ ਬੈਠੇ ਭੁੱਖੇ ਸਿੰਘਾਂ ਨੂੰ ਲੰਗਰ-ਪਾਣੀ ਛਕਾਇਆ ਜਾਵੇ ਤੇ ਸਾਡੀ ਦੇਖਭਾਲ ਵੱਲ ਬਾਅਦ 'ਚ ਧਿਆਨ ਦਿੱਤਾ ਜਾਵੇ।" ਗੱਡੀ ਡੇਢ ਘੰਟੇ ਦੇ ਕਰੀਬ ਸਟੇਸ਼ਨ 'ਤੇ ਰੁਕੀ ਰਹੀ। ਸਿੱਖ ਸ਼ਰਧਾਲੂਆਂ ਨੇ ਬੜੀ ਸ਼ਰਧਾ ਨਾਲ ਪੂਰੇ ਤਨੋਂ-ਮਨੋਂ ਗੱਡੀ ਦੇ ਮੁਸਾਫ਼ਰਾਂ ਨੂੰ ਲੰਗਰ-ਪਾਣੀ ਛਕਾਇਆ ਤੇ ਇਸ ਤੋਂ ਉਪਰੰਤ ਉਹ ਸ਼ਰਧਾਲੂ, ਜ਼ਖਮੀ ਹੋਏ ਸਿੰਘਾਂ-ਸਿੰਘਣੀਆਂ ਦੀ ਸੇਵਾ 'ਚ ਜੁਟ ਗਏ। ਭਾਈ ਕਰਮ ਸਿੰਘ ਜੀ ਉਸ ਸਮੇਂ 30 ਸਾਲ ਦੇ ਸਨ ਤੇ ਉਹ ਭਾਈ ਭਗਵਾਨ ਦਾਸ ਦੇ ਸਪੁੱਤਰ ਸਨ ਤੇ ਉਹ ਕੇਸਗੜ੍ਹ ਸਾਹਿਬ ਦੇ ਮਹੰਤ ਸਨ ਤੇ ਉਹਨਾਂ ਦੀ ਕੁਝ ਘੰਟੇ ਬਾਅਦ ਹੀ ਮੌਤ ਹੋ ਗਈ। ਅਗਲੇ ਦਿਨ ਭਾਈ ਪ੍ਰਤਾਪ ਸਿੰਘ ਜਿਨ੍ਹਾਂ ਦੀ ਉਮਰ ਉਸ ਸਮੇਂ 24 ਸਾਲ ਸੀ ਤੇ ਉਹ ਸਰਦਾਰ ਸਰੂਪ ਸਿੰਘ ਦੇ ਪੁੱਤਰ ਸਨ ਤੇ ਉਹ ਅਕਾਲ ਗੜ੍ਹ ਗੁਜਰਾਂਵਾਲਾ ਵਿਖੇ ਸੁਨਿਆਰੇ ਦਾ ਕੰਮ ਕਰਦੇ ਸਨ, ਸ਼ਹੀਦ ਹੋ ਗਏ।

ਆਪਣੇ ਪ੍ਰਾਣ ਤਿਆਗਣ ਤੋਂ ਪਹਿਲਾਂ ਉਹਨਾਂ ਨੇ ਸਤਿਗੁਰੂ ਕਬੀਰ ਦਾਸ ਜੀ ਦੀਆਂ ਗੁਰਬਾਣੀ ਦੀਆਂ ਤੁਕਾਂ ਇਸ ਤਰ੍ਹਾਂ ਕਹੀਆਂ, "ਕਬੀਰਾ ਸੰਤ ਮੋਏ ਕਿਆ ਰੋਵੀਐ, ਜੋ ਅਪਨੈ ਗ੍ਰਿਹਿ ਜਾਏ, ਰੋਵੋ ਸਾਕਤ ਵਾਪਰੇ ਜੋ ਹਾਥੋ-ਹਾਥ ਵਿਕੇ।" ਇਸ ਦੇ ਨਾਲ ਉਹਨਾਂ ਨੇ ਆਪਣੀ 18 ਸਾਲ ਦੀ ਪਤਨੀ ਨੂੰ ਕਿਹਾ ਕਿ, "ਮੇਰੀ ਮੌਤ 'ਤੇ ਕਦੀ ਵੀ ਰੋਣਾ ਨਹੀਂ, ਨਹੀਂ ਤਾਂ ਮੇਰੀ ਦਿੱਤੀ ਗਈ ਕੁਰਬਾਨੀ ਬੇਅਰਥ ਜਾਏਗੀ।" ਇਤਿਹਾਸਕਾਰਾਂ ਦੇ ਕਥਨ ਅਨੁਸਾਰ ਇਹ ਯਕੀਨਨ ਕਿਹਾ ਜਾਂਦਾ ਹੈ ਕਿ ਉਹਨਾਂ ਦੀ ਪਤਨੀ ਉਹਨਾਂ ਦੀ ਸ਼ਹੀਦੀ ਤੋਂ ਬਾਅਦ ਕਦੀ ਵੀ ਜੀਵਨ ਭਰ ਰੋਈ ਨਹੀਂ ਤੇ ਉਹ ਸਾਰੀ ਉਮਰ ਹੀ ਗੱਡੀ ਦੇ ਸ਼ਹੀਦਾਂ ਦੀ ਯਾਦ 'ਚ 'ਨਾਮ ਸਿਮਰਨ' ਜਪਦੀ ਰਹੀ।

ਜਦੋਂ ਗੱਡੀ ਦੇ ਡਰਾਈਵਰ ਦੀ ਰੇਲਵੇ ਵਿਭਾਗ ਨੇ ਜੁਆਬ ਤਲਬੀ ਕੀਤੀ ਤੇ ਉਸ ਤੋਂ ਪੁੱਛਿਆ ਕਿ ਉਸ ਨੇ ਮਨਾਹੀ ਦੇ ਹੁਕਮਾਂ ਦੇ ਬਾਵਜੂਦ ਗੱਡੀ ਕਿਉਂ ਰੋਕੀ ਤਾਂ ਉਸ ਨੇ ਉੱਤਰ ਦਿੱਤਾ ਕਿ, "ਜਦੋਂ ਗੱਡੀ ਦਾ ਇੰਜਣ ਰੇਲ ਦੀ ਪਟੜੀ ਦੇ ਵਿਚਕਾਰ ਪਏ ਸਿੰਘਾਂ-ਸਿੰਘਣੀਆਂ ਦੇ ਉਪਰ ਦੀ ਲੰਘਿਆ ਤਾਂ ਮੇਰੇ ਹੱਥ 'ਚ ਪਕੜਿਆ ਹੋਇਆ ਗੱਡੀ ਦਾ ਵੈਕਿਊਮ ਲੀਵਰ ਛੁੱਟ ਗਿਆ ਤੇ ਵੈਕਿਊਮ ਖਾਲੀ ਹੋਣ ਨਾਲ ਗੱਡੀ ਰੁਕ ਗਈ ਤੇ ਮੈਂ ਗੱਡੀ ਦੀ ਬਰੇਕ ਬਿਲਕੁਲ ਨਹੀਂ ਲਾਈ।"

ਇਹ ਇਤਿਹਾਸਕ ਘਟਨਾ ਹਸਨ ਅਬਦਾਲ ਦੇ ਰੇਲਵੇ ਸਟੇਸ਼ਨ ਦੀ ਹੈ ਜੋ ਸਿੱਖਾਂ ਦੇ ਪਵਿੱਤਰ ਧਾਰਮਿਕ ਸਥਾਨ 'ਗੁਰਦੁਆਰਾ ਪੰਜਾ ਸਾਹਿਬ' ਦੇ ਬਹੁਤ ਨਜ਼ਦੀਕ ਹੈ।

ਮ੍ਰਿਤਕ ਸਰੀਰਾਂ ਨੂੰ ਰਾਵਲਪਿੰਡੀ ਲਿਆਂਦਾ ਗਿਆ ਤੇ ਇੱਥੇ ਉਹਨਾਂ ਦਾ ਸੰਸਕਾਰ ਮਿਤੀ 1 ਨਵੰਬਰ 1922 ਨੂੰ ਕੀਤਾ ਗਿਆ ਤੇ ਸਿੱਖ ਸੰਗਤ ਨੇ ਇਹਨਾਂ ਨੂੰ ਸ਼ਹੀਦਾਂ ਦਾ ਦਰਜਾ ਦਿੱਤਾ। ਭਾਰਤ-ਪਾਕਿਸਤਾਨ ਵੰਡ ਤੱਕ ਇੱਥੇ ਤਿੰਨ ਦਿਨ ਦਾ ਧਾਰਮਿਕ ਮੇਲਾ 'ਪੰਜਾ ਸਾਹਿਬ' ਦੇ ਇਹਨਾਂ ਸ਼ਹੀਦਾਂ ਦੀ ਯਾਦ ਮਿਤੀ 30 ਅਕਤੂਬਰ ਤੋਂ 1 ਨਵੰਬਰ ਹਰ ਸਾਲ ਲੱਗਦਾ ਰਿਹਾ ਹੈ।

ਸਮੁੱਚੇ ਤੌਰ 'ਤੇ ਇਸ ਸਾਕੇ ਤੋਂ ਇਹੀ ਪ੍ਰੇਰਨਾ ਮਿਲਦੀ ਹੈ ਕਿ ਸਿੱਖ ਆਪਣੀ ਸਿੱਖੀ-ਸਿਦਕ ਦਾ ਪੂਰਾ ਹੈ ਤੇ ਮਾਨਵਤਾ ਦੇ ਭਲੇ ਲਈ ਉਹ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਤੋਂ ਵੀ ਡਰਦਾ ਨਹੀਂ ਹੈ। ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਨੁਸਾਰ ਉਹ ਕਰਾਮਾਤਾਂ ਤੇ ਚਮਤਕਾਰਾਂ 'ਚ ਵਿਸ਼ਵਾਸ ਨਹੀਂ ਰੱਖਦਾ ਸਗੋਂ ਇਹਨਾਂ ਨੂੰ ਮੁੱਢੋਂ ਨਕਾਰਦਾ ਹੈ। ਉਹ ਸਰਬੱਤ ਦੇ ਭਲੇ ਲਈ ਹਮੇਸ਼ਾ ਸੰਘਰਸ਼ ਯੁਕਤ ਰਹਿੰਦਾ ਹੈ।

# ਗੁਰਸ਼ਰਨ ਸਿੰਘ ਅਤੇ ਸ਼ਹੀਦ ਭਗਤ ਸਿੰਘ ਦੀ ਯਾਦ 'ਚ ਬਰਨਾਲਾ 'ਚ ਮਨਾਈ ਨਾਟਕਾਂ ਅਤੇ ਗੀਤਾਂ ਭਰੀ ਰਾਤ

**ਬਰਨਾਲਾ (ਬਿਊਰੋ)-** ਇਨਕਲਾਬੀ ਪੰਜਾਬੀ ਰੰਗ ਮੰਚ ਦੀ ਸ਼ਰੋਮਣੀ ਹਸਤੀ ਗੁਰਸ਼ਰਨ ਸਿੰਘ ਦੀ ਪੰਜਵੀਂ ਸੂਬਾਈ ਬਰਸੀ, ਸਥਾਨਕ ਦਾਣਾ ਮੰਡੀ ਵਿਖੇ ਰਾਤ ਭਰ ਨਾਟਕ ਅਤੇ ਸੰਗੀਤ ਮੇਲਾ ਕਰਕੇ ਮਨਾਈ ਗਈ। ਗੁਰਸ਼ਰਨ ਭਾਅ ਜੀ ਦੇ ਹੱਥੀਂ 34 ਵਰ੍ਹੇ ਪਹਿਲਾਂ ਲਗਾਏ ਬੂਟੇ, ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਵੱਲੋਂ ਜਨਤਕ ਜਮਹੂਰੀ ਜੱਥੇਬੰਦੀਆਂ ਦੇ ਸਹਿਯੋਗ ਨਾਲ ਇਨ-ਕਲਾਬੀ ਰੰਗ ਮੰਚ ਦਿਹਾੜੇ ਵਜੋਂ ਮਨਾਈ ਜਾਂਦੀ ਨਾਟਕਾਂ ਅਤੇ ਗੀਤਾਂ ਭਰੀ ਰਾਤ 'ਚ ਰੰਗ ਕਰਮੀਆਂ, ਲੇਖਕਾਂ, ਗੀਤਕਾਰਾਂ, ਗਾਇਕਾਂ, ਸਾਹਿਤਕਾਰਾਂ, ਤਰਕਸ਼ੀਲਾਂ, ਜਮਹੂਰੀ ਹੱਕਾਂ ਦੀਆਂ ਜੱਥੇਬੰਦੀਆਂ, ਪੱਤਰਕਾਰ ਭਾਈਚਾਰੇ ਅਤੇ ਸ਼ਹਿਰ ਨਿਵਾਸ਼ੀਆਂ ਨੇ ਸ਼ਮੂਲੀਅਤ ਕੀਤੀ।





ਗੁਰਸ਼ਰਨ ਭਾਅ ਜੀ ਦੇ ਵਿਛੋੜੇ ਅਤੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਤ ਇਸ ਸਮਾਗਮ 'ਚ ਉਮੜਿਆ ਕਿਰਤੀ ਕਿਸਾਨਾਂ, ਵਿਦਿਆਰਥੀਆਂ, ਨੌਜਵਾਨਾਂ, ਬੇਰੁਜ਼ਗਾਰਾਂ, ਔਰਤਾਂ ਅਤੇ ਸਾਹਿਤ। ਕਲਾ ਜਗਤ ਨਾਲ ਜੁੜੀਆਂ ਸਖ਼ਸ਼ੀਅਤਾਂ ਦਾ ਹੜ੍ਹ ਮੂੰਹ ਬੋਲਦੀ ਗਵਾਹੀ ਭਰ ਰਿਹਾ ਸੀ ਕਿ ਪੰਜਾਬ ਵਾਸੀ ਆਪਣੇ ਲੋਕ- ਨਾਇਕਾਂ ਨੂੰ ਸਾਹੀਂ ਵਸਾਕੇ ਰੱਖਦੇ ਹਨ ਅਤੇ ਉਹਨਾਂ ਦੇ ਸੁਪਨੇ ਸਾਕਾਰ ਕਰਨ ਲਈ ਦ੍ਰਿੜ ਸੰਕਲਪ ਹਨ। ਸਮਾਗਮ ਦਾ ਆਗਾਜ਼ ਗੁਰਸ਼ਰਨ ਸਿੰਘ ਅਤੇ ਸ਼ਹੀਦ ਭਗਤ ਸਿੰਘ ਦੀਆਂ ਤਸਵੀਰਾਂ ਨੂੰ ਗੁਰਸ਼ਰਨ ਸਿੰਘ ਦੀ ਧੀ ਡਾ. ਨਵਸ਼ਰਨ, ਦਾਮਾਦ ਡਾ. ਅਤੁਲ, ਪੰਜਾਬ ਲੋਕ ਸਭਿਆਚਾਰਕ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਦੀ ਅਗਵਾਈ 'ਚ ਸੂਬਾ ਕਮੇਟੀ ਅਤੇ ਸਮੂਹ ਸਹਿਯੋਗੀ ਜੱਥੇਬੰਦੀਆਂ ਦੇ ਨੁੰਮਾਇੰਦਿਆਂ ਵੱਲੋਂ ਫੁੱਲ-ਮਾਲਾ ਪਹਿਨਾਉਣ ਨਾਲ ਹੋਇਆ। ਇਸ ਮੌਕੇ ਮੰਚ ਅਤੇ ਖਚਾ ਖਚ ਭਰਿਆ ਪੰਡਾਲ, ਮੋਮਬੱਤੀਆਂ ਦੀ ਲੋਅ ਨਾਲ ਜਗ ਮਗਾ ਉੱਠਿਆ ਇਉਂ ਪ੍ਰਤੀਤ ਹੁੰਦਾ ਸੀ ਜਿਵੇਂ ਸਮਾਜ ਅੰਦਰ ਫੈਲੇ ਹਨੇਰੇ ਨੂੰ ਦੂਰ ਕਰਕੇ ਸੂਹੀ ਸਵੇਰ ਦੀ ਆਮਦ ਦਾ ਪੈਗ਼ਾਮ ਦੇ ਰਿਹਾ ਹੋਵੇ।

ਇਸ ਮੌਕੇ ਪੰਜਾਬ ਲੋਕ ਸਭਿਆਚਾਰਕ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਨੇ ਮੰਚ ਤੋਂ ਅਹਿਦ ਪੜ੍ਹਿਆ ਜਿਸਦੇ ਇੱਕ ਇੱਕ ਬੋਲ ਨੂੰ ਭਰੇ ਪੰਡਾਲ ਨੇ ਖੜ੍ਹੇ ਹੋ ਕੇ ਬੁਲੰਦ ਕੀਤਾ।

ਇਸ ਅਹਿਦ 'ਚ ਕਲਾ, ਕਲਮ ਅਤੇ ਲੋਕ-ਸੰਘਰਸ਼ਾਂ ਦੀ ਜੋਟੀ ਮਜ਼ਬੂਤ ਕਰਨ ਉੱਪਰ ਜ਼ੋਰ ਦਿੱਤਾ ਗਿਆ ਅਹਿਦ 'ਚ ਦਾਅਵਾ ਕੀਤਾ ਗਿਆ ਕਿ ਗੁਰਸ਼ਰਨ ਸਿੰਘ ਅਤੇ ਸ਼ਹੀਦ ਭਗਤ ਸਿੰਘ ਵਰਗੇ ਲੋਕ-ਨਾਇਕ ਕਦੇ ਵੀ ਮਰਿਆ ਨਹੀਂ ਕਰਦੇ। ਉਹਨਾਂ ਦੀ ਸੋਚ ਅਤੇ ਸੁਪਨੇ ਲੋਕਾਂ ਦੇ ਸਾਹੀਂ ਵਸਦੇ ਹਨ। ਲੋਕਾਂ ਨੇ ਦ੍ਰਿੜ ਸੰਕਲਪ ਹੁੰਦਿਆਂ ਇਸ ਅਹਿਦ ਸਮੇਂ ਐਲਾਨ ਕੀਤਾ ਕਿ ਮੁਲਕ ਅੰਦਰ ਕੌਮੀ ਜਨੂੰਨ, ਫਿਰਕੂ ਦਹਿਸ਼ਤਗਰਦੀ, ਜੰਗ ਵਾਲਾ ਮਾਹੌਲ ਸਿਰਜਕੇ ਹਾਕਮ ਜਮਾਤਾਂ, ਕਰੋੜਾਂ ਲੋਕਾਂ ਦੇ ਰੋਟੀ, ਰੋਜੀ, ਸਿੱਖਿਆ, ਸਿਹਤ, ਰੁਜ਼ਗਾਰ ਅਤੇ ਨਿਆਂ ਭਰੇ ਨਿਜ਼ਾਮ ਦੀ ਸਿਰਜਣਾ ਨੂੰ ਪਰਨਾਏ ਸੁਪਨੇ ਦਫ਼ਨ ਕਰਨਾ ਲੋਚਦੀਆਂ ਹਨ, ਅਜਿਹੀਆਂ ਸ਼ਾਤਰਾਨਾ ਚਾਲਾਂ ਨੂੰ ਕਦੇ ਵੀ ਬੂਰ ਨਹੀਂ ਪੈਣ ਦਿੱਤਾ ਜਾਏਗਾ।

ਗੁਰਸ਼ਰਨ ਸਿੰਘ ਦੀ ਧੀ ਡਾ. ਨਵਸ਼ਰਨ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਰੰਗ ਮੰਚ ਦੇ ਇਤਿਹਾਸ ਅੰਦਰ ਇਨਕਲਾਬੀ ਪੰਜਾਬੀ ਰੰਗ ਮੰਚ ਦਾ ਇਤਿਹਾਸ, ਮਾਣ ਨਾਲ ਸਿਰ ਉੱਚਾ ਕਰਕੇ ਖੜ੍ਹਾ ਹੈ। ਡਾ. ਨਵਸ਼ਰਨ ਨੇ ਕਿਹਾ ਕਿ ਸਾਡੇ ਪਿਤਾ ਵੱਲੋਂ ਸਖ਼ਤ ਘਾਲਣਾ, ਨਿਹਚਾ ਅਤੇ ਪ੍ਰਤੀ ਬੱਧਤਾ ਨਾਲ ਕੀਤੀ ਰੰਗ ਮੰਚ ਦੀ ਖੇਤੀ ਦਾ ਖਿੜਿਆ ਸੂਹਾ ਬਾਗ ਤੱਕਕੇ ਅੱਜ ਅਸੀਂ ਦਾਅਵੇ ਨਾਲ ਕਹਿ ਸਕਦੇ ਹਾਂ ਕਿ ਸ਼ਹੀਦ ਭਗਤ ਸਿੰਘ ਅਤੇ ਆਸਾਡੇ ਪਾਪਾ ਦੇ ਵਾਰਸ਼ ਨਵਾਂ-ਨਰੋਆ ਸਮਾਜ ਅਤੇ ਸਭਿਆਚਾਰ ਸਿਰਜਣ ਲਈ ਅਗੇਰੇ ਵਧਦੇ ਜਾਣਗੇ।

ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਗੁਰਸ਼ਰਨ ਸਿੰਘ ਦੇ ਰੰਗ ਮੰਚ ਦਾ ਭਵਿੱਖ਼ ਸੁਨਹਿਰੀ ਹੈ। ਉਹਨਾਂ ਕਿਹਾ ਕਿ ਪਲਸ ਮੰਚ ਬਦਲਵੈਂ ਇਨਕਲਾਬੀ ਸਭਿਆਚਾਰ ਦੀ ਲੋਕ ਲਹਿਰ ਖੜ੍ਹੀ ਕਰਨ ਲਈ ਸਮੂਹ ਲੋਕਾਂ ਅਤੇ ਲੋਕ-ਜੱਥੇਬੰਦੀਆਂ ਤੋਂ ਸਹਿਯੋਗ ਦੀ ਮੰਗ ਕਰਦਾ ਹੈ।

# ਪੁਰਾਣੇ ਦੋਸਤ ਨੂੰ ਮਨਾਉਣ ਦੀ ਪਹਿਲ

## ਮੋਦੀ ਨੇ ਕਿਹਾ, ਦੋ ਨਵੇਂ ਦੋਸਤਾਂ ਵਿਚੋਂ ਇਕ ਪੁਰਾਣਾ ਦੋਸਤ ਬਿਹਤਰ



ਓਂਕੇਸ਼ਵਰ ਪਾਂਡੇ
91-99101-50119

ਦੋ ਨਵੇਂ ਦੋਸਤਾਂ ਤੋਂ ਇਕ ਪੁਰਾਣਾ ਦੋਸਤ ਬਿਹਤਰ। ਰੂਸ ਦੇ ਰਾਸ਼ਟਰਪਤੀ ਵਲਾਦੀਮਿਰ ਪੁਤਿਨ ਨਾਲ ਮੁਲਾਕਾਤ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਹੀ ਕਹਿੰਦੇ ਹੋਏ ਗੱਲਬਾਤ ਆਰੰਭ ਕੀਤੀ ਅਤੇ ਪਿਛਲੇ ਕੁਝ ਸਮੇਂ ਤੋਂ ਉਖੜੇ-ਉਖੜੇ ਨਜ਼ਰ ਆ ਰਹੇ ਰੂਸ ਨੂੰ ਮਨਾਉਣ ਦੀ ਪਹਿਲ ਕੀਤੀ। ਸੱਤ ਦਹਾਕੇ ਪੁਰਾਣੇ ਭਾਰਤ-ਰੂਸ ਦੇ ਸਬੰਧਾਂ ਨੂੰ ਇਸ ਵਕਤ ਇਕ ਨਵੀਂ ਊਰਜਾ ਅਤੇ ਤਾਜ਼ਗੀ ਮਿਲੀ। ਬ੍ਰਿਕਸ ਸੰਮੇਲਨ ਤੋਂ ਪਹਿਲਾਂ ਭਾਰਤ-ਰੂਸ ਦੇ ਅਹਿਮ ਨੇਤਾਵਾਂ ਦੀ ਇਹ ਮੁਲਾਕਾਤ ਕਈ ਮਾਅਨਿਆਂ ਵਿਚ ਖਾਸ ਸੀ। ਰਾਸ਼ਟਰਪਤੀ ਪੁਤਿਨ ਨਾਲ ਪ੍ਰਧਾਨ ਮੰਤਰੀ ਮੋਦੀ ਦੀ ਮੁਲਾਕਾਤ ਵਿਚ ਉੜੀ 'ਚ ਅੱਤਵਾਦੀ ਹਮਲੇ ਅਤੇ ਉਸ ਤੋਂ ਬਾਅਦ ਭਾਰਤ ਵੱਲੋਂ ਕੀਤੇ ਗਏ ਸਰਜੀਕਲ ਸਟ੍ਰਾਈਕ 'ਤੇ ਵੀ ਚਰਚਾ ਹੋਈ ਅਤੇ ਰੱਖਿਆ ਦੇ ਖੇਤਰ ਵਿਚ 16 ਵੱਡੇ ਸਮਝੌਤੇ ਵੀ ਹੋਏ। ਰੂਸ ਦੇ ਨਾਲ ਅਜਿਹੇ ਸਮਝੌਤੇ ਨਵੇਂ ਨਹੀਂ ਹਨ। ਨਵਾਂ ਹੈ ਰੁੱਸੇ ਰੂਸ ਨੂੰ ਮਨਾਉਣ ਦੀ ਇਹ ਪਹਿਲ।

ਹਾਲ ਹੀ ਵਿਚ ਰੂਸੀ ਫੌਜਾਂ ਦੇ ਪਾਕਿਸਤਾਨ ਦੇ ਨਾਲ ਸੈਨਿਕ ਅਭਿਆਸ ਦੀਆਂ ਖਬਰਾਂ ਆਈਆਂ ਸਨ ਅਤੇ ਇਹ ਖਬਰ ਅਜਿਹੇ ਸਮੇਂ ਆਈ ਜਦੋਂ ਭਾਰਤ ਸਰਕਾਰ ਜੰਮੂ-ਕਸ਼ਮੀਰ ਵਿਚ ਲਗਾਤਾਰ ਵਧਦੇ ਪਾਕਿਸਤਾਨ ਸਮਰਥਕ ਅੱਤਵਾਦੀ ਹਮਲਿਆਂ ਤੋਂ ਪ੍ਰੇਸ਼ਾਨ ਹੈ ਅਤੇ ਇਸਦੇ ਜਵਾਬ ਵਿਚ ਭਾਰਤੀ ਫੌਜ ਨੇ ਪਾਕਿ ਕਬਜੇ ਵਾਲੇ ਕਸ਼ਮੀਰ ਵਿਚ ਵੜ ਕੇ ਸਰਜੀਕਲ ਸਟ੍ਰਾਈਕ ਵੀ ਕੀਤਾ। ਅਤੇ ਉਦੋਂ ਖਬਰਾਂ ਆਈਆਂ ਕਿ ਰੂਸੀ ਫੌਜ ਪਾਕਿ ਦੇ ਨਾਲ ਪੀ. ਓ. ਕੇ. ਵਿਚ ਹੀ ਫੌਜੀ ਅਭਿਆਸ ਕਰਨ ਜਾ ਰਹੀ ਹੈ। ਖੈਰ ਬਾਅਦ ਵਿਚ ਰੂਸ ਨੇ ਇਸਦਾ ਖੰਡਨ ਕਰ ਦਿੱਤਾ ਕਿ ਉਹ ਪੀ. ਓ. ਕੇ. ਵਿਚ ਨਹੀਂ ਬਲਕਿ ਹੋਰ ਥਾਂ ਅਭਿਆਸ ਕਰੇਗੀ। ਦੋ ਮੁਲਕਾਂ ਵਿਚਕਾਰ ਫੌਜੀ ਅਭਿਆਸ ਚੱਲਦੇ ਰਹਿੰਦੇ ਹਨ ਪਰ ਪਾਕਿਸਤਾਨ ਦੇ ਨਾਲ ਰੂਸ ਦੇ ਫੌਜੀ ਅਭਿਆਸ ਦੀ ਖਬਰ ਭਾਰਤ ਦੇ ਲਈ ਇਸ ਕਰਕੇ ਕਸ਼ਟਦਾਇਕ ਸੀ ਕਿਉਂਕਿ ਭਾਰਤ ਅਤੇ ਰੂਸ ਦੇ ਸਬੰਧ ਇੰਨੇ ਵਧੀਆ ਰਹੇ ਹਨ ਅਤੇ ਸਮੇਂ ਦੀ ਕਸੌਟੀ 'ਤੇ ਇੰਨੇ ਖਰੇ ਉਤਰੇ ਹਨ ਕਿ ਜਿਸਦੀ ਤੁਲਨਾ ਹੀ ਨਹੀਂ ਹੋ ਸਕਦੀ।

ਦੇਖੋ, ਇਤਿਹਾਸ ਕਿਵੇਂ ਕਰਵਟ ਬਦਲਦਾ ਹੈ। ਯਾਦ ਕਰੋ 16 ਦਸੰਬਰ 1971 ਦੀ ਤਾਰੀਖ ਨੂੰ। ਜਦੋਂ ਭਾਰਤ ਨੇ ਪੂਰਬੀ ਪਾਕਿਸਤਾਨ ਨੂੰ ਬੰਗਲਾਦੇਸ਼ ਤੋਂ ਅਲੱਗ ਕਰ ਦਿੱਤਾ ਸੀ ਅਤੇ ਜਿਸ ਲੜਾਈ ਵਿਚ ਰੂਸ ਨੇ ਸਾਡਾ ਪੂਰਾ ਸਾਥ ਦਿੱਤਾ ਸੀ। ਇਹ ਉਹ ਇਤਿਹਾਸਕ ਦਿਨ ਸੀ, ਜਦੋਂ ਕੇਵਲ 14 ਦਿਨ ਦੀ ਲੜਾਈ ਤੋਂ ਬਾਅਦ ਪਾਕਸਿਤਾਨੀ ਫੌਜ ਦੇ 93 ਹਜ਼ਾਰ ਸੈਨਿਕਾਂ ਨੇ ਢਾਕਾ ਵਿਚ ਭਾਰਤੀ ਫੌਜ ਦੇ ਸਾਹਮਣੇ ਆਤਮ ਸਮਰਪਣ ਕਰ ਦਿੱਤਾ ਸੀ। ਪਾਕਿਸਤਾਨ 'ਤੇ ਹੋਈ ਇਤਿਹਾਸਕ ਜਿੱਤ ਦੇ ਇਸ ਦਿਨ ਨੂੰ ਭਾਰਤ ਵਿਜੈ ਦਿਵਸ ਦੇ ਰੂਪ ਵਿਚ ਮਨਾਉਂਦਾ ਹੈ।

ਇਹ ਉਹ ਲੜਾਈ ਸੀ, ਜਿਸ ਵਿਚ ਜਦੋਂ ਭਾਰਤੀ ਫੌਜ ਕਰਾਚੀ 'ਤੇ ਕਬਜਾ ਕਰਨ ਦੀ ਤਿਆਰੀ ਕਰਨ ਲੱਗੀ ਸੀ ਤਾਂ ਉਦੋਂ ਇਸਦੇ ਰਹਿਨੁਮਾ ਰਹੇ ਅਮਰੀਕੀ ਰਾਸ਼ਟਰਪਤੀ ਨਿਕਸਨ ਨੇ ਬੁਖਲਾ ਕੇ 8 ਦਸੰਬਰ 1971 ਨੂੰ ਭਾਰਤ ਦੇ ਖਿਲਾਫ ਕਿੰਗ ਕਰੂਜ਼ ਮਿਜ਼ਾਇਲਾਂ, ਸੱਤਰ ਲੜਾਕੂ ਜਹਾਜ਼ਾਂ ਅਤੇ ਪਰਮਾਣੂ ਬੰਬਾਂ ਨਾਲ ਲੈਸ ਆਪਣੇ ਸੱਤਵੇਂ ਜੰਗੀ ਬੇੜੇ ਨੂੰ ਦੱਖਣੀ ਵੀਅਤਨਾਮ ਤੋਂ ਬੰਗਾਲ ਦੀ ਖਾੜੀ ਵੱਲ ਕੂਚ ਕਰਨ ਦਾ ਆਦੇਸ਼ ਦੇ ਦਿੱਤਾ ਸੀ। ਦਸ ਅਮਰੀਕੀ ਜਹਾਜ਼ਾਂ ਵਾਲੇ ਇਸ ਬੇੜੇ ਨੂੰ ਅਮਰੀਕਾ ਨੇ ਟਾਸਕ ਫੋਰਸ 74 ਦਾ ਨਾਂ ਦਿੱਤਾ ਸੀ। ਉਦੋਂ ਅਮਰੀਕਾ ਦੇ ਇਸ਼ਾਰੇ 'ਤੇ ਬ੍ਰਿਟੇਨ ਨੇ ਵੀ ਆਪਣੇ ਜੰਗੀ ਜਹਾਜ਼ ਈਗਲ ਨੂੰ ਭਾਰਤੀ ਸਮੁੰਦਰੀ ਸੀਮਾ ਵੱਲ ਰਵਾਨਾ ਕਰ ਦਿੱਤਾ ਸੀ। ਭਾਰਤ ਨੂੰ ਘੇਰਨ ਲਈ ਅਮਰੀਕਾ ਨੇ ਚੀਨ ਨੂੰ ਵੀ ਉਕਸਾਇਆ। ਪਰ ਚੀਨ ਸਾਹਮਣੇ ਨਹੀਂ ਆਇਆ। ਕਈ ਹੋਰ ਦੇਸ਼ਾਂ ਦੇ ਜ਼ਰੀਏ ਪਾਕਿਸਤਾਨ ਨੂੰ ਲੜਾਕੂ ਜਹਾਜ਼ਾਂ ਅਤੇ ਹਥਿਆਰਾਂ ਦੀ ਮਦਦ ਕਰਵਾਈ ਗਈ ਸੀ। ਫਿਰ ਵੀ ਭਾਰਤ ਘਬਰਾਇਆ ਨਹੀਂ।



ਇਹ ਉਹ ਵਕਤ ਸੀ, ਜਦੋਂ ਅਮਰੀਕੀ ਲੀਡਰ ਇੰਦਰਾ ਗਾਂਧੀ ਦੇ ਲਈ ਆਪਣੀ ਗੱਲਬਾਤ ਵਿਚ ਗਾਲਾਂ ਦੀ ਵਰਤੋਂ ਕਰਦੇ ਸਨ। ਇਕ ਵਾਰ ਤਾਂ ਨਿਕਸਨ ਨੇ ਆਪਣੇ ਗ੍ਰਹਿ ਸਕੱਤਰ ਹੈਨਰੀ ਕਿਸਿੰਜਰ ਨੂੰ ਫੋਨ ਤੇ ਗੱਲਬਾਤ ਵਿਚ ਇੰਦਰਾ ਗਾਂਧੀ ਨੂੰ ਕੁੱਤੀ ਤੱਕ ਕਹਿ ਕੇ ਸੰਬੋਧਨ ਕੀਤਾ ਸੀ। ਇਸ ਮੌਕੇ 'ਤੇ ਰੂਸ (ਉਦੋਂ ਸੋਵੀਅਤ ਸੰਘ) ਨੇ ਯਾਦਗਾਰ ਤਰੀਕੇ ਨਾਲ ਭਾਰਤ ਦਾ ਸਾਥ ਦਿੱਤਾ ਸੀ। ਸੋਵੀਅਤ ਰਾਸ਼ਟਰਪਤੀ ਬ੍ਰੇਜਨੇਵ ਨੇ 13 ਦਸੰਬਰ ਨੂੰ ਆਪਣੀ ਪਰਮਾਣੂ ਪਣਡੁੱਬੀ ਅਤੇ ਜੰਗੀ ਜਹਾਜ਼ਾਂ ਵਾਲਾ ਬੇੜਾ ਫਲੋਟੀਲਾ ਨੂੰ ਐਡਮਿਰਲ ਵਲਾਦੀਮਿਰ ਕੁਗਲਯਾਕੋਵ ਦੀ ਅਗਵਾਈ ਵਿਚ ਭਾਰਤੀ ਫੌਜ ਦੀ ਰੱਖਿਆ ਦੇ ਲਈ ਭੇਜਿਆ ਤਾਂ ਅਮਰੀਕਾ-ਬ੍ਰਿਟੇਨ ਫੌਜ ਪਿੱਛੇ ਹਟ ਗਈ। ਇਸ ਲੜਾਇ. ਤੋਂ ਸਿਰਫ ਤਿੰਨ ਮਹੀਨੇ ਪਹਿਲਾਂ 9 ਅਗਸਤ 1971 ਨੂੰ ਭਾਰਤ ਨੇ ਰੂਸ ਦੇ ਨਾਲ ਇਕ ਵੀਹ ਸਾਲਾ ਸਹਿਯੋਗ ਸੰਧੀ 'ਤੇ ਹਸਤਾਖਰ ਕੀਤੇ ਸਨ। ਅਮਰੀਕਾ ਦਾ ਸੱਤਵਾਂ ਬੇੜਾ ਜਦੋਂ ਬੰਗਾਲ ਦੀ ਖਾੜੀ ਵਿਚ ਘੁਸਿਆ ਤਾਂ ਰੂਸੀ ਸਮੁੰਦਰੀ ਫੌਜ ਨੂੰ ਭਾਰਤ ਦੇ ਬਚਾਅ ਵਿਚ ਪਹਿਲਾਂ ਤੋਂ ਖੜ੍ਹੀ ਦੇਖ ਕੇ ਅਮਰੀਕੀ ਸਮੁੰਦਰੀ ਫੌਜ ਕਮਾਂਡਰ ਨੇ ਪੇਂਟਾਗਨ ਨੂੰ ਸੰਦੇਸ਼ ਦਿੱਤਾ, ਸੌਰੀ ਸਰ, ਵੀ ਆਰ ਲੇਟ, ਦੇ ਹੈਵ (ਰੂਸੀ ਫੌਜ) ਆਲਰੈਡੀ ਅਰਾਈਵਡ।

ਆਖਿਰਕਾਰ ਬੰਗਲਾ ਮੁਕਤੀ ਵਾਹਿਨੀ ਦੇ ਅੰਦੋਲਨ ਨੂੰ ਕੁਚਲਣ ਦੇ ਲਈ 3 ਦਸੰਬਰ 1971 ਨੂੰ ਪਾਕਿਸਤਾਨ ਨੇ ਅਪਰੇਸ਼ਨ ਚੰਗੇਜ਼ ਦੇ ਕੋਡ ਨਾਂ ਤੇ ਪੂਰਬੀ ਪਾਕਿਸਤਾਨ ਸਮੇਤ ਅਨੇਕਾਂ ਭਾਰਤੀ ਠਿਕਾਣਿਆਂ 'ਤੇ ਹਵਾਈ ਹਮਲੇ ਕਰ ਦਿੱਤੇ। ਭਾਰਤ ਨੇ ਇਸਦਾ ਕਰਾਰਾ ਜਵਾਬ ਦਿੱਤਾ ਅਤੇ ਸਿਰਫ 14 ਦਿਨਾਂ ਵਿਚ ਹੀ ਪਾਕਿ ਨੂੰ ਗੋਡੇ ਟੇਕਣ ਲਈ ਮਜਬੂਰ ਕਰ ਦਿੱਤਾ। ਯੁੱਧ ਦੇ ਅਜਿਹੇ ਨਾਜ਼ੁਕ ਮੌਕੇ ਤੇ ਰੂਸ ਦਾ ਭਾਰਤ ਦੇ ਨਾਲ ਪੂਰੀ ਤਾਕਤ ਨਾਲ ਖੜ੍ਹਾ ਹੋਣਾ ਇਕ ਅਜਿਹਾ ਤੱਥ ਹੈ, ਜਿਸਦਾ ਭਾਰਤ ਹਮੇਸ਼ਾ ਕਰਜ਼ਦਾਰ ਰਹੇਗਾ।

ਜੇਕਰ ਅਮਰੀਕਾ ਤੇ 9/11 ਦਾ ਹਮਲਾ ਨਾ ਹੁੰਦਾ ਅਤੇ ਅੱਤਵਾਦ ਫੈਲਾਉਣ ਵਿਚ ਪਾਕਿਸਤਾਨ ਦੀ ਭੂਮਿਕਾ ਸਾਹਮਣੇ ਨਾ ਆਈ ਹੁੰਦੀ ਤਾਂ ਸ਼ਾਇਦ ਅਮਰੀਕਾ ਅੱਜ ਵੀ ਪਾਕਿਸਤਾਨ ਦੇ ਹੀ ਪੱਖ ਵਿਚ ਖੜ੍ਹਾ ਹੁੰਦਾ। ਅਸਲੀਅਤ ਦੇਖੋ ਕਿ ਜਿਸ ਪਾਕਿਸਤਾਨ ਨੂੰ ਅਮਰੀਕਾ ਅੱਤਵਾਦ ਦੇ ਖਿਲਾਫ ਲੜਾਈ ਵਿਚ ਆਪਣਾ ਅਹਿਮ ਹਿੱਸੇਦਾਰ ਬਣਾ ਕੇ ਚੱਲ ਰਿਹਾ ਸੀ, ਉਸੇ ਪਾਕਿਸਤਾਨ ਨੇ ਅਮਰੀਕਾ ਦੇ ਸਭ ਤੋਂ ਵੱਡੇ ਦੁਸ਼ਮਣ ਓਸਾਮਾ ਬਿਨ ਲਾਦੇਨ ਨੂੰ ਆਪਣੇ ਘਰ ਵਿਚ ਲੁਕੋ ਰੱਖਿਆ ਸੀ। ਅਮਰੀਕਾ ਦੇ ਦਿੱਤੇ ਪੈਸੇ ਅਤੇ ਹਥਿਆਰਾਂ ਦਾ ਇਸਤੇਮਾਲ ਉਹ ਭਾਰਤ ਦੇ ਖਿਲਾਫ ਅੱਤਵਾਦ ਫੈਲਾਉਣ ਵਿਚ ਹੀ ਕਰ ਰਿਹਾ ਹੈ।

ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਅਮਰੀਕਾ ਨੂੰ ਆਪਣਾ ਸੁਭਾਵਿਕ ਸਹਿਯੋਗੀ ਕਰਾਰ ਦੇ ਕੇ ਭਾਰਤ-ਅਮਰੀਕਾ ਸਬੰਧਾਂ ਦੇ ਇਕ ਨਵੇਂ ਯੁੱਗ ਨੂੰ ਆਰੰਭ ਕੀਤਾ ਸੀ ਪਰ ਅਮਰੀਕਾ ਨੂੰ ਭਾਰਤ ਦੀ ਦੋਸਤੀ ਦੀ ਅਹਿਮੀਅਤ ਜ਼ਰਾ ਦੇਰ ਨਾਲ ਸਮਝ ਵਿਚ ਆਈ। ਨਾਲ ਹੀ ਉਸਨੂੰ ਭਾਰਤ-ਰੂਸ ਦੀ ਦੋਸਤੀ ਤੋਂ ਹਮੇਸ਼ਾ ਈਰਖਾ ਵੀ ਰਹੀ ਹੈ। ਅਮਰੀਕਾ ਨਹੀਂ ਚਾਹੁੰਦਾ ਕਿ ਭਾਰਤ ਕੋਈ ਹਥਿਆਰ ਰੂਸ ਤੋਂ ਖਰੀਦੇ। ਬੀਤੇ ਸਾਲ ਰਾਸ਼ਟਰਪਤੀ ਬਰਾਕ ਓਬਾਮਾ ਨੇ ਭਾਰਤ-ਰੂਸ ਵਿਚਕਾਰ ਰੱਖਿਆ ਸੌਦਿਆਂ 'ਤੇ ਇਹ ਕਹਿ ਕੇ ਦੁੱਖ ਪ੍ਰਗਟ ਕੀਤਾ ਸੀ ਕਿ ਇਹ ਰੂਸ ਦੇ ਨਾਲ ਆਮ ਸਬੰਧਾਂ ਦਾ ਵਕਤ ਨਹੀਂ ਹੈ। ਉਦੋਂ ਪ੍ਰਧਾਨ ਮੰਤਰੀ ਮੋਦੀ ਨੇ ਇਹ ਕਹਿ ਕੇ ਅਮਰੀਕਾ ਨੂੰ ਜਵਾਬ ਦਿੱਤਾ ਸੀ ਕਿ ਰੂਸ ਨਾਲ ਸਾਡੇ ਸਬੰਧ ਬਹੁਤ ਪੁਰਾਣੇ ਅਤੇ ਬਿਹਤਰੀਨ ਹਨ ਅਤੇ ਵੁਹ ਸਾਡਾ ਸਭ ਤੋਂ ਮਹੱਤਵਪੂਰਨ ਰੱਖਿਆ ਸਹਿਯੋਗੀ ਬਣਿਆ ਰਹੇਗਾ।

ਭਾਰਤ ਨੇ ਅਮਰੀਕਾ ਨੂੰ ਤਾਂ ਸਮਝਾ ਲਿਆ ਸੀ ਪਰ ਰੂਸ ਬੁਰਾ ਮੰਨ ਗਿਆ। ਉਸਦੀ ਨਰਾਜ਼ਗੀ ਦੀ ਵੱਡੀ ਵਜ੍ਹਾ ਇਹ ਸੀ ਕਿ ਪਿਛਲੇ ਦਸ-ਬਾਰਾਂ ਸਾਲਾਂ ਤੋਂ ਭਾਰਤ ਨੇ ਰੂਸ ਤੋਂ ਇਲਾਵਾ ਕਈ ਹੋਰ ਮੁਲਕਾਂ ਨਾਲ ਰੱਖਿਆ ਸੌਦੇ ਕੀਤੇ ਹਨ। ਜਦਕਿ ਇਸ ਤੋਂ ਪਹਿਲਾਂ ਭਾਰਤ ਕਈ ਦਹਾਕਿਆਂ ਤੋਂ ਰੂਸ ਦੇ ਰੱਖਿਆ ਉਪਕਰਨਾਂ ਦਾ ਸਭ ਤੋਂ ਵੱਡਾ ਅਯਾਤਕ ਰਿਹਾ ਹੈ। ਹਾਲ ਹੀ ਦੇ ਸਾਲਾਂ ਵਿਚ ਅਮਰੀਕਾ ਨੇ ਭਾਰਤ ਨੂੰ ਰੂਸ ਦੇ ਮੁਕਾਬਲੇ ਬਿਹਤਰ ਹਥਿਆਰ ਮੁਹੱਈਆ ਕਰਵਾਉਣ ਦੇ ਜੋ ਸੌਦੇ ਹਾਸਲ ਕੀਤੇ, ਉਸਦਾ ਸਿੱਧਾ ਨੁਕਸਾਨ ਰੂਸ ਨੂੰ ਹੀ ਹੋਇਆ।

ਸੰਨ 2013 ਵਿਚ ਰੂਸ ਨੇ ਭਾਰਤ ਨੂੰ 4 ਅਰਬ 70 ਕਰੋੜ ਡਾਲਰ ਦੇ ਹਥਿਆਰ ਦਿੱਤੇ ਸਨ, ਜੋ ਉਸਦੇ ਕੁੱਲ ਹਥਿਆਰ ਨਿਰਯਾਤ ਦਾ 35 ਫੀਸਦੀ ਹਿੱਸਾ ਸੀ। ਪਰ ਦਸੰਬਰ 2015 ਵਿਚ ਪ੍ਰਧਾਨ ਮੰਤਰੀ ਮੋਦੀ ਦੀ ਰੂਸ ਯਾਤਰਾ ਦੇ ਦੌਰਾਨ ਭਾਰਤ ਨੇ ਜਦੋਂ ਰੂਸ ਤੋਂ ਸੈਨਿਕ ਸਾਜ਼ੋ-ਸਮਾਨ ਖਰੀਦ ਦਾ ਕੋਈ ਖਾਸ ਸਮਝੌਤਾ ਨਹੀਂ ਕੀਤਾ ਤਾਂ ਰੂਸ ਨੇ ਵੀ ਪੈਂਤੜਾ ਬਦਲ ਲਿਆ ਅਤੇ ਭਾਰਤ ਦੇ ਨਾਲ ਦੋਗਲੀ ਖੇਡ ਖੇਡਣ ਲੱਗਿਆ। ਇਕ ਪਾਸੇ ਉਸਨੇ ਪਾਕਿ ਦੇ ਨਾਲ ਸੈਨਿਕ ਅਭਿਆਸ ਆਰੰਭ ਕੀਤਾ ਤਾਂ ਦੂਜੇ ਪਾਸੇ ਭਾਰਤ ਦੇ ਨਾਲ ਵੀ ਸਾਂਝਾ ਸੈਨਿਕ ਅਭਿਆਸ ਜਾਰੀ ਰੱਖਿਆ। ਭਾਰਤ-ਪਾਕਿ ਯੁੱਧ ਦੇ 45 ਸਾਲ ਬਾਅਦ ਰੂਸੀ ਫੌਜ ਨੂੰ ਪਾਕਿਸਤਾਨ ਦੇ ਨਾਲ ਫਿਰਦੇ ਦੇਖ ਕੇ ਭਾਰਤ ਨੂੰ ਚਿੰਤਾ ਹੋਈ, ਕਿਉਂਕਿ ਰੂਸੀ ਭਾਰਤ ਦੇ ਸੱਚੇ ਮਿੱਤਰ ਰਹੇ ਹਨ।

ਦਰਅਸਲ ਚਾਹੇ ਰੂਸ ਹੋਵੇ ਜਾਂ ਅਮਰੀਕਾ ਜਾਂ ਹੋਰ ਮੁਲਕ, ਸਾਰੇ ਭਾਰਤ ਨੂੰ ਬਾਜ਼ਾਰ ਮੰਨਦੇ ਹਨ। ਭਾਰਤ ਨੇ ਉਹਨਾਂ ਦੇ ਨਾਲ ਵੱਡੇ ਖਰੀਦ ਸਮਝੌਤੇ ਕੀਤੇ ਤਾਂ ਉਹ ਖੁਸ਼, ਨਹੀਂ ਤਾਂ ਨਰਾਜ। ਭਾਰਤ ਨੇ ਆਪਣੀ ਰਣਨੀਤੀ ਵਿਚ ਦੋ ਵੱਡੀਆਂ ਤਬਦੀਲੀਆਂ ਕੀਤੀਆਂ ਹਨ। ਇਕ ਕਿਸੇ ਇਕ ਮੁਲਕ 'ਤੇ ਰੱਖਿਆ ਸਬੰਧੀ ਸੌਦਿਆਂ ਲਈ ਨਿਰਭਰ ਨਹੀਂ ਰਹਿਣਾ ਅਤੇ ਦੂਜਾ ਮੁਲਕ ਵਿਚ ਸਵਦੇਸ਼ੀ ਉਤਪਾਦਨ ਨੂੰ ਹੱਲਾਸ਼ੇਰੀ ਦੇ ਕੇ ਰੱਖਿਆ ਮਾਮਲਿਆਂ ਵਿਚ ਆਤਮ ਨਿਰਭਰਤਾ। ਅੱਜ ਅਮਰੀਕਾ ਅਤੇ ਭਾਰਤ ਦੇ ਸਾਹਮਣੇ ਅਸਲੀ ਚੁਣੌਤੀ ਚੀਨ ਹੀ ਹੈ। ਚੀਨ ਨੂੰ ਸੰਤੁਲਿਤ ਕਰਨ ਦੇ ਲਈ ਅਮਰੀਕਾ ਅਤੇ ਭਾਰਤ ਨੂੰ ਇਕ ਦੂਜੇ ਦਾ ਸਾਥ ਚਾਹੀਦਾ ਹੈ ਪਰ ਭਾਰਤ ਆਪਣੇ ਪੁਰਾਣੇ ਸਾਥੀ ਰੂਸ ਨੂੰ ਪਾਕਿ-ਚੀਨ ਦੇ ਪਾਲੇ ਵਿਚ ਸੁੱਟਣ ਦੀ ਗਲਤੀ ਵੀ ਨਹੀਂ ਕਰ ਸਕਦਾ। ਇਸ ਕਰਕੇ ਇਹਨਾਂ ਸਭ ਵਿਚਕਾਰ ਇਕ ਸੰਤੁਲਨ ਕਾਇਮ ਕਰਨਾ ਹੋਵੇਗਾ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਨੇ ਸਮਾਂ ਰਹਿੰਦੇ ਰੂਸ ਦੇ ਨਾਲ ਵਿਗੜਦੇ ਸਬੰਧਾਂ ਨੂੰ ਸੰਭਾਲ ਲਿਆ। ਭਾਰਤ-ਰੂਸ ਦੀ ਦੋਸਤੀ ਵਿਚ ਆਈ ਇਸ ਨਵੀਂ ਤਾਜ਼ਗੀ ਤੋਂ ਚੀਨ-ਪਾਕਿਸਤਾਨ ਦਾ ਪ੍ਰੇਸ਼ਾਨ ਹੋਣਾ ਲਾਜ਼ਮੀ ਹੈ। ਪੁਤਿਨ ਨਾਲ ਗੱਲਬਾਤ ਦੇ ਆਖਿਰ ਵਿਚ ਮੋਦੀ ਨੇ ਕਿਹਾ, ਇੰਡੀਆਈ ਰਸਈਆ-ਰੁਕਾ ਅਰਬ ਸਕੂ ਅਤੇ ਸਵੇਤਲਾਓ ਬਦੂਸ਼ੀਯਾ ਯਾਨਿ ਸੁਨਹਿਰੇ ਭਵਿੱਖ ਦੇ ਲਈ ਭਾਰਤ ਅਤੇ ਰੂਸ ਇਕੱਠੇ। ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਦੋਵੇਂ ਮੁਲਕ ਪੁਰਾਣੇ ਕਰੀਬੀ ਦੋਸਤ ਅਤੇ ਹਿੱਸੇਦਾਰੀ ਬਣੇ ਰਹਿਣਗੇ।


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:

530-824-5134

ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED TIRES

WASH, LUBE, BRAKES

Call:

650-642-0697

3525 Highway 99, West Corning, CA 96021

Across the Street from TA Truck Stop

# ਵਿਲਾਇਤ ਵਿਚ ਸਾਹਿਤਿਕ ਮਾਹੌਲ

## ਮਸ਼ਹੂਰ ਕਹਾਣੀਕਾਰ, ਪੱਤਰਕਾਰ ਤੇ ਪ੍ਰਕਾਸ਼ਕ ਐੱਸ. ਬਲਵੰਤ ਨਾਲ "ਪੰਜਾਬੀ ਟ੍ਰਿਬਿਊਨ" ਦੇ ਸਹਿ-ਸੰਪਾਦਕ ਅਵਤਾਰ ਸਿੰਘ ਭੰਬਰਾ ਨਾਲ ਬਾਤ-ਚੀਤ

**ਇੰਗਲੈਂਡ ਫੇਰੀ ਸਮੇਂ ਇੱਛਾ ਸੀ ਕਿ ਵਿਲਾਇਤੀ ਸਾਹਿਤਕਾਰਾਂ ਨਾਲ ਮੁਲਾਕਾਤ ਹੋਵੇ। ਇਕ ਦਿਨ ਦਿੱਲੀ ਤੋਂ ਵਿਲਾਇਤ ਆ ਵਸੇ ਨਾਲ ਲੰਬੀ ਮੁਲਾਕਾਤ ਹੋਈ। ਬਰਮਿੰਘਮ ਦੇ ਇਕ ਗਾਰਡਨ 'ਚ ਲੰਮੀ ਸੈਰ ਵੇਲੇ ਹੋਈਆਂ ਬਹੁਤ ਸਾਰੀਆਂ ਗੱਲਾਂ 'ਚੋਂ ਕੁਝ ਅੰਸ਼**

? : ਤੁਸੀਂ ਇਕ ਮੁੱਦਤ ਤੀਕ ਦਿੱਲੀ ਰਹਿਣ ਤੇ ਉਥੋਂ ਦੀ ਸਾਹਿਤਿਕ ਸਾਹਿਤਕ ਜ਼ਿੰਦਗੀ ਨੂੰ ਹੰਢਾਉਣ ਬਾਅਦ ਇਥੋਂ ਦੇ ਸਾਹਿਤਿਕ ਮਾਹੌਲ ਬਾਰੇ ਕੀ ਮਹਿਸੂਸ ਹੋਇਆ?

ਸ.ਬ. : ਮੈਨੂੰ ਇਥੇ ਕੋਈ ਸਾਹਿਤਿਕ ਮਾਹੌਲ ਲੱਗਾ ਹੀ ਨਹੀਂ । ਇਥੇ ਲਗਪਗ ਸਾਰੇ ਹੀ ਸਾਹਿਤਿਕਾਰਖਿੱਲਰੇ ਹੋਏ ਹਨ। ਉਸ ਦਾ ਇਕ ਕਾਰਨ ਤਾਂ ਇਹ ਲੱਗਾ ਕਿ ਲੋਕੀ ਦੂਰ ਦੂਰ ਸ਼ਹਿਰਾਂ ਵਿਚ ਵਾਸਾ ਕਰਦੇ ਹਨ ਤੇ ਦੂਜਾ ਕੰਮਾਂ ਕਾਰਾਂ ਦੇ ਰੁਝੇਵਿਆਂ ਕਾਰਨ ਹਰ ਵੇਲੇ ਲੰਮਾ ਸਫਰ ਕਰ ਕੇ ਪਹੁੰਚਿਆ ਨਹੀਂ ਜਾ ਸਕਦਾ। ਪਰਇਸ ਤੋਂ ਵੀ ਵੱਡੀ ਤੇ ਅਹਿਮ ਗੱਲ ਇਹ ਹੈ ਕਿ ਇਸ ਸਾਰੇਮਾਹੌਲ 'ਚੋਂ ਸਾਹਿਤਿਕ ਖੁਸ਼ਬੂ ਗਾਇਬ ਹੈ। ਮੈਂ ਜੋ ਸਾਹਿਤ ਬਾਰੇ ਜਾਣਿਆਂ ਜਾਂ ਸਿੱਖਿਆ ਉਹ ਹੈ ਸਮਰਪਣ। ਪਰ ਐਥੇ ਸਮਰਪਣ ਘੱਟ ਤੇ ਡਾਂਗ ਜ਼ਿਆਦਾ ਚਲਦੀ ਹੈ। ਸਾਹਿਤ ਰਚਣਾ ਜਾਂ ਸਮਾਜ ਨੂੰ ਕੁਝ ਵਾਪਸ ਕਰਨ ਦੀ ਪ੍ਰਥਾ ਤਾਂ ਦਾਨ ਹੈ ਪਰ ਇਥੇ ਦੇ ਸਾਹਿਤ ਵਿਚ ਸਮਾਜੀ ਸ਼ਰਧਾ ਘੱਟ ਹੈ ਤੇ "ਮੈਂ" ਦੀ ਲਾਲਸਾ ਵਧੇਰੇ ਮਹਿਸੂਸ ਹੋਈ ਹੈ। ਉਂਝ ਸਾਹਿਤਕਾਰ ਤਾਂ ਇਥੇ ਵੀ ਬਹੁਤ ਹਨ। ਤੇ ਜੇ ਤੁਸੀਂ ਸਾਹਿਤਕਾਰ ਉਸ ਨੂੰ ਮੰਨਦੇ ਹੋ ਕਿ ਉਸ ਦੀ ਕੋਈ ਕਿਤਾਬ ਪ੍ਰਕਾਸ਼ਿਤ ਹੋਈ ਹੋਵੇ ਤਾਂ ਇਥੇ "ਪੰਜਾਬੀ ਮਾਂ-ਬੋਲੀ ਸੇਵਕ" ਇਕ ਇੱਟ ਪੁੱਟੋ ਤਾਂ ਥੱਲਿਓਂ ਕਈ ਨਿਕਲ ਆਉਣਗੇ । ਕਿਉਂਕਿ ਵਧੇਰੇ ਕਰਕੇ ਇੱਥੇ ਕਿਤਾਬ ਸਾਧਨਾ ਕਰਕੇ ਨਹੀਂ ਸਗੋਂ ਪੈਸੇ ਦੇ ਜ਼ੋਰ ਨਾਲ ਲਿਖ ਵੀ ਹੋ ਜਾਂਦੀ ਹੈ ਤੇ ਪ੍ਰਕਾਸ਼ਿਤ ਵੀ ਹੋ ਜਾਂਦੀ ਹੈ।

? : ਇਹ ਹਾਲ ਤਾਂ ਹੁਣ ਭਾਰਤ ਵਿਚ ਵੀ ਹੈ, ਤੇ ਉਥੇ ਵੀ ਵਾਕਫਅਤ, ਸਿਫਾਰਿਸ਼ ਜਾਂ ਪੈਸੇ ਦਾ ਦਖਲ ਵਧੇਰੇ ਹੈ ਪਰ ਫਿਰ ਵੀ ਇਥੋਂ ਦੇ ਕਿਸੇ ਸਾਹਿਤਕਾਰ ਦੀ ਵਿਲੱਖਣਤਾ ਬਾਰੇ?

ਸ. ਬ. : ਮੇਰਾ ਅੰਗਰੇਜ਼ੀ ਫੀਲਡ ਹੋਣ ਕਰਕੇ, ਮੇਰੀ ਸਾਂਝਇਥੋਂ ਦੇ ਪੰਜਾਬੀ ਸਾਹਿਤਕਾਰਾਂ ਨਾਲ ਘੱਟ ਤੇਵਧੇਰੇ ਕਰਕੇ ਅੰਗਰੇਜ਼ੀ ਤੇ ਉਹ ਵੀ ਅਕਾਦਮਿਕ ਖੇਤਰ ਵਿਚ ਵਧੇਰੇ ਰਹੀ ਹੈ । ਜਿਵੇਂ ਪ੍ਰੋ (ਲਾਰਡ) ਭਿਖੂ ਪਾਰੇਖ, ਸੁਬਰੱਤ ਮਿੱਤਰਾ, ਕ੍ਰਿਸ਼ਨਾਮੂਰਤੀ, ਜਾਂ ਜਰਮਨ ਦੇ ਡੀਟਰ ਸ਼ਲਿੰਗਲੋਫ, ਰੂਸ ਦੇ ਬੋਨਗਾਰਡ ਲੇਵਿਨ ਤੇਐਂਦਰੋਨੋਵ, ਕੇਨੈਡਾ ਦੇ ਹੰਸ ਪੀਟਰ ਸਮਿਟ, ਅਮਰੀਕਾ ਦੇ ਬਾਮ ਦੇਵ ਸ਼ਾਰਦਾ ਜਾਂ ਇਸ ਤਰ੍ਹਾਂ ਦੇ ਹੋਰ ਬੇਸ਼ੁਮਾਰ ਨਾਂਅ ਹਨ ਜਿਹਨਾਂ ਨਾਲ ਮੇਰੀ ਚੰਗੀ ਸਾਂਝ ਰਹੀ ਹੈ। ਅਜਿਹੇ ਲੋਕਾਂ ਦੀ ਆਪਣੀ ਲੇਖਣੀ ਪ੍ਰਤੀ ਸ਼ਰਧਾ ਦੇਖ ਸਿਰ ਖੁਦ-ਬ-ਖੁਦ ਨਿੰਵ ਜਾਂਦਾ ਹੈ। ਸਿੱਖਣ ਵਾਲੀ ਗੱਲ ਇਹ ਹੈ ਕਿ ਡੀਟਰ ਸ਼ਲਿੰਗਲੌਫ ਨੇ ਇਕ ਕਿਤਾਬ ਸਟੱਡੀਜ਼ ਇੰਨ ਅਜੰਤਾ ਪੇਂਟਿੰਗਜ਼ਲਿਖਣ ਵਿਚ ਪੰਦਰਾਂ ਸਾਲ ਖਰਚ ਕੀਤੇ। ਪੁਰਾਤਨ ਭਾਸ਼ਾਵਾਂ ਦੇ ਬੇਸ਼ੁਮਾਰ ਗ੍ਰੰਥਾਂ ਦਾ ਅਧਿਅਨ ਕੀਤਾ ਇਸ ਸਾਰੀ ਗੱਲ ਨੂੰ ਸਮਝਣ ਲਈ ਅਤੇ ਉਸ ਦੀ ਪਤਨੀ ਜੋ ਕਿ ਇਟਾਲੀਅਨ ਕਲਾਕਾਰ ਸੀ ਨੇ ਅਜੰਤਾ ਪੇਂਟਿੰਗਜ਼ ਦੇ ਪੈੱਨ ਸਕੈੱਚ ਬਣਾ ਉਹਨਾਂ ਉਪਰ ਸਫੇਦ ਲੀਕ ਵਾਹ ਕੇ ਇਹ ਸਮਝਾਇਆ ਕਿ ਜਦੋਂ ਇਹ ਪੇਂਟਿੰਗ ਬਣੀ ਸੀ ਤਾਂ ਉਦੋਂ ਆਹ ਸੀ ਤੇ ਸਮੇਂ ਦੇ ਨਾਲ ਨਾਲ ਭੁਰ ਜਾਣ ਬਾਅਦ ਅੱਜ ਆਹ ਰਹਿ ਗਈ ਹੈ। ਰੂਸੀ ਇਤਿਹਾਸਕਾਰ ਬੋਨਗਾਰਡ ਲੈਵਿਨ ਨੇ ਜੋ ਭਾਰਤ ਦੀ ਪੁਰਾਤਨ ਹਿਸਟਰੀ ਲਿਖੀ ਉਸ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ ਕਿਉਂਕਿ ਮੇਰੀ ਨਜ਼ਰੇ ਇਹ ਇਕ ਪਹਿਲਾ ਸਕਾਲਰ ਸੀ ਜਿਸ ਨੇ ਕਿਸੇ ਧਰਮ ਦੇ ਪੱਖ ਤੋਂ ਟਿੱਣੀ ਨਹੀਂ ਕੀਤੀ, ਵਰਨਾ ਭਾਰਤ ਦੇ ਪੁਰਾਤਨ ਇਤਿਹਾਸ ਦੀ ਕੋਈ ਪੁਸਤਕ ਚੱਕ ਲਓ ਪਲਾਂ ਵਿਚ ਹੀ ਪਤਾ ਲੱਗ ਜਾਂਦਾ ਕਿ ਇਹ ਪੁਸਤਕ ਕਿਸੇ, ਈਸਾਈ, ਹਿੰਦੂ, ਸਿੱਖ ਜਾ ਮੁਸਲਮਾਨ ਦੇ ਪੈੱਨ ਤੋਂ ਲਿਖੀ ਗਈ ਹੈ ਇਸੇ ਤਰ੍ਹਾਂ ਐਮ. ਐਸ. ਐਨਦਰੋਨੋਵ ਰੂਸ ਦੇ ਇਕ ਮਹਾਨ ਭਾਸ਼ਾ-ਵਿਗਿਆਨੀ ਸਨ ਅਤੇ ਦਰਾਵੜੀਅਨ ਭਾਸ਼ਾਵਾਂ ਦੇ ਬੇਹਤਰੀਨ ਸਕਾਲਰ ਸਨ। ਭੀਖੂ ਪਾਰੇਖ ਰਾਜਨੀਤੀ, ਹੰਸ ਪੀਟਰ ਸੰਸਕ੍ਰਿਤ...ਯਾਣੀ ਇਨ੍ਹਾਂ ਲੋਕਾਂ ਦਾ ਆਪਣੀ ਲੇਖਣੀ ਪ੍ਰਤੀ ਸੰਪੂਰਣ ਸਮਰਪਣ ਰਿਹਾ।

ਇੱਥੇ ਪੰਜਾਬੀ ਵਿਚ ਜਿਨ੍ਹਾਂ ਲੋਕਾਂ ਦੀ ਮੈਂ ਗੱਲ ਕਰ ਸਕਦਾਂ ਉਨ੍ਹਾਂ ਵਿਚੋਂ ਗਲਪਕਾਰਾਂ ਵਿਚ ਤਾਂਬਹੁਤ ਥੋੜ੍ਹੇ ਨਾਂਅ ਹਨ, ਜਿਨ੍ਹਾਂ 'ਚੋਂ ਮੁੱਖ ਤੌਰ ਤੇ ਅਸੀਂ ਸਵਰਨ ਚੰਦਨ, ਹਰਜੀਤ ਅਟਵਾਲ, ਵੀਨਾ ਵਰਮਾ, ਦਰਸ਼ਨ ਧੀਰ, ਮੋਹਿੰਦਰਪਾਲ ਧਾਲੀਵਾਲ, ਸਾਥੀ ਲੁਧਿਆਣਵੀ, ਕਰਨੈਲ ਸ਼ੇਰਗਿੱਲ, ਗੁਰਪਾਲ ਲੰਡਨ ਪ੍ਰੀਤਮ ਸਿੱਧੂ, ਸੰਤੋਖ ਧਾਲੀਵਾਲ, ਸ਼ਿਵਚਰਨ ਗਿੱਲ, ਕੇ ਸੀ ਮੋਹਨ, ਗੁਰਨਾਮ ਗਿੱਲ, ਅਵਤਾਰ ਸਾਦਿਕ, ਅਮਰੀਕ ਸੰਧੂ, ਯਸ਼, ਮੋਹਨ ਸਿੰਘ ਕੁੱਕੜਪਿੰਡੀਆ, ਜਾਂ ਕੁਝ ਹੋਰ ਵੀ ਨਾਂਅ ਵੀ ਹੋ ਸਕਦੇ ਹਨ।ਜੋ ਇਸ ਵੇਲੇ ਮੇਰੇ ਧਿਆਨ ਵਿਚ ਨਾ ਹੋਣ ਤੇ ਜਾਂ ਮੈਂ ਉਨ੍ਹਾਂ ਦੇ ਸੰਪਰਕ ਵਿਚ ਨਾ ਹੋਵਾਂ। ਪਹਿਲਿਆਂ ਵਿਚ ਰਘੁਬੀਰ ਢੰਡ,ਤਰਸੇਮ ਨੀਲਗਿਰੀ ਦਾ ਜ਼ਿਕਰ ਵੀ ਜ਼ਰੂਰੀ ਹੈ। ਪਹਿਲਿਆਂਗਲਪਕਾਰਾਂ 'ਚੋਂ ਮੇਰੇ ਚੇਤਿਆਂ ਵਿਚ ਇਕ ਨਾਂਅ ਜੋ ਮੇਰੇ ਜ਼ਿਹਨ ਤੋਂ ਕਦੇ ਗਾਇਬ ਨਹੀਂ ਹੋਇਆ ਉਹ ਹੈ ਕਹਾਣੀਕਾਰ ਸੁਰਜੀਤ ਵਿਰਦੀ ਦਾ।ਕਿਆ ਕਮਾਲ ਦਾ ਲੇਖਕ ਸੀ ਉਹ। ਉਹਦੀ ਲਿਖਤ ਪੜ੍ਹਦਿਆਂ ਉਹਦੇ ਵਿਚ ਪਾਠਕ ਖੁੱਭ ਹੀ ਜਾਂਦਾ ਤੇ ਜਦ ਉਹਦਾ ਪਾਤਰ ਕਿਸੇ ਦੇ ਸੀਨੇ 'ਚ ਬਰਛਾ ਖੋਭ ਰਿਹਾ ਹੁੰਦਾ ਤਾਂ ਐਦਾਂ ਲਗਦਾ ਜਿਵੇਂ ਉਹ ਬਰਸ਼ਾ ਉਹ ਪਾਠਕ ਖੁਦ ਖੋਭ ਰਿਹਾ ਹੋਵੇ ਜਾਂ ਉਹੀ ਬਰਛਾ ਪਾਠਕ ਦੇ ਸੀਨੇ ਵਿਚ ਖੁੱਭ ਰਿਹਾ ਹੋਵੇ।ਆਪਣੀ ਗੱਲ ਕਹਿਣ ਦੀ ਕਲਾ ਕਮਾਲ ਸੀ ਸੁਰਜੀਤ ਦੀ।

? : ਪੰਜਾਬੀ ਵਿਚ ਸਵਰਨ ਚੰਦਨ ਦੀਆਂ ਲਿਖਤਾਂ ਬਾਰੇ ਤੁਹਾਡਾ ਕੀ ਕਹਿਣਾ ਹੈ?

ਸ. ਬ. : ਜੇ ਸਵਰਨ ਚੰਦਨ ਨੂੰ ਸਾਹਿਤਿਕ ਤੌਰ ਤੇ ਆਂਕਣਾ ਹੋਵੇ ਤਾਂ ਮੈਨੂੰ ਲਗਦਾ ਉਹ ਇਕ ਵਧੀਆ ਗਲਪ ਲੇਖਕ ਸੀ। ਔਰ ਸੱਚ ਪੁਛੋ ਤਾਂ ਮੇਰੀ ਨਜ਼ਰੇ ਉਹ ਇਕ ਅਣਗੌਲਿਆ ਜਾਂ ਇਮਾਨਦਾਰ ਮੁਲਾਂਕਣ ਦਾ ਸ਼ਿਕਾਰ ਰਿਹਾ। ਇਸ ਦਾ ਕਾਰਨ ਮੈਨੂੰ ਇਹ ਲਗਦਾ ਕਿ ਉਸ ਨੇ ਆਪਣੇ ਆਸੇ ਪਾਸੇ ਖਿਲਾਰਾ ਬਹੁਤ ਪਾਇਆ ਹੋਇਆ ਸੀ। ਉਹ ਕਾਹਲਾ ਵੀ ਬਹੁਤ ਸੀ। ਪਰ ਜੇਉਸ ਦੀ ਨਿਰੋਲ ਸਾਹਿਤਿਕ ਦੇਣ ਦਾ ਮੁੱਲਆਂਕਣ ਕਰਨ ਵਾਲੇ 'ਚ ਇਮਾਨਦਾਰੀ ਹੋਵੇ, ਤਾਂ ਉਹ ਇਕ ਬਹੁਤ ਹੀ ਵਧੀਆ ਲੇਖਕ ਸੀ। ਆਦਮੀ ਜਾਂ ਜ਼ਾਤੀ ਤੌਰ 'ਤੇ ਉਸ ਉੱਪਰ ਕਿੰਤੂ-ਪ੍ਰੰਤੂ ਹੋ ਸਕਦੇ ਹਨ ਪਰ ਉਹ ਮੇਰਾ ਵਿਸ਼ਾ ਕਦੇ ਵੀ ਨਹੀ ਰਿਹਾ। ਕਿਉਂਕਿ ਮੈਂ ਅੰਬ ਖਾਣੇ ਜਾਣਦਾਂ ਅੰਬਾਂ ਦੇ ਪੇੜ ਗਿਣਨਾ ਨਹੀਂ। ਮੈਂ ਲੇਖਕ ਨੂੰ ਹਮੇਸ਼ਾਂ ਦੋ ਪਾਸਿਆਂ ਤੋਂ ਦੇਖਦਾਂ, ਇਕ ਉਸ ਦੀ ਜ਼ਾਤੀ ਜਿੰਦਗੀ ਤੇ ਦੂਜੇ ਉਸ ਦੀ ਕਿਰਤ ਦਾ ਮਹੱਤਵ। ਮੈਂ ਇਹ ਕਦੇ ਵੀ ਨਹੀਂ ਮੰਨਦਾ ਕਿ ਹੱਡ-ਮਾਸ ਦਾ ਬਣਿਆ ਕੋਈ ਵੀ ਇਨਸਾਨ ਗਲਤੀ ਨਹੀਂ ਕਰ ਸਕਦਾ, ਜਾਂ ਉਹ ਹੋਰ ਗੱਲਾਂ ਜਾਂ ਸਮਾਜਕ ਵਰਤਾਰੇ ਤੋਂ ਮੁਕਤ ਹੈ ਪਰ ਗੱਲ ਤਾਂ ਉਹ ਹੈ ਜੋ ਲੇਖਕ ਆਪਣੀ ਲਿਖਤ ਰਾਹੀ ਕਿਸੇ ਜਟਿਲਤਾ



ਐੱਸ. ਬਲਵੰਤ s.balwantuk@yahoo.co.uk

'ਤੇ ਕਿੰਤੂ-ਪਰੰਤੂ ਕਰ ਰਿਹਾ। ਸਵਰਨ ਚੰਦਨ ਦੀ ਜ਼ਾਤੀ ਜ਼ਿੰਦਗੀ ਬਾਰੇ ਗੱਲਾਂ ਤਾਂ ਲੋਕ ਬਹੁਤ ਕਰਦੇ ਹਨ, ਪਰ ਉਸ ਨਿੱਜ ਬਾਰੇ ਕੋਈ ਜ਼ਿਕਰ ਨਹੀਂ ਕਰਦਾ ਕਿ ਉਸ ਦੀਆਂ ਸਾਹਿਤਿਕ ਰਚਨਾਵਾਂ'ਤੇ ਕਿਹਨਾਂ-ਕਿਹਨਾਂ ਗੱਲਾਂ ਨੇਉਸ ਉੱਪਰ ਕਿੰਨਾਂ ਕੁ ਪ੍ਰਭਾਵ ਪਾਇਆ

?...ਬਚਪਨ ਤੋਂ ਲੈ ਕੇ ਮਜ਼ਦੂਰੀ ਕਰਨੀ। ਆਪਣੇ ਪੈਰਾਂ 'ਤੇ ਖੁਦ ਖੜ੍ਹੇ ਹੋਣਾ। ਮਜ਼ਦੂਰੀ ਕਰਦਿਆਂ ਪੜ੍ਹ ਲਿਖ ਜਾਣਾ। ਫਿਰ ਸਾਹਿਤਿਕ ਪਿੜ ਵਿਚ ਜੋ ਘਾਲਣਾ ਉਸ ਘਾਲੀ। ਇਹ ਕੋਈ ਮਾਮੂਲੀ ਗੱਲ ਨਹੀਂ। ਔਰ ਮੇਰੀ ਜਾਚੇ ਉਸ ਦੇ ਆਸੇ-ਪਾਸੇ ਨੂੰ ਭਾਂਪਦਿਆਂ ਜੋ ਮੁਕਾਮ ਉਸ ਨੇ ਬਣਾਇਆ ਉਸ ਦਾ ਕੋਈ ਸਾਨੀ ਵੀ ਨਹੀਂ ਹੋਣਾ।

ਵੈਸੇ ਗਲਪ ਵਿਚ ਹਰਜੀਤ ਅਟਵਾਲ ਦੀ ਹੋਂਦ ਵੀ ਬਹੁਤ ਅਹਿਮ ਹੈ। ਦਰਸ਼ਨ ਧੀਰ ਜਾਂ ਕੁਝ ਹੋਰ ਨਾਂਅ ਵੀ ਲਏ ਜਾ ਸਕਦੇ ਹਨ। ਹਰੇਕ ਲੇਖਕ ਦਾ ਪਿਛੋਕੜ ਵੱਖੋ-ਵੱਖ ਹੋਣ ਕਰਕੇ ਹਰੇਕ ਦੀ ਆਪੋ ਆਪਣੀ ਨੁਹਾਰ ਹੈ। ਇਸੇ ਕਰਕੇ ਸਵਰਨ ਚੰਦਨ ਤੋਂ ਮਗਰੋਂ ਗਲਪ ਵਿਚ ਮੈਂ ਹਰਜੀਤ ਅਟਵਾਲ ਨੂੰ ਵੀ ਉਸ ਪਾਰੀ 'ਚ ਰੱਖਦਾਂ। ਉਂਝ ਜੇ ਮੈਂ ਇਹ ਕਹਾਂ ਕਿ ਜੇ ਵਿਲਾਇਤ ਵਿਚ ਪੰਜਾਬੀ ਲੇਖਕ ਵਿਚ ਸਾਹਿਤਿਕ ਸਮਰਪਣ ਤੇ ਉਸ ਦੀ ਲੇਖਣੀ ਨੂੰ ਪਰਖਣ ਵਿਚ ਇਮਾਨਦਾਰੀ ਦੀ ਭਾਵਨਾ ਹੋਵੇ, ਜਿਹੜੀ ਕਿ ਮੈਂ ਸੱਤਰਵਿਆਂ 'ਚ ਦਿੱਲੀ ਦੇਖੀ ਸੀ ਤਾਂ ਅੱਜ ਪੰਜਾਬੀ ਇਥੋਂ ਦਾ ਪੰਜਾਬੀ ਨਾਵਲ ਜਾਂ ਕਹਾਣੀਆਂ ਸੰਸਾਰ ਪੱਧਰ ਦੇ ਸਾਹਿਤ ਦੇ ਮੁਕਾਬਲੇ 'ਤੇ ਰੱਖੇ ਜਾ ਸਕਦੇ ਹਨ। ਹੁਣੇ ਹੁਣੇ ਹਰਜੀਤ ਅਟਵਾਲ ਦਾ ਲਿਖਿਆ ਨਾਵਲ "ਆਪਣਾ" ਪ੍ਰਕਾਸ਼ਿਤ ਹੋਇਆ, ਜੋ ਸੰਸਾਰ ਦੀ ਕਿਸੇ ਵੀ ਭਾਸ਼ਾ ਦੇ ਸਾਹਿਤ ਦੀ ਉਪਰਲੀ ਕਤਾਰ 'ਚ ਰਖਿਆ ਜਾ ਸਕਦਾ ਹੈ।ਸਵਰਨ ਚੰਦਨ ਦਾ "ਕੰਜਕਾਂ" ਨਾਵਲ ਵੀ ਕਿਸੇ ਪੱਖ ਤੋਂ ਊਣਾ ਨਹੀਂ।

ਪਰ ਜਿਥੋਂ ਤੀਕ ਸਵਰਨ ਚੰਦਨ ਦਾ ਪਹਿਲੂ ਹੈ, ਉਹਨੂੰ ਜੋ ਮੈਂ ਸਮਝਿਆ ਉਹ ਲਗਾਤਾਰਤਾ ਵਿਚ ਦੇਖ ਕੇ ਹੀ ਗੱਲ ਹੋ ਸਕਦੀ ਹੈ। ਮੇਰੀ ਉਸ ਨਲ ਪਹਿਲੀ ਮੁਲਾਕਾਤ 1980 ਵਿਚ "ਵਰਲਡ ਪੰਜਾਬੀ ਕਾਨਫਰੰਸ" ਵੇਲੇ ਹੋਈ ਸੀ ਤੇ ਉਸ ਬਾਅਦ ਅਸੀ ਲਗਾਤਾਰ ਸੰਪਰਕ ਵਿਚ ਰਹੇ। ਔਰ ਇਸ ਸਾਰੇ ਸਮੇਂ ਵਿਚ ਮੈਂ ਚੰਦਨ ਵਿਚ ਇਕ ਅਜੀਬੋ-ਗਰੀਬ ਬੱਚਾ ਪਨਪਦਾ-ਖੇਡਦਾ-ਉਮੜਦਾ-ਰੁੱਸਦਾ ਦੇਖਦਾ ਰਿਹਾਂ। ਛੋਟੀ-ਛੋਟੀ ਗੱਲੇ ਰੁੱਸ ਜਾਣਾ ਉਸ ਦੀ ਸੁਭਾਵਿਕ ਆਦਤ ਸੀ। ਇਹੀ ਗੱਲ ਉਹਦੇ ਸਾਹਿਤ ਰਚਣ ਤੇ ਉਸ ਦੇ ਜ਼ਾਤੀ ਵਿਉਹਾਰ ਵਿਚ ਵੀ ਸੀ। ਜੇ ਕਿਸੇ ਨੇ ਕਦੇ ਵੀ ਦੋ ਲਫਜ਼ ਵੀ ਉਸ ਦੇ ਖਿਲਾਫ ਲਿਖ ਦੇਣੇ ਤਾਂ ਉਹ ਰੁੱਸ ਕੇ ਉਸ ਨੂੰ ਆਪਣੇ ਦਿੱਲ 'ਤੇ ਲੈ ਲੈਂਦਾ ਸੀ। ਇਹੀ ਕਾਰਣ ਸੀ ਕਿ ਉਹ ਜਦ ਵਿਲਾਇਤ ਛੱਡ ਕੇ ਇੰਡੀਆ ਗਿਆ ਤਾਂ ਜੋ ਉਮੀਦਾਂ ਉਹ ਇਥੋਂ ਲੈ ਕੇ ਉਥੇ ਗਿਆ ਸੀ ਉਹ ਪੂਰੀਆਂ ਨਾ ਹੁੰਦੀਆਂ ਦੇਖ ਮੁੜ ਵਾਪਸ ਪਰਤਣ 'ਚ ਵੀ ਉਸ ਘੌਲ ਨਾ ਕੀਤੀ। ਉਹ ਚਾਹੁੰਦਾ ਸੀ ਕਿ ਜਿਵੇਂ ਰਾਤੋ ਰਾਤ ਸਭ-ਕੁਛ ਉਸ ਦੇ ਮੂਹਰੇ ਵਿਛਿਆ ਹੋਵੇ। ਪਰ ਅਜਿਹਾ ਅਸਲ ਵਿਹਾਰ 'ਚ ਨਾ ਸੰਭਵ ਸੀ ਤੇ ਨਾ ਹੋਇਆ।

? :ਇਥੇ ਦੇ ਸਾਹਿਤਕਾਰਾਂ ਵਿਚ ਆਪਸੀ ਤੀਰ-ਅੰਦਾਜ਼ੀ ਕਰ ਇਕ ਦੂਜੇ ਵਿਚ ਚੁੱਭਦੇ-ਚੁਭਾਉਂਦੇ ਵੀ ਰਹਿੰਦੇ ਹੋਣਗੇ?

ਸ. ਬ. : ਹਾ ਹਾ ਹਾ !...ਇਹ ਤਾਂ ਮਨੁੱਖ ਦੀ ਜ਼ਿੰਦਗੀ ਦਾ ਹਿੱਸਾ ਹਨ ! ਸਾਹਿਤਕਾਰ ਵੀ ਹੱਡ-ਮਾਸ ਦਾ ਹੀ ਬਣਿਆ ਹੋਇਆ...ਦਿੱਲੀ ਵਿਚ ਵੀ ਸਾਹਿਤਕਾਰਾਂ ਦੀ ਆਪਸੀ ਖਹਿਬੜ੍ਹਬਾਜ਼ੀ ਚਲਦੀ ਰਹਿੰਦੀ ਸੀ। ਪੰਜਾਬ ਵਿਚ ਵੀ। ਪਰ ਉਹ ਸਾਰਾ ਕੁਝ ਅਪਣੱਤ 'ਚ ਹੁੰਦਾ ਸੀ ਖੁੰਦਕ ਵਿਚ ਨਹੀਂ। ਰਾਤ ਦੀ ਗੱਲ ਸਵੇਰੇ ਆਈ-ਗਈ ਹੋ ਜਾਂਦੀ ਸੀ।

ਪਰ ਸਵਰਨ ਚੰਦਨ ਦੀ ਹਾਲਾਤ ਇਹ ਸੀ ਕਿ ਉਹ ਜਿਸ ਵੀ ਵਿਸ਼ੇ ਉਪਰ ਲਿਖਦਾ ਸੀ, ਉਸ ਵਿਚ ਪੂਰੀ ਤਰ੍ਹਾਂ ਖੁੱਭ ਜਾਂਦਾ ਸੀ। ਉਸ ਨੂੰ ਉਸ ਵਿਸ਼ੇ ਤੇ ਜੋ ਵੀ ਲੱਭਦਾ ਉਹ ਪੜ੍ਹਦਾ ਸੀ। ਭਾਵੇਂ ਕਿਸੇ ਵੀ ਜ਼ਬਾਨ ਵਿਚ ਹੋਵੇ। ਉਹ ਆਪਣੇ ਸ਼ਬਦਾਂ ਨੂੰ ਤਰਾਸ਼ਣ ਵਿਚ ਉਹ ਅਤਿ ਦਾਗੰਭੀਰ ਸੀ। ਬੱਸ ਉਸ ਵਿਚ ਅਗਰ ਕੋਈ ਘਾਟ ਸੀ ਤਾਂ ਉਹ ਸਬਰ ਦੀ ਸੀ। ਉਸ ਕੋਲ ਸਬਰ ਨਹੀਂ ਸੀ।ਸ਼ਾਇਦ ਭਾਵੁਕ ਲੇਖਕਾਂ ਕੋਲ ਸਬਰ ਹੁੰਦਾ ਹੀ ਨਹੀਂ।...ਸ਼ਿਵ...ਅਮਿਤੋਜ...ਹੋਰ ਵੀ ਕਈ ਬੇਸਬਰੇ ਸਨ। ਉਹ ਤਾਂ ਮਰ ਗਏ ਬੇਸਬਰੀ ਵਿਚ ਤੇ ਖੱਟ ਗਏ...ਪਰ ਛੱਡ ਗਏ ਬਾਕੀਆ ਲਈ ਆਪਣੀ ਭਾਵੁਕਤਾ।

? : ਤੇ ਹਰਜੀਤ ਅਟਵਾਲ?

ਸ. ਬ. : ਹਰਜੀਤ ਅਟਵਾਲ ਨਹੀਂ ਹਰਜੀਤ ਭਲਵਾਨ! ਦਿੱਖ ਵਜੋਂ ਉਹਨੂੰ ਦੇਖਦਿਆਂ ਹੀ ਲਗਦਾ ਜਿਵੇਂ ਹੁਣੇ ਹੁਣੇ ਉਹ ਕਿਸੇ ਅਖਾੜੇ 'ਤੋਂ ਭੱਜ ਕੇ ਆਇਆ ਹੋਵੇ। ਪਰ ਜਦੋਂ ਵੀ ਮੈਂ ਉਹਦੀ ਕੋਈ ਲਿਖਤ ਪੜ੍ਹਦਾਂ ਤਾਂ ਇੰਝ ਲਗਦਾ ਜਿਵੇਂ ਉਹਦੀ ਲਿਖਤ ਕਿਸੇ ਯੋਗੀ ਦੀ ਕਲਮ ਦਾ ਉਤਾਰਾ ਹੋਵੇ। ਹਰਜੀਤ ਦੀ ਕਿਸੇ ਵੀ ਕਿਤਾਬ ਵੱਲ ਦੇਖ ਲਓ...ਆਪਣੇ ਆਪ ਵਿਚ ਇਕ ਇਤਿਹਾਸ ਹੈ। ਜਦੋਂ ਮੈਂ ਉਸ ਦੀ ਕਿਤਾਬ "ਦੱਸ ਦਰਵਾਜ਼" ਪੜ੍ਹ ਰਿਹਾ ਸਾਂ ਤਾਂ ਲਗਦਾ ਸੀ ਉਹ ਕੋਈ ਜੱਟ ਜਾਂ ਭਲਵਾਨ ਨਹੀਂ ਸਗੋਂ ਇਕ ਮਾਸੂਮ ਜਿਹੀ ਰੂਹ ਹੋਵੇ ਜੋ ਉਨ੍ਹਾਂ ਘਟਨਾਵਾਂ, ਜਿਨ੍ਹਾਂ ਬਾਰੇ ਉਹ ਲਿਖ ਰਿਹਾ, ਨੂੰ ਦੇਖ ਤੇ ਮਹਿਸੂਸ ਕਰਦਿਆਂ ਆਪਣੀ ਗੱਲ ਕਹਿਣ ਵਾਲੇ ਸ਼ਬਦਾਂ ਵਿਚ ਉਤਾਰ ਕੇ ਪਾਠਕ ਦੇ ਗਲੇ ਉਤਾਰਨ ਦੀ ਕੋਸ਼ਿਸ਼ ਕਰਦਾ ਹੈ। ਹਰਜੀਤ ਵਿਚ ਇਹ ਖੂਬੀ ਵੀ ਹੈ ਕਿ ਉਹ ਆਪਣੇ ਵਿਸ਼ੇ ਦੀ ਅੰਦਰਲੀ ਰਗ ਤੀਕ ਝੱਟ ਹੀ ਉਤਰ ਜਾਂਦਾ। ਉਹ ਵਿਸ਼ੇ ਬਾਰੇ ਅੱਗੇ ਪਹੁੰਚਣ ਦੀ ਕਾਹਲ ਨਹੀਂ ਕਰਦਾ, ਸਗੋਂ ਆਪਣੇ ਸ਼ਬਦਾਂ ਰਾਹੀਂ ਕਹਾਣੀ ਉਣਦਾ ਆਪਣੇ ਪਾਠਕ ਨੂੰ ਵੀ ਉਸ ਦੇ ਅੰਦਰ ਹੀ ਉਲਝਾ ਲੈਂਦਾ ਹੈ ਤੇ ਉਸ ਨੂੰ ਪੂਰਾ ਪੜ੍ਹੇ ਬਗੈਰ ਪਾਠਕ ਦਾ ਛੁਟਕਾਰਾ ਹੀ ਨਹੀਂ ਹੁੰਦਾ।

? : ਹਰਜੀਤ ਅਟਵਾਲ ਦੇ ਕਿਸੇ ਨਾਵਲ ਦਾ ਵਿਸਥਾਰ?

ਸ. ਬ. : ਉਸ ਦੀਆਂ ਸਾਰੀਆਂ ਲਿਖਤਾਂ ਹੀ ਵੱਖੋ-ਵੱਖਰੇ ਵਿਸ਼ਿਆਂ ਨੂੰ ਲਿਖੀਆਂ ਗਈਆਂ ਹਨ। ਉਸ ਦਾ ਨਵਾਂ ਨਾਵਲ "ਆਪਣਾ" ਵੀ ਇਕ ਇਤਿਹਾਸਿਕ ਮਿਸਾਲ ਹੈ। ਉਹ ਪਹਿਲੀ ਲਾਈਨ ਵਿਚ ਹੀ ਪਾਠਕ ਨੂੰ ਮਹਾਰਾਜਾ ਦਲੀਪ ਸਿੰਘ ਦੇ ਸਮਿਆਂ ਵਿਚ ਲੈ ਜਾਂਦਾ। ਕੜੀਆਂ ਨੂੰ ਅੱਗੇ ਤੋਰਦਾ ਉਹ ਉਸ ਵੇਲੇ ਦੇ ਪੂਰੇ ਇਤਿਹਾਸ ਤੇ ਸਭਿਆਚਾਰ ਨੂੰ ਗਾਹ ਮਾਰਦਾ ਤੇ ਪਾਠਕ ਅਖੀਰ 'ਚ ਸੋਚਦਾ ਹੀ ਰਹਿ ਜਾਂਦਾ ਕਿ ਇਹ ਕੀ ਹੋਇਆ?ਇਹ ਨਾਵਲ ਮਹਾਰਾਜਾ ਦਲੀਪ ਸਿੰਘ ਦੇ ਦੁਖਾਂਤਕ ਜੀਵਨ 'ਤੇ ਆਧਾਰਿਤ ਹੈ। ਮਹਾਰਾਜੇ ਦਾ ਉਸ ਦੇ ਵਿਗੜੇ ਹੋਏ ਆਪੇ ਵੱਲ ਵੀ ਸਫਰ ਹੈ। ਇਹ ਅੰਗਰੇਜ਼ਾਂ ਵਲੋਂ ਪੰਜਾਬ ਦਾ ਰਾਜ ਹਥਿਆਉਣ ਲਈ ਵਰਤੇ ਗਏ ਹੱਥਕੰਡਿਆਂ ਦੀ ਥਾਹ ਹੈ। ਇਸੇ ਤਰ੍ਹਾਂ ਹਰਜੀਤ ਦੇ ਨਾਵਲ "ਸਾਊਥਾਲ" ਦੀ ਖਾਸੀਅਤ ਇਹ ਹੈ ਕਿ ਇਸ ਵਿਚ ਲੰਡਨ ਦਾ ਸ਼ਹਿਰ ਸਾਊਥਾਲ ਇਕ ਕਿਰਦਾਰ ਵਜੋਂ ਪੇਸ਼ ਹੁੰਦਾ ਹੈ। ਨਾਵਲ ਇਹ ਵੀ ਦੱਸਦਾ ਹੈ ਕਿ ਲੰਡਨ ਦਾ ਛੋਟਾ ਜਿੰਨਾ ਇਲਾਕਾ ਮੈਟਾਫਰ ਕਿਵੇਂ ਬਣ ਗਿਆ ਤੇ "ਲਿਟਲ ਇੰਡੀਆ" ਅਖਵਾਉਣ ਲੱਗ ਪਿਆ। ਉਸੇ ਦੇ ਇਕ ਹੋਰ ਇਤਿਹਾਸਿਕ ਨਾਵਲ "ਅਕਾਲ ਸਹਾਇ" ਵਿਚ ਮਹਾਰਾਜਾ ਰਣਜੀਤ ਸਿੰਘ ਦੇ ਚਲਾਣੇ ਤੋਂ ਬਾਅਦ ਡੋਗਰਿਆਂ ਤੇ ਸਿੱਖ ਸਰਦਾਰਾਂ ਦੀ ਭੂਮਿਕਾ ਨੂੰ ਬਹੁਤ ਹੀ ਦਿਲਚਸਪ ਤਰੀਕੇ ਤੇ ਭਾਸ਼ਾ ਰਾਹੀਂ ਦੁਬਾਰਾ ਪ੍ਰਭਾਸ਼ਿਤ ਕੀਤਾ ਗਿਆ ਹੈ।

ਹਰਜੀਤ ਦੀਆਂ ਲਿਖਤਾਂ 'ਚ ਮੈਨੂੰ ਇਕ ਗੱਲ ਹੋਰ ਬਹੁਤ ਟੁੰਬਦੀ ਹੈ ਕਿ ਉਹ ਆਪਣੀ ਹਰ ਲਿਖਤ ਵਿਚ ਸਮੇਂ ਦੀ ਤੋਰ ਦਾ ਬਹੁਤ ਧਿਆਨ ਰੱਖਦਾ। ਕਿਉਂਕਿ ਜਦੋਂ ਆਪਾਂ ਕੋਈ ਇਤਿਹਾਸਿਕ ਨਾਵਲ ਲਿਖਣਾ ਹੋਵੇ ਤਾਂ ਉਸ ਦੀ ਰਫਤਾਰ ਨੂੰ ਵੀ ਸਮੇਂ ਦੀ ਡੀਵੈਲਪਮੈਂਟ ਅਨੁਸਾਰ ਨੂੰ ਹੀ ਤੋਰਿਆ ਜਾਣਾਚਾਹੀਦਾ ਹੈ ਵਰਨਾ ਪਾਠਕ ਦਾ ਵਿਸ਼ਵਾਸ ਟੁੱਟ ਜਾਂਦਾ ਤੇ ਉਹ ਲੇਖਕ ਵਲੋਂ ਦਿੱਤੇ ਤੱਥਾਂ 'ਤੇ ਵੀ ਸ਼ੱਕ ਕਰਨ ਲੱਗ ਪੈਂਦਾ।



ਅਵਤਾਰ ਸਿੰਘ ਭੰਬਰਾ

ਇਥੋਂ ਦੇ ਗਲਪ ਲੇਖਕ ਦਰਸ਼ਨ ਧੀਰ ਦਾ ਜ਼ਿਕਰ ਵੀ ਜ਼-ਰੂਰੀ ਹੈ ਕਿਉਂਕਿ ਉਹ ਵੀ ਇਸ ਧਰਤੀ ਤੋਂ ਲਗਾਤਾਰ ਪੰਜਾਬੀ ਪਾਠਕਾਂ ਨੂੰ ਆਪਣੀਆਂ ਕਿਤਾਬਾਂ ਪ੍ਰਦਾਨ ਕਰ ਰਿਹੈ। ਪਰ ਉਸ ਦੀ ਜਦੋਂ ਵੀ ਕੋਈ ਕਿਤਾਬ ਆਉਂਦੀ ਹੈ ਤਾਂ ਉਸ ਬਾਰੇ "ਹੱਕ-ਵਿਰੋਧ" ਵਿਚ ਚਰਚਾ ਸ਼ੁਰੂ ਹੋ ਜਾਂਦੀ ਹੈ। ਪਰ ਮੈਂ ਸਮਝਦਾਂ ਕਿਸੇ ਲੇਖਕ ਬਾਰੇ ਇਸ ਤਰ੍ਹਾਂ ਦਾ ਚਰਚਾ ਸ਼ੁਰੁ ਹੋਣਾ ਵੀ ਲੇਖਕ ਦੇ ਹੱਕ ਵਿਚ ਹੀ ਜਾਂਦਾ ਹੈ।

ਵੀਨਾ ਵਰਮਾ ਵੀ ਇਕ ਬਹੁਤ ਸੰਜੀਦਾ ਕਹਾਣੀਕਾਰਾ ਹੈ। ਵੀਨਾ ਵਿਚ ਜੋ ਮੈਨੂੰ ਸੱਭ ਤੋਂ ਵੱਧ ਗੱਲ ਚੰਗੀ ਲੱਗੀ ਉਹ ਹੈ ਉਸ ਦੀ ਸਾਦਗੀ। ਮਲੰਗੀ। ਸੱਚਾਈ। ਉਸ ਦੀਆਂ ਸਾਰੀਆਂ ਦੀਆ ਸਾਰੀਆਂ ਕਹਾਣੀਆਂ ਵਿਚ ਵਧੇਰੇ ਕਰਕੇ ਇਕਸਾਰਤਾ ਵੀ ਹੈ ਤੇ ਜ਼ਿੰਦਗੀ ਦਾ ਨੰਗਾ ਸੱਚ ਵੀ। ਉਸ ਦੀ ਕਹਾਣੀਕਾਰਾ-ਅਹਿਮੀਅਤ ਦਾ ਇਕ ਰਾਜ਼ ਇਹ ਵੀ ਲਗਦਾ ਕਿ ਉਹ ਔਰਤ ਹੈ। ਤੇ ਖਾਸ ਕਰਕੇ ਭਾਰਤੀ ਸਾਹਿਤ ਵਿਚ ਜਦੋਂ ਵੀ ਕਿਸੇ ਔਰਤ ਨੇ ਔਰਤ ਦੇ ਦਰਦ ਦੀ ਗੱਲ ਕਰਦੀ ਹੈ ਤਾਂ ਉਸ ਦੇ ਅਹਿਸਾਸ ਮਰਦ ਨਾਲੋਂ ਅਲੱਗ ਹੋਣੇ ਸੁਭਾਵਕ ਹਨ। ਤੇ ਜਦੋਂ ਵੀਨਾ "ਮੁੱਲ ਦੀ ਤੀਵੀਂ" ਵਰਗੀ ਕਿਤਾਬ ਲੇ ਕੇ ਆਉਂਦੀ ਹੈ ਤਾਂ ਸਭ ਨੂੰ ਅਚਾਨਕ ਇਕ ਅਚੰਭਾ, ਇਕ ਤੌਖਲਾ ਜਿਹਾ ਹੁੰਦਾ। ਇਸੇ ਤਰ੍ਹਾਂ ਜਦੋਂ ਅਜੀਤ ਕੌਰ ਜਾਂ ਅੰਮ੍ਰਿਤਾ ਪ੍ਰੀਤਮ ਨੇ ਵੀ ਸਮਾਜਕ ਕੁਰੀਤੀਆਂ ਜਾਂ ਔਰਤ ਦੇ ਅੰਦਰੂਨੀ ਦਰਦ ਬਾਰੇ ਗੱਲ ਕੀਤੀ ਸੀ ਤਾਂ ਮਰਦੀ-ਸਮਾਜ ਵਿਚ ਇਸੇ ਤਰ੍ਹਾਂ ਦੇ ਤੌਖਲੇ ਪੈਦਾ ਹੋਏ ਸਨ। ਵੀਨਾ ਦੀਆਂ ਕਹਾਣੀਆਂ ਵਿਚ ਬਹੁਤ ਬਾਰੀਕੀ ਹੈ, ਔਰਤ ਦੇ ਦਰਦ ਦੀ ਬਾਰੀਕੀ। ਇਸ ਮਰਦ-ਪ੍ਰਧਾਨ ਸਮਾਜ ਵਿਚ ਔਰਤ ਦੇ ਵਿਚਰਣ ਦੀ ਬਾਰੀਕੀ, ਉਸ ਦੇ ਅੰਦਰ ਉੱਠਦੀਆਂ ਔਰਤੀ-ਖਾਹਸ਼ਾਂ ਦੀ ਬਾਰੀਕੀ।

ਜ਼ਾਤੀ ਤੌਰ ਅਸੀਂ ਜਦੋਂ ਵੀ ਮਿਲਦੇ ਹਾਂ ਤਾਂ ਕਦੇ ਇਹ ਅਹਿਸਾਸ ਹੀ ਨਹੀ ਹੋਇਆ ਕਿ ਉਹ ਔਰਤ ਹੈ ਤੇ ਮੈਂ ਮਰਦ। ਬੱਸ ਸਿੰਪਲੀ ਦੋ ਦੋਸਤ। ਸੁਭਾਅ ਦੀ ਮਿਲਾਪੜੀ ਤੇ ਹੱਸਮੁਖ ! ਵੀਨਾ ਵਰਮਾ।

ਵੈਸੇ ਤਾਂ ਕਈ ਹੋਰ ਨਾਂਅ ਹਨ ਜੋ ਗਲਪ ਸਿਰਜ ਰਹੇ ਹਨ, ਜਿਨ੍ਹਾਂ ਵਿਚ ਮੋਹਨ ਸਿੰਘ ਕੁੱਕੜਪਿੰਡ ਵੀ ਲਗਾਤਾਰ ਲਿਖ ਰਹੇ ਹਨ।

? : ਹੋਰ ਇੱਥੇ ਕੀ-ਕੀ ਸਾਹਿਤਿਕ ਸਰਗਰਮੀ ਰਹਿੰਦੀ ਹੈ?

ਸ. ਬ. : ਸਰਗਰਮੀ ਤਾਂ ਇਥੇ ਹਰ ਸਮੇਂ ਰਹਿੰਦੀ ਹੈ। ਹਿੰਦੀ ਸਾਹਿਤ ਦੇ ਦਾਇਰੇ ਵਿਚ ਵੀ ਲੋਕ ਬਹੁਤ ਸਰਗਰਮ ਹਨ। ਬੁਢਾਪੇ ਜਾਂ ਆਖਰੀ ਉਮਰ ਬਾਰੇ ਵੀ ਕਹਾਣੀਆਂ ਇਕ ਕਿਤਾਬ ਤਿਆਰ ਹੋ ਰਹੀ ਹੈ ਜਿਸ ਵਿਚ ਉਨ੍ਹਾਂ ਮੇਰੇ ਤੋਂ ਵੀ ਇਕ ਕਹਾਣੀ ਇਸ ਵਿਸ਼ੇ 'ਤੇ ਖਾਸ ਕਰਕੇ ਲਿਖਣ ਲਈ ਕਿਹਾ ਹੈ। ਉਰਦੂ ਤੇ ਹੋਰ ਭਾਰਤੀ ਭਾਸ਼ਾਵਾਂ ਦੇ ਸਾਹਿਤਕਾਰ ਵੀ ਸਰਗਰਮ ਰਹਿੰਦੇ ਹਨ । ਪੰਜਾਬੀ ਵਿਚ ਇਕ ਕਿਤਾਬ ਹੁਣੇ ਹੁਣੇ ਨਾਰਥ ਅਮਰੀਕਾ ਦੇ ਰਹਿਣ ਵਾਲੇ ਸਾਹਿਤਕਾਰਾਂ ਦੀ ਅਗਵਾਈ ਵਿਚ ਪਰਵਾਸੀ ਪੰਜਾਬੀ ਕਹਾਣੀ ਸੰਗ੍ਰਹਿ ਦਿਸਹਦਿਆਂ ਦੇ ਆਰ-ਪਾਰ ਪ੍ਰਕਾਸ਼ਿਤ ਹੋਈ ਹੈ ਜਿਸ ਨੂੰ ਸੰਪਾਦ ਕੀਤਾ ਹੈ ਪ੍ਰੋ. ਹਰਭਜਨ ਸਿੰਘ, ਸੁਰਿੰਦਰ ਸੋਹਲ ਅਤੇ ਹਰਜਿੰਦਰ ਪੰਧੇਰ। ਇਸ ਵਿਚਵਿਲਾਇਤ ਦੇ ਲੇਖਕਾਂ ਨਾਲ ਕਹਾਣੀਕਾਰ ਮਹਿੰਦਰਪਾਲ ਧਾਲੀਵਾਲ ਵਲੋਂ ਰਾਬਤਾ ਕਾਇਮ ਕਰ ਵਿਲਾਇਤ ਤੋਂ ਕਹਾਣੀਆਂ ਸ਼ਾਮਿਲ ਕੀਤੀਆਂ ਗਈਆਂ। ਬਾਕੀ ਕਵਿਤਾ ਤੇ ਹੋ ਵਿਧਾਵਾਂ ਵਿਚ ਵੀ ਲੋਕ ਸਰਗਰਮ ਰਹਿੰਦੇ ਹਨ। ਮੋਤਾ ਸਿੰਘ ਸਰਾਇ ਦੀ ਅਗਵਾਈ ਵਿਚ "ਲਾਂਬੜਾ ਸੱਥ" ਲਗਾਤਾਰ ਕੰਮ ਕਰ ਰਹੀ ਹੈ। ਲਮਿੰਗਟਨ ਤੋਂ ਵੀਪੰਜਾਬੀ ਭਾਸ਼ਾ ਬਾਰੇ ਕੰਮ ਹੋ ਰਿਹਾ ਹੈ। ਇੰਗਲੈਂਡ ਦੇ ਮਸ਼ਹੂਰ ਭਾਸ਼ਾ ਵਿਗਿਆਨੀ ਮੰਗਤ ਰਾਇ ਭਾਰਦਵਾਜ ਦੀ ਪੰਜਾਬੀ ਗਰਾਮਰ ਬਾਰੇ ਅੰਗਰਏਜ਼ੀ ਵਿਚ ਇਕ ਬਹੁਤ ਵਧੀਅ ਕਿਤਾਬ ਆਈ ਹੈ।

ਇਸੇ ਤਰ੍ਹਾਂ ਹੋਰ ਵੀ ਬਹੁਤ ਸਾਰੇ ਨਾਂਅ ਹਨ ਜੋ ਪੰਜਾਬੀ ਸਾਹਿਤ ਜਾਂ ਇਸ ਦੇ ਪਿੜ ਲਈ ਕੁਝ ਨਾ ਕੁਝ ਪ੍ਰਦਾਨ ਕਰਦੇ ਹੀ ਰਹਿੰਦੇ ਹਨ। ਇਨ੍ਹਾਂ ਨਾਵਾਂ 'ਚ ਮੈਂ ਕਹਿ ਸਕਦਾ ਕਿ ਰਣਜੀਤ ਧੀਰ ਜਾਂ ਕੇ. ਸੀ. ਮੋਹਨ ਬਹੁਤ ਹੀ ਸ਼ਿੱਦਤ ਨਾਲ ਸ਼ਾਮਲ ਹਨ। ਇਨ੍ਹਾਂ ਦੋਹਾਂ ਵਿਚ ਮੈਂ ਇਕ ਖੂਬੀ ਇਹ ਦੇਖੀ ਹੈ ਕਿ ਇਹ ਸਾਹਿਤ, ਸਾਹਿਤਕਾਰ ਜਾਂ ਇਸ ਪੂਰੇ ਮਾਹੌਲ ਵਿਚ ਆਪਣੀ ਸ਼ਮੂਲੀਅਤ ਤਾਂ ਰੱਖਦੇ ਹਨ ਪਰ ਇਧਰ-ਉੱਧਰ ਦੀਆਂ ਵਿਧਾਵਾਂ 'ਚ ਲਿਖਤੀ ਦਖਲ-ਅੰਦਾਜ਼ੀ ਨਹੀਂ ਕਰ ਸਕਦੇ। ਬਹੁਤ

**(ਬਾਕੀ ਸਫਾ 20 ਤੇ)**

# ਦਿਵਾਲੀ-ਇਕ ਮਿਥਿਹਾਸਕ ਤਿਉਹਾਰ



ਅਰੁਨ ਕੁਮਾਰ ਬੈਡਫੋਰਡ

*ਪ੍ਰਾਚੀਨ ਕਾਲ ਵਿਚ ਰਮਾਇਣ ਤੋਂ ਪਹਿਲਾਂ ਕੇਰਲਾ ਵਿਚ ਮੂਲ ਨਿਵਾਸੀ ਦ੍ਰਾਵਿੜ ਰਾਜਾ ਮਹਾਂਬਲੀ ਜਿਸ ਨੂੰ ਮਾਂਵੇਲੀ ਨਾਲ ਵੀ ਜਾਣਿਆ ਜਾਂਦਾ ਹੈ, ਦਾ ਰਾਜ ਸੀ ਜੋ ਕਿ ਉਤਰ ਵਿਚ ਵਿੰਧੀਆ ਤੋਂ ਦੱਖਣ ਤੱਕ ਫੈਲਿਆ ਹੋਇਆ ਸੀ। ਰਾਜਾ ਬਲੀ ਇਕ ਧਾਰਿਮਕ ਵਿਚਾਰਾਂ ਵਾਲਾ ਵਿਅਕਤੀ ਸੀ ਜਿਸ ਦਾ ਸਭ ਸਤਿਕਾਰ ਕਰਦੇ ਸਨ। ਉਸ ਦੇ ਰਾਜ ਵਿਚ ਸਭ ਖੁਸ਼ ਸਨ। ਜਾਤ ਦੇ ਆਧਾਰ ਤੇ ਕੋਈ ਵਿਤਕਰਾ ਨਹੀਂ ਸੀ। ਗਰੀਬ ਅਤੇ ਅਮੀਰ ਲੋਕਾਂ ਨਾਲ ਬਰਾਬਰ ਦਾ ਸਲੂਕ ਕੀਤਾ ਜਾਂਦਾ ਸੀ। ਉਸ ਦੇ ਰਾਜ ਵਿਚ ਨਾ ਤਾਂ ਕੋਈ ਅਪਰਾਧ ਅਤੇ ਨਾ ਹੀ ਰਿਸ਼ਵਤਖੋਰੀ ਸੀ। ਇੱਥੋਂ ਤੱਕ ਕਿ ਲੋਕ ਆਪਣੇ ਦਰਵਾਜ਼ੇ ਵੀ ਬੰਦ ਨਹੀਂ ਕਰਦੇ ਸਨ। ਕਿਉਂਕਿ ਉਹ ਇਕ ਮੂਲ ਨਿਵਾਸੀ ਦਰਾਵਿੜ ਰਾਜਾ ਸੀ, ਉਹ ਹਮੇਸ਼ਾ ਦੇਵੀ ਦੇਵਤਿਆਂ ਦੀਆਂ ਅੱਖਾਂ ਵਿਚ ਰੜਕਦਾ ਸੀ। ਮੂਲ ਨਿਵਾਸੀ ਦਰਾਵਿੜ ਬਲੀ ਨੂੰ ਛਲ-ਕਪਟ ਨਾਲ ਹਿੰਦੂਆਂ ਦੇ ਦੇਵਤਾ ਵਿਸ਼ਨੂੰ ਨੇ ਮੌਤ ਦੇ ਘਾਟ ਉਤਾਰ ਦਿੱਤਾ। ਪਰ ਜੇਕਰ ਰਾਮ ਦੀ ਜਿੱਤ ਤੋਂ ਬਾਅਦ ਅਯੁੱਧਿਆ ਵਾਪਸੀ ਤੇ ਉਥੋਂ ਦੇ ਵਾਸੀਆਂ ਨੇ ਦੀਪਮਾਲਾ ਕੀਤੀ ਹੁੰਦੀ ਤਾਂ ਮਹਾਂਰਿਸ਼ੀ ਵਾਲਮੀਕ ਨੇ ਰਮਾਇਣ ਵਿਚ ਅਤੇ ਗੋਸਵਾਮੀ ਤੁਲਸੀ ਦਾਸ ਨੇ ਰਾਮ ਚਰਿਤ ਮਾਨਸ ਵਿਚ ਜ਼ਿਕਰ ਜ਼ਰੂਰ ਕਰਨਾ ਸੀ ਪਰ ਅਜਿਹਾ ਨਹੀਂ ਹੈ। ਹਾਲਾਂਕਿ ਗੋਸਵਾਮੀ ਤੁਲਸੀ ਦਾਸ ਅਯੁੱਧਿਆ ਦਾ ਵਾਸੀ ਸੀ। ਸਪਸ਼ਟ ਹੈ ਕਿ ਦੀਵਾਲੀ ਦਾ ਰਾਮ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ।*

ਦਿਵਾਲੀ ਦੇ ਤਿਉਹਾਰ ਨੂੰ ਆਮ ਤੌਰ ਤੇ ਸ੍ਰੀ ਰਾਮ ਚੰਦਰ ਵਲੋਂ ਲੰਕਾ ਦੇ ਰਾਜਾ ਰਾਵਣ ਉਪਰ ਜਿਤ ਪ੍ਰਾਪਤ ਕਰ ਕੇ ਚੌਦਾਂ ਸਾਲ ਬਾਦ ਅਯੁਧਿਆ ਵਾਪਸੀ ਵਜੋਂ ਮਨਾਇਆ ਜਾਂਦਾ ਹੈ। ਲੋਕਾਂ ਦਾ ਇਹ ਇਹ ਵਿਸ਼ਵਾਸ ਹੈ ਇਸ ਦਿਨ ਤੇ ਲੋਕਾਂ ਨੇ ਪਟਾਕੇ ਅਤੇ ਦੀਵੇ ਜਲਾ ਕੇ ਸ੍ਰੀ ਰਾਮ ਚੰਦਰ ਦਾ ਅੱਯੁਧਿਆ ਵਿਚ ਸਵਾਗਤ ਕੀਤਾ। ਇਸ ਦਿਨ ਨੂੰ ਲੋਕਾਂ ਨੇ ਦਿਵਾਲੀ ਦਾ ਨਾਂ ਦਿਤਾ ਅਤੇ ਉਦੋਂ ਤੋਂ ਹੀ ਲੋਕ ਇਸ ਦਿਨ ਨੂੰ ਸ਼ਰਧਾ ਨਾਲ ਬਹੁਤ ਹੀ ਧੂਮਧਾਮ ਨਾਲ ਮਨਾਉਂਦੇ ਹਨ।

ਰਾਮ ਦਿਵਾਲੀ ਦੇ ਤਿਉਹਾਰ ਦਾ ਅਰੰਭ ਮੌਸਮ ਵਿੱਚ ਪ੍ਰੀਵਰਤਨ ਅਤੇ ਫ਼ਸਲ ਨਾਲ ਸੰਬੰਧਤ ਤਿਉਹਰ ਵਜੋਂ ਹੋਇਆ ਪ੍ਰਤੀਤ ਹੁੰਦਾ ਹੈ। ਇਹ ਤਿਉਹਾਰ ਸਰਦੀਆਂ ਦੀ ਰੁੱਤ ਸ਼ੁਰੂ ਹੋਣ ਤੋਂ ਪਹਿਲਾਂ ਸਾਲ ਦੀ ਆਖਰੀ ਫ਼ਸਲ ਦੀ ਖੁਸ਼ੀ ਵਿੱਚ ਮਨਾਇਆ ਜਾਂਦਾ ਜਾਪਦਾ ਹੈ। ਭਾਰਤ ਖੇਤੀ ਪ੍ਰਧਾਨ ਦੇਸ਼ ਹੋਣ ਕਰਕੇ ਵਪਾਰੀ ਅਤੇ ਕਿਸਾਨ ਇਸ ਦਿਨ ਤੇ ਆਪਣਾ ਸਾਰੇ ਸਾਲ ਦਾ ਹਿਸਾਬ ਕਿਤਾਬ ਬੰਦ ਕਰਕੇ ਨਵਾਂ ਖਾਤਾ ਖੋਲ੍ਹਦੇ ਸਨ ਇਸ ਕਰਕੇ ਇਸ ਨੂੰ ਨਵੇਂ ਸਾਲ ਦਾ ਆਰੰਭ ਵੀ ਕਿਹਾ ਜਾਂਦਾ ਹੈ। ਹਿੰਦੂ ਧਰਮ ਵਿਚ ਲੱਛਮੀ ਧਨ ਦੀ ਦੇਵੀ ਹੋਣ ਕਰਕੇ ਉਸ ਦੀ ਪੂਜਾ ਕੀਤੀ ਜਾਂਦੀ ਹੈ ਤਾਂ ਕਿ ਨਵੇਂ ਸਾਲ ਵਿੱਚ ਵੀ ਫ਼ਸਲ ਚੰਗੀ ਹੋਵੇ ਅਤੇ ਉਨ੍ਹਾਂ ਦੇ ਖਜ਼ਾਨੇ ਭਰਭੂਰ ਰਹਿਣ। ਦਿਵਾਲੀ ਵਾਲੇ ਦਿਨ ਲੱਛਮੀ ਪੂਜਾ ਦੀ ਇਹ ਰਵਾਇਤ ਸਾਰੇ ਭਾਰਤ ਵਿੱਚ ਹੀ ਪ੍ਰਚੱਲਤ ਹੈ। ਇਸ ਦਾ ਰਮਾਇਣ ਦੇ ਰਾਮ ਨਾਲ ਕੋਈ ਸੰਬੰਧ ਨਹੀਂ ਹੈ। ਦਿਵਾਲੀ ਨੂੰ ਧਨ ਦੀ ਦੇਵੀ ਲੱਛਮੀ ਦੇ ਤਿਉਹਾਰ ਵਜੋਂ ਮਨਾਇਆ ਜਾਂਦਾ ਹੈ। ਦਿਵਾਲੀ ਵਾਲੇ ਦਿਨ ਘਰ ਦੀ ਸਫ਼ਾਈ ਉਪਰੰਤ ਘਰ ਵਿੱਚ ਰੋਸ਼ਨੀ ਕੀਤੀ ਜਾਂਦੀ ਹੈ ਤਾਂ ਕਿ ਦੇਵੀ ਲੱਛਮੀ ਨੂੰ ਗ੍ਰਹਿ ਪ੍ਰਵੇਸ਼ ਵਿੱਚ ਕੋਈ ਕਠਨਾਈ ਨਾ ਆਵੇ। ਰਾਮ ਨੂੰ ਵਿਸ਼ਨੂੰ ਦਾ ਅਵਤਾਰ ਅਤੇ ਸੀਤਾ ਨੂੰ ਵਿਸ਼ਨੂੰ ਦੀ ਪਤਨੀ ਲੱਛਮੀ ਦਾ ਅਵਤਾਰ ਮੰਨਿਆ ਜਾਂਦਾ ਹੈ। ਇਸ ਕਰਕੇ ਹੀ ਦੀਵਾਲੀ ਵਾਲੇ ਦਿਨ ਹਿੰਦੂ ਘਰਾਂ ਵਿਚ ਦੀਵਾਲੀ ਵਾਲੇ ਦਿਨ ਧੰਨ ਦੀ ਦੇਵੀ ਲੱਛਮੀ ਦੀ ਪੂਜਾ ਕੀਤੀ ਜਾਂਦੀ ਹੈ। ਇਸ ਦਾ ਭਾਵ ਹੋਇਆ ਕਿ ਸੀਤਾ ਖੁਸ਼ਹਾਲੀ ਦਾ ਪ੍ਰਤੀਕ ਹੈ। ਵਿਚਾਰੀ ਸੀਤਾ ਨੇ ਤਾਂ ਜੀਵਨ ਭਰ ਖੁਸ਼ੀ ਦਾ ਮੂੰਹ ਨਹੀਂ ਦੇਖਿਆ ਫਿਰ ਉਹ ਖੁਸ਼ਹਾਲੀ ਦਾ ਪ੍ਰਤੀਕ ਕਿਵੇਂ ਹੋ ਸਕਦੀ ਹੈ ? ਬਹੁਤੇ ਲੋਕ ਤਾਂ ਆਪਣੀਆਂ ਲੜਕੀਆਂ ਦਾ ਨਾਂ 'ਸੀਤਾ' ਨਹੀਂ ਰੱਖਦੇ ਕਿਉਂਕਿ ਉਹ ਨਹੀਂ ਚਾਹੁੰਦੇ ਕਿ ਉਨ੍ਹਾਂ ਦੀ ਲੜਕੀ ਨੂੰ ਵੀ ਸੀਤਾ ਵਰਗੇ ਦੁੱਖਾਂ ਦਾ ਸਾਹਮਣਾ ਕਰਨਾ ਪਵੇ।

ਇਸ ਦਿਨ ਬ੍ਰਾਹਮਣ ਅਤੇ ਬਣੀਏ ਦੇ ਘਰ ਲੱਛਮੀ ਦੀ ਕਾਫ਼ੀ ਮੇਹਰ ਹੁੰਦੀ ਹੈ ਕਿਉਂਕਿ ਇਸ ਦਿਨ ਮੰਦਰ ਵਿੱਚ ਲੋਕ ਪੂਜਾ ਵਾਸਤੇ ਜਾਂਦੇ ਹਨ ਅਤੇ ਦੇਵੀ ਨੂੰ ਖੁਸ਼ ਕਰਨ ਵਾਸਤੇ ਖੂਬ ਦਾਨ ਕਰਦੇ ਹਨ। ਇਸੇ ਤਰ੍ਹਾਂ ਬਣੀਏ ਦੀ ਦੁਕਾਨ ਦਾ ਸਮਾਨ ਕਾਫੀ ਵਿਕਦਾ ਹੈ ਅਤੇ ਉਹ ਸਾਰੇ ਸਾਲ ਦੀ ਕਮਾਈ ਦਿਵਾਲੀ ਵਾਲੇ ਦਿਨਾਂ ਵਿੱਚ ਹੀ ਕਰ ਲੈਂਦਾ ਹੈ। ਪਰ ਲੱਛਮੀ ਕਿਉਂਕਿ ਇਹ ਉੱਲੂ ਦੀ ਸਵਾਰੀ ਕਰਦੀ ਹੈ ਉਹ ਗਰੀਬ ਅਤੇ ਦਲਿਤ ਦੇ ਘਰ ਪ੍ਰਵੇਸ਼ ਨਹੀਂ ਕਰਦੀ। ਸ਼ਾਇਦ ਰੋਸ਼ਨੀ ਕਰਕੇ ਉੱਲੂ ਦੀਆਂ ਅੱਖਾਂ ਚੁੰਧਿਆ ਜਾਂਦੀਆਂ ਹਨ ਅਤੇ ਵਿਚਾਰੇ ਗਰੀਬ ਲੋਕ ਧਨ ਦੀ ਦੇਵੀ ਲੱਛਮੀ ਦੀ ਮੇਹਰ ਤੋਂ ਵਾਂਝੇ ਰਹਿ ਜਾਂਦੇ ਹਨ। ਉਂਜ ਵੀ ਹਿੰਦੂ ਧਰਮ ਸ਼ਾਸਤਰਾਂ ਅਨੁਸਾਰ ਤਾਂ ਦੇਵੀ ਦੇਵਤਿਆਂ ਨੂੰ ਦਲਿਤ ਦੇ ਨਾਲ ਲੈਣ ਦੇਣ ਦੀ ਮਨਾਹੀ ਹੈ। ਫਿਰ ਲੱਛਮੀ ਦਲਿਤ ਦੇ ਘਰ ਕਿਵੇਂ ਪ੍ਰਵੇਸ਼ ਕਰ ਸਕਦੀ ਹੈ। ਪਰ ਅਫ਼ਸੋਸ ਦਲਿਤ ਹੀ ਇਸ ਤਿਉਹਾਰ ਨੂੰ ਵੱਧ ਚੜ੍ਹ ਕੇ ਮਨਾਉਂਦੇ ਹਨ।

ਸਭ ਤੋਂ ਪਹਿਲਾਂ ਦੀਵਾਲੀ ਦਾ ਜ਼ਿਕਰ ਜੈਨੀ ਪੁੱਸਤਕਾਂ ਵਿੱਚ ਮਿਲਦਾ ਹੈ। ਜਿਸ ਤਰ੍ਹਾਂ ਭਗਵਾਨ ਬੁੱਧ ਦਾ ਨਿਰਵਾਣ ਪ੍ਰਾਪਤੀ ਦਿਨ 'ਬੁੱਧ ਪੂਰਨਿਮਾ' ਬੋਧੀਆਂ ਵਿੱਚ ਬਹੁਤ ਹੀ ਮਹੱਤਵ ਪੂਰਣ ਦਿਵਸ ਹੈ।ਇਸੇ ਤਰ੍ਹਾਂ ਭਗਵਾਨ ਮਹਾਂਵੀਰ ਦਾ ਨਿਰਵਾਣ ਦਿਵਸ ਜੈਨੀਆਂ ਵਿੱਚ ਬਹੁਤ ਵੀ ਮਹੱਤਵ ਪੂਰਣ ਹੈ। ਭਗਵਾਨ ਮਹਾਂਵੀਰ ਜੈਨੀਆਂ ਦਾ ਅੰਤਮ ਤੀਰਥੰਕਰ ਹੋਇਆ ਹੈ ਜਿਸ ਨੂੰ 15 ਅਕਤੂਬਰ 527 ਈਸਾ ਪੂਰਵ ਕਾਰਤਿਕ ਦੇ ਚਤੁੱਰਦਾਸੀ ਦਿਵਸ (ਮਸਿਆ ਵਾਲੇ ਦਿਨ) ਤੇ ਪਵਪੁਰੀ (ਬਿਹਾਰ) ਵਿੱਖੇ ਨਿਰਵਾਣ ਪ੍ਰਾਪਤੀ ਹੋਈ।

ਈਸਾ ਪੂਰਵ ਤੀਸਰੀ ਸਦੀ ਵਿੱਚ ਜੈਨ ਅਚਾਰੀਆ ਭਦਰਬਹੂ ਦੁਆਰਾ ਰਚਿਤ ਕਲਪਸੂਤਰ ਵਿੱਚ ਭਗਵਾਨ ਮਹਾਂਵੀਰ ਦੇ ਨਿਰਵਾਣ ਪ੍ਰਾਪਤੀ ਦੇ ਅਵਸਰ ਤੇ ਦੀਵੇ ਜਲਾਉਣ ਬਾਰੇ ਜ਼ਿਕਰ ਕੀਤਾ ਗਿਆ ਹੈ। ਭਗਵਾਨ ਮਹਾਂਵੀਰ ਦੀ ਮੌਜੂਦਗੀ ਵਿੱਚ ਸੱਭ ਪਾਸੇ ਰੋਸ਼ਨੀ ਸੀ। ਪਰ ਇਸ ਗਿਆਨ ਰੂਪੀ ਰੋਸ਼ਨੀ ਅਲੋਪ ਹੋਣ ਨਾਲ ਉਸ ਰਾਤ ਘਨਘੋਰ ਅੰਧੇਰਾ ਛਾ ਗਿਆ। ਮੱਸਿਆ ਦਾ ਦਿਨ ਹੋਣ ਕਰਕੇ ਵੈਸੇ ਵੀ ਉਸ ਰਾਤ ਅੰਧੇਰਾ ਹੀ ਸੀ। ਆਪਣੇ ਗੁਰੂ ਦੇ ਗਿਆਨ ਦੀ ਰੋਸ਼ਨੀ ਨੂੰ ਜੀਵਿਤ ਰੱਖਣ ਲਈ ਉੱਥੋਂ ਦੇ ਰਾਜਿਆਂ ਨੇ ਘੋਸ਼ਣਾਂ ਕੀਤੀ ਕਿ ਬੇਸ਼ੱਕ ਗਿਆਨ ਦੀ ਰੋਸ਼ਨੀ ਅਲੋਪ ਹੋ ਗਈ ਹੈ ਪਰ ਹੁਣ ਦੀਵੇ ਜਲਾ ਕੇ ਅਸੀਂ ਆਮ ਵਸਤੂਆਂ ਨੂੰ ਉਜਾਗਰ ਕਰਾਂਗੇ। ਭਾਵ ਦੀਵਿਆਂ ਦੀ ਰੋਸ਼ਨੀ ਭਗਵਾਨ ਮਹਾਂਵੀਰ ਦੇ ਗਿਆਨ ਦੀ ਪ੍ਰਤੀਕ ਹੈ। ਉਨ੍ਹਾਂ ਨੇ ਆਪਣੇ ਦਰਵਾਜ਼ਿਆਂ ਅੱਗੇ ਦੀਵੇ ਰੱਖ ਕੇ ਰੋਸ਼ਨੀ ਕੀਤੀ। ਜੀਨਸੈਨ ਦੁਆਰਾ 778 ਈਸਵੀ ਵਿੱਚ ਲਿਖੇ ਗ੍ਰੰਥ ਹਰੀਵੰਸ਼ਾ ਪੁਰਾਣ ਵਿੱਚ ਦੀਵਾਲੀ ਬਾਰੇ ਪਹਿਲੀ ਵਾਰ ਜ਼ਿਕਰ ਆਉਂਦਾ ਹੈ। ਇਸ ਅਨੁਸਾਰ ਭਗਵਾਨ ਮਹਾਂਵੀਰ ਦੇ ਨਿਰਵਾਣ ਦਿਵਸ ਉੱਪਰ ਉਦੇਵਤਿਆਂ ਨੇ ਦੀਵੇ ਜਲਾ ਕੇ ਪਵਨਗਰੀ ਨੂੰ ਰੋਸ਼ਨ ਕੀਤਾ। ਉਸ ਦਿਨ ਤੋਂ ਹੀ ਭਾਰਤ ਵਾਸੀ ਇਹ ਦਿਨ ਜੀਨੰਦਰ (ਭਗਵਾਨ ਮਹਾਂਵੀਰ) ਦੀ ਪੂਜਾ ਵਾਸਤੇ ਇਸ ਨੂੰ 'ਦੀਪਾਲਕਿਆ' ਦੇ ਨਾਮ ਦੇ ਤਿਉਹਾਰ ਵਜੋਂ ਮਨਾਉਂਦੇ ਹਨ। ਇਸ ਦਾ ਭਾਵ ਇਹ ਹੋਇਆ ਕਿ ਦਿਵਾਲੀ ਦਾ ਤਿਉਹਾਰ ਜੈਨੀ ਤਿਉਹਾਰ ਹੈ ਨਾ ਕਿ ਹਿੰਦੂ। ਜੇ ਕਰ ਅਜੇਹਾ ਹੁੰਦਾ ਤਾਂ ਪ੍ਰਾਚੀਨ ਸੰਸਕ੍ਰਿਤ ਸਾਹਿਤ ਵਿੱਚ ਵੀ ਇਸ ਦਾ ਜ਼ਿਕਰ ਹੋਣਾ ਚਾਹੀਦਾ ਸੀ।

ਬੁੱਧ ਧਰਮ ਵਿੱਚ ਕਥੀਨਾ ਇਕ ਬਹੁਤ ਹੀ ਪੁਰਾਣਾ ਅਤੇ ਮਹੱਤਵ ਪੂਰਨ ਤਿਉਹਾਰ ਹੈ ਜੋ ਕਿ ਅਕਤੂਬਰ ਨਵੰਬਰ ਦੇ ਮਹੀਨੇ ਮਨਾਇਆ ਜਾਂਦਾ ਹੈ। ਇਸ ਦਾ ਜ਼ਿਕਰ ਪਾਲੀ ਸਾਹਿਤ ਵਿੱਚ ਮਿਲਦਾ ਹੈ। ਬੁੱਧ ਦੇ ਸਮੇਂ ਤੋਂ ਹੀ ਕਥੀਨਾ ਤਿਉਹਾਰ ਬਰਸਾਤ ਦੇ ਮੌਸਮ ਦੀ ਸਮਾਪਤੀ ਵਜੋਂ ਮਨਾਇਆ ਜਾਂਦਾ ਹੈ। ਬੋਧੀ ਭਿੱਖੂ ਬਰਸਾਤ ਦੇ ਮੌਸਮ ਸਮੇਂ ਇੱਕ ਜਗ੍ਹਾ ਠਹਿਰਦੇ (ਵਰਸ਼ਾ ਵਾਸ ਕਰਦੇ) ਅਤੇ ਇਹ ਮੌਸਮ ਖੱਤਮ ਹੋਣ ਤੋਂ ਬਾਦ ਆਮ ਉਪਾਸਕ ਉਨ੍ਹਾਂ ਨੂੰ ਚੀਵਰ (ਵਸਤਰ) ਦਾਨ ਕਰਦੇ। ਇਹ ਤਿਉਹਾਰ ਬਹੁਤ ਹੀ ਸ਼ਰਧਾ ਅਤੇ ਧੂਮ ਧਾਮ ਨਾਲ ਮਨਾਇਆ ਜਾਂਦਾ ਸੀ। ਜੈਨੀ ਅਤੇ ਬੋਧੀ ਧਰਮਾਂ ਵਿੱਚ ਅਕਤੂਬਰ ਨਵੰਬਰ ਵਿਚਲੇ ਤਿਉਹਾਰਾਂ ਦਾ ਮੌਸਮ ਦੀ ਤਬਦੀਲੀ ਨਾਲ ਸੰਬੰਧ ਹੈ। ਇਸੇ ਤਰ੍ਹਾਂ ਦੀਵਾਲੀ ਵੀ ਮੌਸਮ ਦੀ ਤਬਦੀਲੀ ਦਾ ਤਿਉਹਾਰ ਹੈ। ਹੋ ਸਕਦਾ ਹੈ ਕਿ ਬੋਧੀਆਂ ਅਤੇ ਜੈਨੀਆਂ ਵਲੋਂ ਮਨਾਏ ਜਾਂਦੇ ਤਿਉਹਾਰ ਨੂੰ ਬਾਦ ਵਿੱਚ ਰਾਮ ਚੰਦਰ ਨਾਲ ਜੋੜ ਦਿੱਤਾ ਗਿਆ ਹੋਵੇ। ਜਿਸ ਤਰ੍ਹਾਂ ਹੁਣ ਸਿੱਖ ਦੀਵਾਲੀ ਨੂੰ 52 ਕੈਦੀ ਹਿੰਦੂ ਰਾਜਿਆਂ ਸਮੇਤ ਸਿੱਖਾਂ ਦੇ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੀ ਰਿਹਾਈ ਨੂੰ ਬੰਦੀ ਛੋੜ ਦਿਵਸ ਵਜੋਂ ਮਨਾਉਂਦੇ ਹਨ।

ਕੇਵਲ ਭਾਰਤ ਦੇ ਉੱਤਰੀ ਹਿੰਦੀ ਭਾਸ਼ਾਈ ਖੇਤਰਾਂ ਵਿੱਚ ਦੀਵਾਲੀ ਦਾ ਤਿਉਹਾਰ 14 ਸਾਲ ਦੇ ਬਨਵਾਸ ਤੋਂ ਬਾਦ ਰਾਮ ਦੀ ਅਯੁੱਧਿਆ ਵਾਪਸੀ ਵਜੋਂ ਮਨਾਇਆ ਜਾਂਦਾ ਹੈ। ਹਿੰਦੂਆਂ ਦੀ ਧਾਰਨਾ ਹੈ ਕਿ ਇਸ ਦਿਨ ਲੋਕਾਂ ਨੇ ਕਤਾਰਾਂ (ਆਵਲੀ) ਵਿੱਚ ਦੀਵੇ (ਦੀਪ) ਜਲਾ ਕੇ ਰਾਮ ਦਾ ਅਯੁੱਧਿਆ ਵਿੱਚ ਸਵਾਗਤ ਕੀਤਾ। ਇਸ ਕਰਕੇ ਇਸ ਨੂੰ ਦੀਪਾਵਲੀ ਦਾ ਨਾਂ ਦਿੱਤਾ ਗਿਆ ਜਿਸ ਨੂੰ ਬਾਦ ਵਿੱਚ ਦੀਵਾਲੀ ਨਾਂ ਨਾਲ ਜਾਣਿਆ ਜਾਣ ਲੱਗਾ। ਪਰ ਜੇ ਕਰ ਰਾਮ ਦੀ ਜਿੱਤ ਤੋਂ ਬਾਦ ਅਯੁੱਧਿਆ ਵਾਪਸੀ ਤੇ ਉਥੋਂ ਦੇ ਵਾਸੀਆਂ ਨੇ ਦੀਪਮਾਲਾ ਕੀਤੀ ਹੁੰਦੀ ਤਾਂ ਮਹਾਰਿਸ਼ੀ ਵਾਲਮੀਕ ਨੇ ਰਮਾਇਣ ਵਿਚ ਅਤੇ ਗੋਸਵਾਮੀ ਤੁਲਸੀ ਦਾਸ ਨੇ ਰਾਮ ਚਰਿਤ ਮਾਨਸ ਵਿੱਚ ਜ਼ਿਕਰ ਜ਼ਰੂਰ ਕਰਨਾ ਸੀ ਪਰ ਅਜੇਹਾ ਨਹੀਂ ਹੈ। ਹਾਲਾਂ ਕਿ ਗੋਸਵਾਮੀ ਤੁਲਸੀ ਦਾਸ ਅਯੁੱਧਿਆ ਦਾ ਵਾਸੀ ਸੀ। ਸਪੱਸ਼ਟ ਹੈ ਕਿ ਦੀਵਾਲੀ ਦਾ ਰਾਮ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ।

ਦੱਖਣੀ ਭਾਰਤ ਵਿੱਚ ਦੀਵਾਲੀ ਦਾ ਤਿਉਹਾਰ ਮਨਾਉਣ ਦਾ ਕਾਰਨ ਇਸ ਦਿਨ ਕ੍ਰਿਸ਼ਨ ਵਲੋਂ ਰਾਕਸ਼ ਨਰਕ-ਸੁਰਾ ਦਾ ਖਾਤਮਾ ਕਰਨਾ ਹੈ। ਨਰਕਸੁਰਾ ਨੇ ਮਰਨ ਤੋਂ ਪਹਿਲਾਂ ਆਪਣੀ ਮਾਂ ਤੋਂ ਵਚਨ ਲਿਆ ਕਿ ਉਸ ਦੀ ਮੌਤ ਨੂੰ ਰੋਸ਼ਨੀ ਕਰ ਕੇ ਜਸ਼ਨ ਨਾਲ ਮਨਾਇਆ ਜਾਵੇ। ਉਦੋਂ ਤੋਂ ਹੀ ਇਹ ਦਿਨ ਦੀਵਿਆਂ ਨਾਲ ਰੋਸ਼ਨੀ ਕਰ ਕੇ ਮਨਾਇਆ ਜਾਂਦਾ ਹੈ। ਪਰ ਬ੍ਰਹਮਾ ਵਾਇਵਰਤਾ ਪੁਰਾਣ ਅਨੁਸਾਰ ਦਿਵਾਲੀ ਦਾ ਦਾਨਵ ਰਾਜੇ ਬਲੀ ਨਾਲ ਸਬੰਧ ਹੈ। ਪੱਛਮੀ ਭਾਰਤ ਵਿੱਚ ਰਾਜੇ ਬਲੀ ਨੇ ਵਿਸ਼ਨੂੰ ਦੇ ਹੁੱਕਮ ਅਨੁਸਾਰ ਇਸ ਦਿਨ ਪਾਤਾਲ ਵਿੱਚ ਆਪਣਾ ਰਾਜ ਕਰਨਾ ਸ਼ੁਰੂ ਕੀਤਾ। ਪ੍ਰਚੱਲਤ ਕਹਾਣੀ ਅਨੁਸਾਰ ਪਰਾਚੀਨ ਕਾਲ ਵਿੱਚ ਰਮਾਇਣ ਤੋਂ ਪਹਿਲਾਂ ਕੇਰਲਾ ਵਿੱਚ ਦਰਾਵਿੜ ਰਾਜਾ ਮਹਾਂਬਲੀ ਜਿਸ ਨੂੰ ਮਾਂਵੇਲੀ ਨਾਲ ਵੀ ਜਾਣਿਆ ਜਾਂਦਾ ਹੈ, ਦਾ ਰਾਜ ਸੀ ਜੋ ਕਿ ਉੱਤਰ ਵਿੱਚ ਵਿੰਧੀਆ ਤੋਂ ਦੱਖਣ ਤੱਕ ਫੈਲਿਆ ਹੋਇਆ ਸੀ। ਰਾਜਾ ਬਲੀ ਇਕ ਧਾਰਮਿਕ ਵਿਚਾਰਾਂ ਵਾਲਾ ਵਿਅਕਤੀ ਸੀ ਜਿਸ ਦਾ ਸੱਭ ਸਤਿਕਾਰ ਕਰਦੇ ਸਨ। ਉਸ ਦੇ ਰਾਜ ਵਿੱਚ ਸੱਭ ਖੁਸ਼ ਸਨ। ਜਾਤ ਦੇ ਅਧਾਰ ਤੇ ਕੋਈ ਵਿਤਕਰਾ ਨਹੀਂ ਸੀ। ਗ਼ਰੀਬ ਅਤੇ ਅਮੀਰ ਲੋਕਾਂ ਨਾਲ ਬਰਾਬਰ ਦਾ ਸਲੂਕ ਕੀਤਾ ਜਾਂਦਾ ਸੀ। ਉਸ ਦੇ ਰਾਜ ਵਿੱਚ ਨਾ ਤਾਂ ਕੋਈ ਅਪਰਾਧ ਅਤੇ ਨਾ ਹੀ ਰਿਸ਼ਵਤ ਖੋਰੀ ਸੀ। ਇੱਥੋਂ ਤੱਕ ਕਿ ਲੋਕ ਆਪਣੇ ਦਰਵਾਜ਼ੇ ਵੀ ਬੰਦ ਨਹੀਂ ਕਰਦੇ ਸਨ। ਕਿਉਂਕਿ ਉਹ ਇਕ ਦਰਾਵਿੜ ਰਾਜਾ ਸੀ ਉਹ ਹਮੇਸ਼ਾ ਦੇਵੀ ਦੇਵਤਿਆਂ ਦੀਆਂ ਅੱਖਾਂ ਵਿੱਚ ਰੜਕਦਾ ਸੀ। ਬਲੀ ਦੀ ਵੱਧ ਰਹੀ ਲੋਕਪ੍ਰੀਅਤਾ ਨੂੰ ਸੀਮਿਤ ਕਰਨ ਲਈ ਦੇਵਤਿਆਂ ਨੇ ਇਕ ਚਾਲ ਚੱਲੀ। ਪੂਜਾ ਤੋਂ ਬਾਦ ਬਲੀ ਬਾਹਰ ਆ ਰਿਹਾ ਸੀ। ਵਿਸ਼ਨੂੰ ਨੇ ਇਕ ਗਰੀਬ ਬ੍ਰਾਹਮਣ ਲੜਕੇ ਦਾ ਭੇਸ ਬਦਲ ਕੇ ਬਲੀ ਅੱਗੇ ਪੇਸ਼ ਹੋਇਆ ਅਤੇ ਇਕ ਛੋਟੇ ਜਿਹੇ ਜ਼ਮੀਨ ਦੇ ਟੁੱਕੜੇ ਦੀ ਦਾਨ ਵਜੋਂ ਮੰਗ ਕੀਤੀ। ਦਿਆਲੂ ਬਲੀ ਨੇ ਬ੍ਰਾਹਮਣ ਲੜਕੇ ਨੂੰ ਕਿਹਾ ਕਿ ਜਿੰਨੀ ਜ਼ਮੀਨ ਉਸ ਨੂੰ ਚਾਹੀਦੀ ਹੈ ਉਹ ਲੈ ਲਵੇ। ਵਿਸ਼ਨੂੰ ਨੇ ਕੇਵਲ ਤਿੰਨ ਕਦਮ ਜ਼ਮੀਨ ਦੀ ਮੰਗ ਕੀਤੀ। ਕਹਾਣੀ ਅਨੁਸਾਰ ਇਸ ਬ੍ਰਾਹਮਣ ਲੜਕੇ ਨੇ ਵਿਰਾਟ ਰੂਪ ਧਾਰ ਕੇ ਦੋ ਕਦਮਾਂ ਵਿੱਚ ਬਲੀ ਦੀ ਸਾਰੀ ਜ਼ਮੀਨ ਅਤੇ ਅਸਮਾਨ ਆਪਣੇ ਕਬਜ਼ੇ ਵਿੱਚ ਕਰ ਲਿਆ ਅਤੇ ਤੀਸਰਾ ਕਦਮ ਉਸ ਦੇ ਸਿਰ ਤੇ ਰੱਖ ਦਿੱਤਾ ਅਤੇ ਉਸ ਨੂੰ ਪਾਤਾਲ ਵਿੱਚ ਪਹੁੰਚਣ ਤੇ ਮਜ਼ਬੂਰ ਕੀਤਾ। ਸਪੱਸ਼ਟ ਹੈ ਕਿ ਮੂਲ ਨਿਵਾਸੀ ਦਰਾਵਿਤ ਬਲੀ ਨੂੰ ਛੱਲ-ਕੱਪਟ ਨਾਲ ਹਿੰਦੂਆਂ ਦੇ ਦੇਵਤਾ ਵਿਸ਼ਨੂੰ ਨੇ ਮੌਤ ਦੇ ਘਾਟ ਉਤਾਰ ਦਿੱਤਾ। ਉਸ ਦਾ ਇਸ ਧਰਤੀ ਤੋਂ ਰਾਜ ਖਤਮ ਕਰ ਕੇ ਵੈਦਿਕ ਦੇਵਤਾ ਬਲੀ ਦੇ ਭੈ ਤੋਂ ਮੁੱਕਤ ਹੋ ਗਏ। ਉਸ ਦੇ ਪਾਤਾਲ ਵਿੱਚ ਕਲਪਨਿਕ ਰਾਜ ਦੇ ਅਰੰਭ ਨੂੰ ਮਨਾਉਣ ਦਾ ਭਾਵ ਹੈ ਕਿ ਉਸ ਦੇ ਅਸਲੀ ਰਾਜ ਦੇ ਖਾਤਮੇ ਦਾ ਜਸ਼ਨ ਮਨਾਉਣਾ। ਇਸ ਘਟਨਾ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਵਰਨਣ ਕੀਤਾ ਗਿਆ ਹੈ- "ਸਤਿਜੁਗੀ ਤੈ ਮਾਣਿਓ, ਛਲਿਓ ਬਲਿ ਬਾਵਨ ਭਾਇਓ." ਭਾਵ ਸਤਿਯੁਗ ਵਿੱਚ ਰਾਜਾ ਬਲੀ ਨੂੰ ਬੌਨਾ ਬਣ ਕੇ ਠੱਗਿਆ। ਇਸ ਦਿਨ ਨੂੰ ਦਿਵਾਲੀ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ।

ਜੀ. ਐਸ. ਬਿੰਦ ਨੇ 'ਅਵਰ ਇੰਡੀਅਨ ਸਬ ਕੌਂਟੀਨੈਂਟਲ ਹੈਰੀਟੇਜ' ਵਿਚ ਤਾਂ ਇੱਥੋਂ ਤੱਕ ਲਿਖ ਦਿੱਤਾ ਹੈ ਕਿ ਹੋ ਸਕਦਾ ਇਸ ਬਲੀ ਰਾਜੇ ਦਾ ਰਾਜ ਸਿੰਧ ਘਾਟੀ ਵਿੱਚ ਹੋਵੇ ਅਤੇ ਮੋਹੰਜੋਦਾਰੋ ਅਤੇ ਹੜੱਪਾ ਵਰਗੇ ਇੰਨੇ ਸੋਹਣੇ ਸ਼ਹਿਰ ਉਸ ਦੇ ਰਾਜ ਦਾ ਹੀ ਹਿੱਸਾ ਹੋਣ। ਬਲੀ ਨੂੰ ਪਤਾਲ ਵਿੱਚ ਭੇਜਣ ਦਾ ਅਰਥ ਹੈ ਕਿ ਉਸ ਦੇ ਰਾਜ ਨੂੰ ਏਨਾ ਨਸ਼ਟ ਕਰ ਦੇਣਾ ਕਿ ਉਸ ਦੀ ਉਗ-ਸੁਗ ਹੀ ਨਾ ਰਹੇ ਆਰੀਆ ਬ੍ਰਾਹਮਣ ਸੈਨਾਪਤੀ ਅਤੇ ਮਹਾਰਾਜ ਬਲੀਰਾਜਾ ਵਿਚਕਾਰ ਹੋਏ ਯੁੱਧ ਦੀ ਕਹਾਣੀ ਅਤੇ ਇਸ ਦੇ ਦਿਵਾਲੀ ਨਾਲ ਸੰਬੰਧ ਬਾਰੇ ਜਿਉਤੀਬਾ ਫੂਲੇ ਉੱਪਰ ਮਰਾਠੀ ਵਿੱਚ ਲਿਖੀ ਪੁੱਸਤਕ 'ਮਹਾਤਮਾ ਫੂਲੇ ਵੰਗਮਾਇਆ' ਵਿੱਚ ਵੀ ਜ਼ਿਕਰ ਕੀਤਾ ਗਿਆ ਹੈ। ਦੱਖਣੀ ਭਾਰਤ ਵਿੱਚ ਇਸ ਨੂੰ ਦਿਵਾਲੀ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਇਸ ਤਿਉਹਾਰ ਨੂੰ ਕੇਰਲਾ ਵਿੱਚ "ਓਨਾਮ" ਨਾਮਕ ਤਿਉਹਾਰ ਵਜੋਂ ਵੀ ਮਨਾਇਆ ਜਾਂਦਾ ਹੈ। 11ਵੀਂ ਸਦੀ ਵਿੱਚ ਜਿਸ ਵੇਲੇ ਮਹਿਮੂਦ ਗਜ਼ਨਵੀ ਭਾਰਤ ਉੱਪਰ ਹਮਲੇ ਕਰ ਰਿਹਾ ਸੀ, ਗਣਿਤ, ਖਗੋਲ (ਸੂਰਜ, ਚੰਦ੍ਰਮਾ ਅਤੇ ਤਾਰਿਆਂ ਸੰਬੰਧੀ) ਵਿਦਿਆ ਦੇ ਪ੍ਰਸਿੱਧ ਜਾਣਕਾਰ ਅਲ ਬਰੂਨੀ ਨੇ ਭਾਰਤ ਵਿੱਚ ਕੁੱਝ ਸਮਾਂ ਬਿਤਾਇਆ ਅਤੇ ਅਰਬ ਭਾਸ਼ਾ ਵਿੱਚ ਲਿਖੀ ਪੁੱਸਤਕ 'ਤਾਰੀਖ-ਉਲ-ਹਿੰਦ' ਵਿੱਚ ਇੱਥੋਂ ਦੇ ਲੋਕਾਂ ਦੇ ਰਹਿਣ ਸਹਿਣ ਬਾਰੇ ਕਾਫੀ ਕੁਝ ਲਿਖਿਆ। ਉਸ ਨੇ ਕਾਰਤਿਕ ਦੇ ਮਹੀਨੇ ਦੀ ਮੱਸਿਆ ਵਾਲੀ ਰਾਤ ਨੂੰ ਮਨਾਈ ਜਾਂਦੀ ਦੀਪਮਾਲਾ ਬਾਰੇ ਵਰਣਣ ਕੀਤਾ ਹੈ ਕਿ ਲੋਕਾਂ ਦਾ ਵਿਸ਼ਵਾਸ ਹੈ ਕਿ ਇਸ ਦਿਨ ਹਿੰਦੂ ਦੇਵਤਾ ਵਾਸੂਦੇਵ ਦੀ ਪਤਨੀ ਲੱਛਮੀ ਨੇ ਆਦਿਵਾਸੀ ਬਲੀ ਦੀ ਬਹਾਦਰੀ ਨੂੰ ਮੁੱਖ ਰੱਖਦਿਆਂ ਉਸ ਨੂੰ ਦੇਵਤਿਆਂ ਦੀ ਕੈਦ ਵਿੱਚੋਂ ਰਿਹਾ ਕਰਵਾਇਆ। ਇਸ ਮੌਕੇ ਦੀ ਖੁਸ਼ੀ ਨੂੰ ਲੋਕ ਘਰਾਂ ਵਿੱਚ ਦੀਪਮਾਲਾ ਕਰ ਕੇ ਮਨਾਉਂਦੇ ਹਨ।

ਉਪਰੋਕਤ ਤੋਂ ਸਪੱਸ਼ਟ ਹੈ ਕਿ ਦਿਵਾਲੀ ਦਾ ਰਮਾਇਣ ਨਾਲ ਕੋਈ ਸੰਬੰਧ ਨਹੀਂ ਹੈ। ਇਸ ਮੌਸਮ ਦੇ ਤਿਉਹਾਰ ਨੂੰ ਭਾਰਤ ਦੇ ਵੱਖ 2 ਖੇਤਰਾਂ ਵਿੱਚ ਭਿੰਨ 2 ਤਰੀਕੇ ਨਾਲ ਮਨਾਇਆ ਜਾਂਦਾ ਸੀ ਜਿਸ ਨੂੰ ਬਾਦ ਵਿੱਚ ਰਮਾਇਣ ਨਾਲ ਜੋੜ ਦਿੱਤਾ ਗਿਆ ਤਾਂ ਕਿ ਰਾਮ ਦੇ ਨਾਂ ਨੂੰ ਆਮ ਲੋਕਾਂ ਵਿੱਚ ਹਰਮਨ ਪਿਆਰਾ ਬਣਾਇਆ ਜਾ ਸਕੇ।

*ਲੇਖਕ ਦੀ ਲਿਖੀ ਪੁਸਤਕ, "ਰਾਵਣ ਅਤੇ ਰਾਮ" ਵਿਚੋਂ*

## ਮੁਲਾਜ਼ਮ ਪੱਕੇ ਕਰਨ ਦੀ ਪ੍ਰਕਿਰਿਆ ਵਿੱਚ ਦਲਿਤ ਹਿੱਤਾਂ ਦੀ ਅਣਦੇਖੀ ਦਾ ਖ਼ਦਸ਼ਾ

**ਚੰਡੀਗੜ੍ਹ-** ਪੰਜਾਬ ਦੇ ਸਰਕਾਰੀ ਵਿਭਾਗਾਂ ਵਿੱਚ ਕੱਚੇ ਭਰਤੀ ਕੀਤੇ ਮੁਲਾਜ਼ਮਾਂ ਨੂੰ ਪੱਕੇ ਕਰਨ ਦੀ ਚੱਲ ਰਹੀ ਪ੍ਰਕਿਰਿਆ ਦੌਰਾਨ ਰਾਖਵੇਂਕਰਨ ਅਧੀਨ ਆਉਂਦੇ ਤਿੰਨ ਵਰਗਾਂ ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ ਅਤੇ ਅੰਗਹੀਣਾਂ ਦੇ ਹਿੱਤਾਂ ਨੂੰ ਵੱਡਾ ਧੱਕਾ ਲੱਗਣ ਦੇ ਆਸਾਰ ਨਜ਼ਰ ਆ ਰਹੇ ਹਨ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਕੈਬਨਿਟ ਸਬ ਕਮੇਟੀ ਦੀ ਅੱਜ ਇੱਥੇ ਹੋਈ ਮੀਟਿੰਗ ਦੌਰਾਨ ਇਸ ਤੱਥ 'ਤੇ ਚਰਚਾ ਵੀ ਕੀਤੀ ਗਈ। ਕਮੇਟੀ ਦੀ ਰਿਪੋਰਟ ਭਲਕੇ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਵਿਚਾਰੇ ਜਾਣ ਦੇ ਆਸਾਰ ਹਨ। ਸੂਤਰਾਂ ਦਾ ਦੱਸਣਾ ਹੈ ਕਿ ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਸੰਤੋਸ਼ ਕੁਮਾਰ ਸੰਧੂ ਨੇ ਇਹ ਮੁੱਦਾ ਚੁੱਕਦਿਆਂ ਉਪ ਮੁੱਖ ਮੰਤਰੀ ਅਤੇ ਕਮੇਟੀ ਦੇ ਹੋਰਨਾਂ ਮੈਂਬਰਾਂ ਦੇ ਧਿਆਨ ਵਿੱਚ ਲਿਆਂਦਾ ਕਿ ਸਰਕਾਰ ਵੱਲੋਂ ਜਿਨ੍ਹਾਂ ਕਰਮਚਾਰੀਆਂ ਦੀਆਂ ਸੇਵਾਵਾਂ ਰੈਗੂਲਰ ਕਰਨ ਦਾ ਮਾਮਲਾ ਵਿਚਾਰਿਆ ਜਾ ਰਿਹਾ ਹੈ ਉਸ ਵਿੱਚ ਰਾਖਵੇਂ ਵਰਗਾਂ ਦੀਆਂ ਅਸਾਮੀਆਂ ਬਾਰੇ ਵੀ ਤੱਥ ਵਿਚਾਰ ਲੈਣੇ ਚਾਹੀਦੇ ਹਨ। ਸ੍ਰੀ ਸੰਧੂ ਦਾ ਤਰਕ ਸੀ ਕਿ ਜਿਸ ਸਮੇਂ ਵਿਭਾਗਾਂ ਨੇ ਮੁਲਾਜ਼ਮਾਂ ਦੀ ਕੱਚੀ ਭਰਤੀ ਕੀਤੀ ਉਸ ਸਮੇਂ ਰਾਖਵਾਂਕਰਨ ਦੀ ਨੀਤੀ ਨੂੰ ਅੱਖੋਂ ਪਰੋਖੇ ਕੀਤੇ ਹੋਣ ਦਾ ਖ਼ਦਸ਼ਾ ਹੈ। ਇਸ ਲਈ ਜੇ ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਕਰ ਦਿੱਤਾ ਜਾਂਦਾ ਹੈ ਤਾਂ ਰਾਖਵੇਂਕਰਨ ਵਾਲੇ ਉਮੀਦਵਾਰਾਂ ਦੇ ਹਿੱਤਾਂ ਨੂੰ ਠੇਸ ਪਹੁੰਚ ਸਕਦੀ ਹੈ। ਸੂਤਰਾਂ ਮੁਤਾਬਕ ਕੈਬਨਿਟ ਸਬ ਕਮੇਟੀ ਵਿੱਚ ਜੋ ਵਿਚਾਰ ਹੋਈ ਉਸ ਮੁਤਾਬਕ ਮੁਲਾਜ਼ਮ ਪੱਕੇ ਕਰਨ 'ਤੇ ਉਨ੍ਹਾਂ ਨੂੰ ਤਿੰਨ ਸਾਲਾਂ ਤੱਕ ਮੁੱਢਲਾ ਤਨਖਾਹ ਸਕੇਲ ਮਿਲੇਗਾ। ਇਨ੍ਹਾਂ ਮੁਲਾਜ਼ਮਾਂ ਨੂੰ ਛੇਵੇਂ ਤਨਖਾਹ ਕਮਿਸ਼ਨ ਦੇ ਲਾਭ ਵੀ ਨਹੀਂ ਮਿਲਣਗੇ। ਪੰਜਾਬ ਦੇ ਵੱਡੀ ਗਿਣਤੀ ਮੁਲਾਜ਼ਮਾਂ ਵੱਲੋਂ ਨੌਕਰੀਆਂ ਰੈਗੂਲਰ ਕਰਾਉਣ ਲਈ ਸਰਕਾਰ ਵਿਰੁਧ ਸੰਘਰਸ਼ ਵਿੱਢਿਆ ਹੋਇਆ ਹੈ ਤੇ ਵਿਧਾਨ ਸਭਾ ਚੋਣਾਂ ਸਿਰ 'ਤੇ ਹੋਣ ਕਾਰਨ ਸਰਕਾਰ ਵੀ ਕਸੂਤੀ ਫਸੀ ਹੋਈ ਹੈ। ਮੀਟਿੰਗ ਵਿੱਚ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ, ਸਨਅਤ ਮੰਤਰੀ ਮਦਨ ਮੋਹਨ ਮਿੱਤਲ, ਸਿਹਤ ਮੰਤਰੀ ਸੁਰਜੀਤ ਕੁਮਾਰ ਜਿਆਣੀ, ਆਦਿ ਹਾਜ਼ਰ ਸਨ।

## ਅਮਰੀਕਾ ਵੱਲੋਂ ਪਾਕਿਸਤਾਨੀ ਅਤਿਵਾਦੀਆਂ ਖ਼ਿਲਾਫ਼ ਸਿੱਧੀ ਕਾਰਵਾਈ ਦੀ ਚਿਤਾਵਨੀ

ਵਾਸ਼ਿੰਗਟਨ- ਅਮਰੀਕਾ ਨੇ ਪਾਕਿਸਤਾਨ ਨੂੰ ਸਖ਼ਤ ਸੰਦੇਸ਼ ਦਿੰਦਿਆਂ ਕਿਹਾ ਹੈ ਕਿ ਲੋੜ ਪੈਣ ਉਤੇ ਉਹ ਇਕੱਲਾ ਅਤਿਵਾਦ ਨੈਟਵਰਕਾਂ ਨੂੰ ਤਬਾਹ ਕਰਨ ਤੋ ਝਿਜਕੇਗਾ ਨਹੀ ਕਿਉਂਕਿ ਪਾਕਿਸਤਾਨ ਦੀ ਤਾਕਤਵਰ ਖ਼ੁਫ਼ੀਆ ਏਜੰਸੀ ਆਈਐਸਆਈ ਆਪਣੀ ਧਰਤੀ ਉਤੇ ਸਰਗਰਮ ਸਾਰੀਆਂ ਅਤਿਵਾਦੀ ਜਥੇਬੰਦੀਆਂ ਖ਼ਿਲਾਫ਼ ਕਾਰਵਾਈ ਨਹੀਂ ਕਰ ਰਹੀ ਹੈ। ਅਤਿਵਾਦ ਲਈ ਵਿੱਤੀ ਮਦਦ ਰੋਕਣ ਵਾਲੇ ਵਿਭਾਗ ਦੇ ਕਾਰਜਕਾਰੀ ਅੰਡਰ ਸੈਕਟਰੀ ਐਡਮ ਜ਼ੂਬਿਨ ਨੇ ਕਿਹਾ, 'ਸਮੱਸਿਆ ਇਹ ਹੈ ਕਿ ਪਾਕਿਸਤਾਨੀ ਸਰਕਾਰ ਅੰਦਰ ਹੀ ਖਾਸ ਤੌਰ ਉਤੇ ਖ਼ੁਫ਼ੀਆ ਏਜੰਸੀ ਆਈਐਸਆਈ ਵਿੱਚ ਕੁੱਝ ਤਾਕਤਾਂ ਹਨ, ਜੋ ਪਾਕਿਸਤਾਨ ਵਿੱਚ ਸਰਗਰਮ ਸਾਰੇ ਅਤਿਵਾਦੀ ਗੁੱਟਾਂ ਖ਼ਿਲਾਫ਼ ਇਕਸਾਰ ਕਦਮ ਚੁੱਕਣ ਤੋਂ ਇਨਕਾਰ ਕਰਦੀਆਂ ਹਨ। ਇਹ ਕੁੱਝ ਜਥੇਬੰਦੀਆਂ ਨੂੰ ਤਾਂ ਬਰਦਾਸ਼ਤ ਵੀ ਕਰਦਾ ਹੈ। ਇਹ ਹੋਰ ਵੀ ਮਾੜਾ ਹੈ।' ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ, 'ਅਸੀਂ ਪਾਕਿਸਤਾਨ ਵਿੱਚ ਆਪਣੇ ਭਾਈਵਾਲਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਆਪਣੇ ਦੇਸ਼ ਵਿੱਚ ਸਰਗਰਮ ਅਤਿਵਾਦੀ ਨੈਟਵਰਕਾਂ ਖ਼ਿਲਾਫ਼ ਕਾਰਵਾਈ ਕਰਨ। ਅਸੀਂ ਉਨ੍ਹਾਂ ਦੀ ਮਦਦ ਲਈ ਤਿਆਰ ਖੜ੍ਹੇ ਹਾਂ। ਪਰ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਹੋਣਾ ਚਾਹੀਦਾ ਕਿ ਅਸੀਂ ਅਤਿਵਾਦ ਲਈ ਜੰਗ ਵਿੱਚ ਪਾਕਿਸਤਾਨ ਨਾਲ ਖੜ੍ਹਨ ਲਈ ਵਚਨਬੱਧ ਹਾਂ ਪਰ ਜੇਕਰ ਲੋੜ ਪੈਂਦੀ ਹੈ ਤਾਂ ਇਨ੍ਹਾਂ ਨੈਟਵਰਕਾਂ ਨੂੰ ਤਬਾਹ ਕਰਨ ਲਈ ਇਕੱਲੇ ਕਾਰਵਾਈ ਕਰਨ ਤੋ ਵੀ ਨਹੀਂ ਝਿਜਕਾਂਗੇ।'

# ਦੀਵਾਲ਼ੀ ਦੇ ਮਿਥਿਹਾਸਕ ਅਤੇ ਲੋਕਧਾਰਾਈ ਸੰਦਰਭ



ਡਾ. ਕਰਮਜੀਤ ਸਿੰਘ
ਸਾਬਕਾ ਪ੍ਰੋਫੇਸਰ ਅਤੇ ਚੇਅਰਮੈਨ,
ਕੁਰੂਕਸ਼ੇਤਰ ਯੂਨੀਵਰਸਿਟੀ
91 98763 23862

ਦੀਵਾਲ਼ੀ ਭਾਰਤੀਆਂ ਦਾ ਨਿਵੇਕਲ਼ਾ ਤਿਉਹਾਰ ਹੈ। ਇਹ ਰੌਸ਼ਨੀ ਦਾ ਤਿਉਹਾਰ ਹੈ, ਇਸ ਲਈ ਗਿਆਨ ਦਾ ਪ੍ਰਤੀਕ ਬਣ ਗਿਆ ਹੈ ਜਿਸਦੀ ਅਗਿਆਨਤਾ ਉੱਪਰ ਜਿੱਤ ਦਾ ਜਸ਼ਨ ਮੰਨਾਇਆ ਜਾਂਦਾ ਹੈ। ਹੋਰ ਡੂੰਘੇ ਅਰਥਾਂ ਵਿਚ ਮਨੁੱਖ ਅੰਦਰਲੇ ਹਨੇਰੇ ਉਪਰ ਚਾਨਣ ਦੀ ਜਿੱਤ ਦਾ ਪਤ੍ਰੀਕ ਵੀ ਬਣ ਗਿਆ ਹੈ। ਇਸ ਨੂੰ ਬੁਰਾਈ ਉਪਰ ਚੰਗਿਆਈ ਦਾ ਪ੍ਰਤੀਕ ਵੀ ਮੰਨਿਆਂ ਜਾਂਦਾ ਹੈ। ਅਸਲ ਵਿਚ ਜਦੋਂ ਕੋਈ ਤਿਉਹਾਰ ਲੰਮੇ ਸਮੇਂ ਤੱਕ ਚਲਦਾ ਹੈ ਤਾਂ ਉਹ ਕਿਸੇ ਵੀ ਸਭਿਆਚਾਰ ਵਿਚ ਇਕ ਤੋਂ ਵਧੇਰੇ ਪ੍ਰਤੀਕ ਅਰਥ ਗ੍ਰਹਿਣ ਕਰ ਲੈਂਦਾ ਹੈ। ਅਗਾਂਹ ਜਾ ਕੇ ਉਸ ਨਾ਼ਲ ਇਤਿਹਾਸਕ ਘਟਨਾਵਾਂ ਵੀ ਜੁੜ ਜਾਂਦੀਆਂ ਹਨ ਜਿਸ ਕਾਰਣ ਸਭਿਆਚਾਰ ਵਿਚ ਅਜਿਹਾ ਤਿਉਹਾਰ ਹੋਰ ਵੀ ਮਹੱਤਵ ਗ੍ਰਹਿਣ ਕਰ ਲੈਂਦਾ ਹੈ। ਤੇਲ ਦੇ ਦੀਵੇ ਜਗਾਉਣੇ, ਖਰੀਦ ਕਰਨੀ, (ਵਿਸ਼ੇਸ਼ ਤੌਰ ਤੇ ਬਰਤਣਾਂ ਤੇ ਗਹਿਣਿਆਂ ਦੀ), ਮਿਠਾਈਆਂ ਵੰਡਣੀਆਂ, ਔਰਤਾਂ ਵਲੋਂ ਸੱਜ ਧੱਜ ਕਰਨੀ, ਰੰਗੋਲੀ ਬਣਾਉਣੀ ਅਤੇ ਕਈ ਤਰ੍ਹਾਂਦੇ ਰੀਤੀ ਰਿਵਾਜ ਨਿਭਾਉਣੇ ਅਤੇ ਪੂਜਾ ਆਦਿ ਇਸ ਤਿਉਹਾਰ ਦੀਆਂ ਵਿਸ਼ੇਸ਼ਤਾਵਾਂ ਹਨ।

ਇਸ ਤਿਉਹਾਰ ਨਾ਼ਲ ਜੁੜੇ ਦੀਵੇ ਤੋਂ ਲੈ ਕੇ ਅਜੋਕੇ ਯੁੱਗ ਤੱਕ ਅਨੇਕਾਂ ਇਤਿਹਾਸਕ ਮਿਥਿਹਾਕ ਤੇ ਲੋਕਧਾਰਾਈ ਸੰਦਰਭ ਜੁੜੇ ਹੋਏ ਹਨ ਜਿਸ ਉਪਰ ਵਿਚਾਰ ਕਰਨ ਉਪਰੰਤ ਹੀ ਇਸ ਤਿਉਹਾਰ ਦੇ ਬਹੁਤੇ ਅਰਥ ਤੇ ਮਹੱਤਵ ਸਪੱਸ਼ਟ ਹੋ ਸਕਦੇ ਹਨ ਜਿਸਦਾ ਇੱਥੇ ਯਤਨ ਕੀਤਾ ਗਿਆ ਹੈ। ਸਭ ਤੋਂ ਪੁਰਾਣਾ ਦੀਵਾ ਪੱਥਰ ਵਿਚ ਪਏ ਡੂੰਘ ਦੇ ਰੂਪ ਵਿਚ ਮਿ਼ਲਦਾ ਹੈ ਜਿਸ ਵਿਚ ਤੇਲ ਤੇ ਬੱਤੀ ਪਾ ਕੇ ਰੌਸ਼ਨੀ ਦਾ ਪ੍ਰਬੰਧ ਕੀਤਾ ਗਿਆ। ਅਜਹਿਾ ਦੀਵਾ 10ਵੀਂ ਸਦੀ ਬੀਸੀ ਦਾ ਮੰਨਿਆਂ ਗਿਆ ਹੈ। ਇਸ ਤੋਂ ਇਲਾਵਾ ਨਾਰੀਅਲ, ਸਿੱਪੀਆਂ ਅੰਡਿਆਂ ਦੇ ਖੋਲਾਂ, ਆਟੇ ਅਤੇ ਧਾਤ ਵਿਸ਼ੇਸ਼ ਤੌਰ ਤੇ ਪਿਤੱ਼ਲ ਦੇ ਦੀਵੇ ਆਮ ਮਿ਼ਲਦੇ ਹਨ। ਅੱਠਵੀਂ ਸਦੀ ਬੀਸੀ ਵਿਚ ਕਾਂਸੇ ਦੇ ਦੀਵੇ ਵੀ ਮਿ਼ਲਦੇ ਹਨ ਮਿੱਟੀ ਦਾ ਪੱਕਿਆ ਤੇ ਗੋ਼ਲ ਦੀਵਾ ਚੌਥੀ ਸਦੀ ਬੀਸੀ ਵਿਚ ਆ ਕੇ ਮਿ਼ਲਦਾ ਹੈ ਇਸ ਤੋਂ ਬਾਦ ਇਸ ਵਿਚ ਕੋਣਾ ਕੱਢ ਕੇ ਬੱਤੀ ਲਈ ਜਗ੍ਹਾ ਬਣਾਈ ਗਈ ਹੈ।

ਦੀਵਾ ਭਾਰਤੀ/ਪੰਜਾਬੀ ਲੋਕਧਾਰਾ ਦਾ ਅਟੁੱਟ ਅੰਗ ਰਿਹਾ ਹੈ। ਬੱਚਾ ਜੰਮਣ ਤੇ ਛਿ਼ਲੇ ਵਿਚ 13 ਦਿਨ ਦੀਵਾ ਬਾ਼ਲਿਆ ਜਾਂਦਾ ਹੈ। ਔ਼ਲ ਦੱਬਣ ਵਾ਼ਲੀ ਥਾਂ ਤੇ ਵੀ ਦੀਵਾ ਬਾ਼ਲ ਕੇ ਰੱਖਿਆ ਜਾਂਦਾ ਹੈ। ਰੌਸ਼ਨੀ ਨੂੰ ਭੈੜੀਆਂ ਰੂਹਾਂ ਨੂੰ ਦੂਰ ਰੱਖਣ ਦਾ ਸਾਧਨ ਮੰਨਿਆਂ ਜਾਂਦਾ ਹੈ। 0 ਮਨੁੱਖ ਨੇ ਜੰਗ਼ਲੀ ਜੀਵਨ ਜਿਉਂਦਿਆਂ ਹੀ ਇਹ ਅਨੁਭਵ ਕਰ ਲਿਆ ਸੀ ਕਿ ਰਾਤ ਨੂੰ ਹਮਲਾ ਕਰਨ ਵਾ਼ਲੇ ਜਾਨਵਰ ਅੱਗ ਦੇ ਨੇੜੇ ਨਹੀਂ ਜਾਂਦੇ। ਜਾਨਵਰਾਂ ਦਾ ਆਪਣਾ ਅਨੁਭਵ ਰਿਹਾ ਹੋਵੇਗਾ ਕਿ ਅੱਗ ਸਾੜਦੀ ਹੈ। ਇਸ ਤੋਂ ਇਹ ਕਲਪਨਾ ਕੀਤੀ ਗਈ ਕਿ ਅਦ੍ਰਿਸ਼ਟ ਨਿਸ਼ਾਚਰ ਭੂਤ ਪ੍ਰੇਤ ਅੱਗ ਦੇ ਨੇੜੇ ਨਹੀਂ ਆਉਂਦੇ। ਇਸੇ ਦਾ ਵਿਸਤਾਰ ਹੀ ਦੀਵੇ ਦੇ ਚਾਨਣ ਤੋਂ ਬਦਰੂਹਾਂ ਨੂੰ ਦੂਰ ਰੱਖਣ ਦਾ ਵਿਸ਼ਵਾਸ ਹੈ। ਸ਼ੁਭ ਕੰਮਾਂ ਵਿਚ ਭੈੜੀਆਂ ਸ਼ਕਤੀਆਂ ਵਿਘਨ ਨਾ ਪਾਉਣ ਇਸ ਲਈ ਦੀਵਾ ਬਾ਼ਲ ਕੇ ਇਸਨੂੰ ਨਿਸਚਿਤ ਕੀਤਾ ਜਾਂਦਾ ਹੈ। ਮੁੰਡਨ ਸਮੇਂ ਆਟੇ ਦਾ ਦੀਵਾ ਬਾ਼ਲਿਆ ਜਾਂਦ ਹੈ। ਜਦੋਂ ਮਨੁੱਖ ਨੇ ਅਨਾਜ ਦੇ ਆਟੇ ਤੋਂ ਰੋਟੀਆਂ ਬਣਾਉਣੀਆਂ ਸ਼ੁਰੂ ਕੀਤੀਆਂ ਉਸ ਤੋਂ ਬਾਦ ਸਖ਼ਤ ਆਟੇ ਦਾ ਦੀਵਾ ਬਣਾਉਣ ਦਾ ਪ੍ਰਚਲਨ ਸੰਭਵ ਹੈ। ਮਰਨ ਵਾ਼ਲੇ ਦੇ ਹੱਥ ਤੇ ਆਟੇ ਦਾ ਦੀਵਾ ਰੱਖ ਕੇ ਮੰਤ੍ਰ ਉਚਾਰਣ ਕੀਤੇ ਜਾਂਦੇ ਹਨ ਤੇ ਮੰਨਿਆਂ ਇਹ ਜਾਂਦਾ ਹੈ ਕਿ ਕਿ ਵਿਛੜੀ ਆਤਮਾ ਨੂੰ ਅੰਧੇਰੇ ਰਾਹਾਂ ਤੇ ਇਹ ਰੌਸ਼ਨੀ ਸਹਾਈ ਹੋਵੇਗੀ। ਮਰਨ ਤੋਂ ਬਾਦ ਦਸ ਦਿਨ ਪਿੱਪ਼ਲ ਨੇੜੇ ਦੀਵਾ ਬਾ਼ਲਿਆ ਜਾਂਦਾ ਹੈ। ਇਨ੍ਹਾਂਦਿਨਾਂ ਵਿਚ ਸਿਵਿਆਂ ਵਿਚ ਦੀਵਾ ਬਾਲਣ ਦਾ ਰਿਵਾਜ ਵੀ ਹੈ। ਆਟੇ ਦਾ

ਦੀਵਾ ਜਨਮ ਤੇ ਮੌਤ ਨਾ਼ਲ ਜੁੜ ਗਿਆ ਹੈ ਤੇ ਮਿੱਟੀ ਦਾ ਦੀਵਾ ਖੁਸ਼ੀ ਮੌਕੇ ਬਾ਼ਲਿਆ ਜਾਂਦਾ ਹੈ। ਵਿਆਹ ਦੀ ਰਸਮ ਤਾਂ ਦੀਵੇ ਬਗ਼ੈਰ ਸੋਚੀ ਹੀ ਨਹੀਂ ਜਾ ਸਕਦੀ। ਮਾਈਆਂ (ਵੱਟਣਾ) ਲਾਉਣ ਸਮੇਂ ਦੇਹਰਾ ਲੱਕੜੀ ਦਾ ਬਣਾ ਕੇ , ਆਟੇ, ਹ਼ਲਦੀ ਦੇ ਬਣਾਏ ਚੌਕ ਉਪਰ ਰੱਖਿਆ ਜਾਂਦਾ ਹੈ। ਮੁੰਡੇ ਨੂੰ ਪੱਟੜੀ ਤੇ ਬਿਠਾ ਕੇ ਚੜ੍ਹਦੇ ਵਲ ਮੂੰਹ ਕਰਕੇ ਦੇਹਰੇ ਸਾਹਮਣੇ ਬਿਠਾਇਆ ਜਾਂਦਾ ਹੈ। ਭਈਆ ਦੂਜ ਵੇਲੇ ਵੀ ਭੇਣ ਭਰਾ ਨੂੰ ਚੜ੍ਹਦੇ ਵਲ ਮੂੰਹ ਕਰਵਾ ਕੇ ਮੂੰਹ ਮਿੱਠਾ ਕਰਵਾਉਂਦੀ ਹੈ। ਇਸ ਤੋਂ ਸੂਰਜ ਤੇ ਦੀਵੇ ਦਾ ਸੰਬੰਧ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਦੀਵਾ ਸੂਰਜ ਦਾ ਪ੍ਰਤੀਕ ਹੀ ਹੈ। ਦੀਵਾ ਜੀਵਨ ਦਾ ਪ੍ਰਤੀਕ ਹੈ ਇਸ ਲਈ ਦੀਵੇ ਦਾ ਬੁਝਣ-ਬੁਝਾਉਣ ਦਾ ਅਰਥ ਹੈ ਜੀਵਨ ਦੀ ਸਮਾਪਤੀ ਸੈਂਕੜੇ ਕਥਾਵਾਂ ਵਿਚ ਦੀਵਾ ਬੁਝਣ ਦਾ ਅਰਥ ਕਿਸੇ ਦੀ ਮੌਤ ਤੋਂ ਹੀ ਲਿਆ ਜਾਂਦਾ ਹੈ। ਕਾ਼ਲੇ ਜਾਦੂ ਵਿਚ ਇਸੇ ਲਈ ਮੰਤਰਾਂ ਨਾ਼ਲ ਸੱਤ ਵਾਰ ਦੀਵੇ ਨੂੰ ਬੁਝਾਉਣ ਦਾ ਅਰਥ ਹੈ ਦੁਸ਼ਮਣ ਦੀ ਮੌਤ ਜਾਂ ਉਸਦਾ ਨੁਕਸਾਨ। ਇਸੇ ਲਈ ਦੀਵਾ ਬੁਝਾਉਣਾ ਨਹੀਂ ਕਿਹਾ ਜਾਂਦਾ ਦੀਵਾ ਵੱਡਾ ਕਰਨਾ ਕਿਹਾ ਜਾਂਦਾ ਹੈ। ਦੀਵਾ ਜਗਾਉਣ ਅਤੇ ਵੱਡਾ ਕਰਨ ਤੇ ਜੋ ਸ਼ਬਦ ਬੋਲੇ ਜਾਂਦੇ ਰਹੇ ਹਨ ਉਸਤੋਂ ਵੀ ਲੋਕ ਵਿਸ਼ਵਾਸ ਤੇ ਮਾਨਤਾਵਾਂ ਸਪੱਸ਼ਟ ਹੋ ਜਾਂਦੀਆਂ ਹਨ।

ਦੀਵਟ ਦੀਵੜਾ ਬ਼ਲੇ
ਸੱਤਰ ਸੌ ਬ਼ਲਾ ਟ਼ਲੇ
ਦੀਵਟ ਘਿਉ ਦੀ ਬੱਤੀ
ਘਰ ਆਵੇ ਬਹੁਤੀ ਖੱਟੀ1

ਦੀਵਾ ਬਲਣ ਨਾ਼ਲ ਬ਼ਲਾਵਾਂ ਟ਼ਲਦੀਆਂ ਹਨ ਤੇ ਘਿਉ ਦੇ ਦੀਵੇ ਬਲਣ ਨਾ਼ਲ ਘਰ ਵਿਚ ਖੁਸ਼ਹਾਲੀ ਆਉਂਦੀ ਹੈ। ਇਹ ਦੋਵੇਂ ਇੱਛਾਵਾਂ ਇਕੋ ਸਿੱਕੇ ਦੇ ਦੋ ਪਾਸੇ ਹਨ। ਇਹ ਮਨੁੱਖ ਦੀਆਂ ਸਦੀਵੀ ਇਛਾਵਾਂ ਤੇ ਲੋੜਾਂ ਵੀ ਹਨ। ਇਸੇ ਤਰ੍ਹਾਂ ਦੀਵਾ ਬੁਝਾਉਣ ਸਮੇਂ ਬੋਲੇ ਸ਼ਬਦ ਬੜੇ ਡੂੰਘੇ ਅਰਥ ਰੱਖਦੇ ਹਨ।

ਜਾ ਦੀਵਿਆ ਘਰ ਆਪਣੇ ਤੇਰੀ ਮਾਂ ਉਡੀਕੇ ਵਾਰ।
ਆਈਂ ਹਨੇਰੇ ਜਾਈਂ ਸਵੇਰੇ, ਸੱਭੇ ਸ਼ਗਨ ਵਿਚਾਰ।
ਜਾ ਦੀਵਿਆ ਘਰ ਅਪਣੇ ਸੁੱਖ ਵਸਾਈਂ ਰਾਤ।
ਰਿਜ਼ਕ ਲਿਆਈਂ ਭਾ਼ਲ ਕੇ, ਤੇਲ ਲਿਆਈਂ ਨਾ਼ਲ।

ਦੀਵਾ ਇੱਥੇ ਕੋਈ ਬੇਜਾਨ ਚੀਜ਼ ਨਹੀਂ ਹੈ ਸਗੋਂ ਕਿਸੇ ਮਾਂ ਦਾ ਬੇਟਾ ਹੈ ਜਿਸ ਦੀ ਘਰ ਵਿਚ ਮਾਂ ਵਲੋਂ ਉਡੀਕ ਹੋ ਰਹੀ ਹੈ। ਸੁੱਖ ਵਰਤਾਉਣ ਦੀ ਬੇਨਤੀ ਅਤੇ ਆਰਥਿਕ ਖੁਸ਼ਹਾਲੀ ਲਿਆਉਣ ਲਈ ਅਰਦਾਸ ਹੈ।

ਇਨ੍ਹਾਂ ਉਚਾਰੀਆਂ ਪੰਗਤੀਆਂ ਵਿਚ ਚਾਰ ਚੀਜ਼ਾਂ ਦਾ ਜ਼ਿਕਰ ਕੀਤਾ ਗਿਆ ਹੈ। ਦੀਵਾ, ਤੇਲ (ਘਿਉ), ਬੱਤੀ ਅਤੇ ਦੀਵਟ (ਜਿਸਤੇ ਦੀਵਾ ਟਿਕਾਇਆ ਜਾਂਦਾ ਹੈ) ਤੇਲ ਦਾ ਜ਼ਿਕਥਰ ਆਉਂਦਾ ਹੈ ਤਾਂ ਖੋਜੀ ਦਾ ਧਿਆਨ ਤਿ਼ਲਾਂ ਵਿਚੋਂ ਨਿਕ਼ਲੇ ਚਿਕਨਾਈ ਵਾ਼ਲੇ ਤਰਲ ਪਦਾਰਥ ਵੱਲ ਜਾਂਦਾ ਹੈ। ਆਮ ਤੌਰ ਤੇ ਇਸ ਤੱਥ ਵਲ ਧਿਆਨ ਹੀ ਨਹੀਂ ਗਿਆ ਕਿਉਂਕਿ ਸਾਡੇ ਲਈ ਤੇਲ ਦਾ ਅਰਥ ਹੈ ਸਰ੍ਹੋਂਦਾ ਤੇਲ। ਪਰ ਕਾਹਨ ਸਿੰਘ ਨਾਭਾ ਨੂੰ ਇਸਦਾ ਗਿਆਨ ਸੀ ਜਿਸਨੂੰ ਅਸੀਂ ਗੌ਼ਲਿਆ ਤੱਕ ਨਹੀਂ। ਭਾਈ ਕਾਹਨ ਸਿੰਘ ਨਾਭਾ ਅਨੁਸਾਰ, "ਤੈਲ-ਤਿ਼ਲ ਦਾ ਵਿਕਾਰ। ਤਿ਼ਲਾਂ ਦੀ ਚਿਕਨਾਈ। ਸਭ ਤੋਂ ਪਹਿਲਾਂ ਤਿ਼ਲਾਂ ਵਿਚੋਂ ਇਹ ਪਦਾਰਥ ਕੱਢਿਆ ਇਸ ਲਈ ਨਾਮ ਤੇਲ ਹੋਇਆ। ਹੁਣ ਸਰਸੋਂ (ਸਰ੍ਹੋਂ) ਆਦਿ ਦਾ ਰਸ ਵੀ ਤੇਲ ਹੀ ਕਹੀਦਾ ਹੈ। 'ਤੇਲ ਜਲੇ ਬਾਤੀ ਠਹਿਰਾਨੀ' (ਆਸਾ ਕਬੀਰ) ਸਵਾਸ ਤੇਲ ਆਯੁ ਬੱਤੀ। 'ਦੀਪਕ ਬਾਂਧਿਤ ਧਰਿਉ ਬਿਨ ਤੇਲ' (ਰਾਮ? ਕਬੀਰ) ਭਾਵ ਗਿਆਨ ਦੀਪਕ" ਭਾਈ ਕਾਹਨ ਸਿੰਘ ਨਾਭਾ ਨੂੰ ਭਾਸ਼ਾ ਵਿਗਿਆਨ ਦੇ ਉਸ ਨਿਯਮ ਦਾ ਸਹਿਜ ਗਿਆਨ ਹੈ ਜਿਸਨੂੰ ਅਰਥ ਵਿਸਤਾਰ ਕਿਹਾ ਜਾਂਦਾ ਹੈ। ਸਿਆਹੀ ਦਾ ਅਰਥ ਹੈ ਕਾ਼ਲੀ ਪਰ ਬਾਅਦ ਵਿਚ ਨੀਲੀ, ਲਾਲ ਅਤੇ ਹਰੇ ਅਤੇ ਕਈ ਹੋਰ ਤਰ੍ਹਾਂ ਦੇ ਲਿਖਣ ਦੇ ਕੰਮ ਵਿਚ ਆਉਣ ਵਾ਼ਲੇ ਤਰਲ ਪਦਾਰਥ ਨੂੰ ਵੀ ਸਿਆਹੀ ਹੀ ਕਿਹਾ ਜਾਣ ਲੱਗਾ। ਇਸੇ ਤਰ੍ਹਾਂਤਿ਼ਲਾਂ ਤੋਂ ਨਿਕ਼ਲਿਆ ਪਦਾਰਥ ਤੇਲ ਜੋ ਬਾਦ ਵਿਚ ਸਰ੍ਹੋਂਦਾ ਤੇਲ, ਜਬਰੰਡੀ ਦਾ ਤੇਲ ਤੇ ਮਿੱਟੀ ਦਾ ਤੇਲ ਵੀ ਬਣ ਗਿਆ।



"ਤਿ਼ਲਾਂ ਦੇ ਬੀਜ ਨੂੰ ਸਭ ਤੋਂ ਪੁਰਾਣਾ ਬੀਜ ਮੰਨਿਆਂ ਗਿਆ ਹੈ। ਇਸ ਨੂੰ 5000 ਸਾਲ ਪੁਰਾਣਾ ਮੰਨਿਆ ਜਾਂਦਾ ਹੈ ਭਾਰਤੀ ਮਿੱਥ ਅਨੁਸਾਰ ਤਿ਼ਲ ਅਮਰ ਹੋਣ ਦਾ ਪ੍ਰਤੀਕ ਹੈ। ਮਹਾਂ ਵਿਸ਼ਨੂੰ ਦੀ ਇਸਤ੍ਰੀ ਮਹਾਂ ਸ਼੍ਰੀ ਦੇਵੀ ਵਿਚ ਵੀ ਤਿ਼ਲਾਂ ਦੇ ਗੁਣ ਹਨ। ਘਿਉ ਤੋਂ ਬਾਅਦ ਤਿ਼ਲਾਂ ਨੂੰ ਸਭ ਤੋਂ ਪਵਿਤਰ ਮੰਨਿਆਂ ਗਿਆ ਹੈ। ਅਥਰਵ ਵੇਦ ਅਨੁਸਾਰ ਅਗਨੀ ਦੇਵਤਾ ਮਾਸਾਹਾਰੀ ਪਿਸਾਚਾਂ ਅਤੇ ਰਾਕਸ਼ਸਾਂ ਨੂੰ ਦੂਰ ਭਜਾਉਂਦਾ ਹੈ। ਅਜਿਹਾ ਕਰਨ ਲਈ ਯੱਗ ਵਿਚ ਅਗਨੀ ਦੇਵਤਾ ਨੂੰ ਦੇਸੀ ਘਿਉ ਅਤੇ ਤਿ਼ਲਾਂ ਦੇ ਤੇਲ ਦੀ ਆਹੂਤੀ ਦਿੱਤੀ ਜਾਂਦੀ ਹੈ" ਅਸੀਰੀਅਨ ਮਿੱਥ ਅਨੁਸਾਰ ਸੰਸਾਰ ਰੱਚਣ ਲਈ ਇੱਕੱਠੇ ਹੋਏ ਦੇਵਤਿਆਂ ਨੇ ਤਿ਼ਲਾਂ ਦੀ ਬਣੀ ਸ਼ਰਾਬ ਦਾ ਸੇਵਨ ਕੀਤਾ।" ਇਕ ਭਾਰਤੀ ਮਿੱਥ ਅਨੁਸਾਰ ਤਿ਼ਲ ਦਾ ਪੌਦਾ ਵਿਸ਼ਨੂੰ ਦੇ ਵਾ਼ਲਾਂ ਵਿਚ ਉੱਗਿਆ। ਇਸ ਦੇ ਬੀਜ ਧਰਤੀ ਤੇ ਡਿੱਗੇ ਤਾਂ ਇਸ ਦੀ ਖੇਤੀ ਆਰੰਭ ਹੋਈ। ਇਹ ਵੀ ਮੰਨਿਆਂ ਜਾਂਦਾ ਹੈ ਕਿ ਸਭ ਤੋਂ ਪਹਿਲਾਂ ਤਿ਼ਲਾਂ ਦੀ ਖੇਤੀ ਪਾਰਬਤੀ ਨੇ ਸ਼ੁਰੂ ਕੀਤੀ। ਪਾਰਬਤੀ ਤਿ਼ਲਾਂ ਦੇ ਤੇਲ ਦਾ ਵੱਟਣਾ ਲਾਉਂਦੀ ਸੀ।

ਤਿ਼ਲਾਂ ਨੂੰ ਸੰਤਾਨ ਉਤਪੱਤੀ ਦਾ ਸਾਧਨ ਮੰਨਿਆਂ ਜਾਂਦਾ ਹੈ। ਇਸੇ ਲਈ ਵਿਆਹ ਤੋਂ ਬਾਅਦ ਕੁੜੀ ਦੇ ਸੌਹਰੇ ਘਰ 'ਤੇਲ ਮੇਥਰੇ' ਦੀ ਰਸਮ ਕੀਤੀ ਜਾਂਦੀ ਹੈ। ਵਣਜਾਰਾ ਬੇਦੀ ਤਿ਼ਲਾਂ ਨਾ਼ਲ ਜੁੜੇ ਟੂਣੇ ਦਾ ਜ਼ਿਕਰ ਕਰਦਿਆਂ ਦਸੱਦਾ ਹੈ ਕਿ ਸੰਤਾਨ ਪ੍ਰਾਪਤੀ ਲਈ ਨਿਰਸੰਤਾਨ ਨੂੰ 40 ਦਿਨ 40 ਘਰਾਂ ਤੋਂ ਤਿ਼ਲ ਲਿਆ ਕੇ ਖੁਆਏ ਜਾਂਦੇ ਹਨ। ਬੇਦੀ ਇਹ ਵੀ ਦੱਸਦਾ ਹੈ ਕਿ ਮਾਘੀ ਉਪਰ ਤਿ਼ਲ ਦਾ ਵੱਟਣਾ ਲਾਇਆ ਜਾਂਦਾ ਹੈ, ਤਿ਼ਲ ਦੇ ਪਾਣੀ ਨਾ਼ਲ ਇਸ਼ਨਾਨ ਕੀਤਾ ਜਾਂਦਾ ਹੈ, ਤਿ਼ਲਾਂ ਦਾ ਪਾਣੀ ਪੀਤਾ ਜਾਂਦਾ ਹੈ, ਇਨ੍ਹਾਂਦਾ ਫੱਕਾ ਮਾਰਿਆ ਜਾਂਦਾ ਹੈ,ਤਿ਼ਲਾਂ ਦਾ ਹਵਨ ਕੀਤਾ ਜਾਂਦਾ ਹੈ ਅਤੇ ਤਿ਼ਲ ਲੱਡੂ-ਤਿ਼ਲ-ਸ਼ਕਰੀ ਦਾਨ ਕੀਤੀ ਜਾਂਦੀ ਹੈ। ਮ੍ਰਿਤਕ ਲਈ ਤਿ਼ਲ ਦਾ ਪਿੰਡ ਦਾਨ ਕੀਤਾ ਜਾਂਦਾ ਹੈ, ਸਤੀ ਹੋਣ ਸਮੇਂ ਇਸਤ੍ਰੀ ਦੇ ਹੱਥ ਵਿਚ ਤਿ਼ਲ ਵੀ ਰੱਖੇ ਜਾਂਦੇ ਹਨ। ਕਾ਼ਲੇ ਤਿ਼ਲਾਂ ਦਾ ਟੂਣਾ ਕਰਕੇ ਦੁਸ਼ਮਣ ਨੂੰ ਖੁਆ ਕੇ ਆਪਣਾ ਗ਼ੁਲਾਮ ਬਣਾਏ ਜਾਣ ਦਾ ਵਿਸ਼ਵਾਸ ਪਾ਼ਲਿਆ ਜਾਂਦਾ ਹੈ। ਅਸਲ ਵਿਚ ਤਿ਼ਲ ਦਾ ਬੀਜ ਸਿੰਧ ਘਾਟੀ ਵਿਚ ਵੀ ਮਿ਼ਲਦਾ ਹੈ ਇਸਦੇ ਜ਼ਲੇ ਬੀਜ ਇੱਥੋਂ ਪ੍ਰਾਪਤ ਹੋਏ ਹਨ (3500-3050 ਬੀਸੀ) ਤੇ ਮੰਨਿਆਂ ਜਾਂਦਾ ਹੈ ਕਿ ਇਨ੍ਹਾਂ ਦੀ ਖੇਤੀ ਇੱਥੋਂ ਹੀ ਸ਼ੁਰੂ ਹੋਈ। ਇਹ ਵੀ ਮੰਨਿਆਂ ਜਾ ਸਕਦਾ ਹੈ ਕਿ ਤਿ਼ਲਾਂ ਦੇ ਤੇਲ ਦਾ ਦੀਵਾ ਵੀ ਇੱਥੇ ਹੀ ਸਭ ਤੋਂ ਪਹਿਲਾਂ ਬ਼ਲਿਆ ਕਿਉਂਕਿ ਕਪਾਹ ਵੀ ਇੱਥੇ ਮਿ਼ਲੀ ਹੈ ਤੇ ਮਿੱਟੀ ਦਾ ਦੀਵਾ ਵੀ। ਪਾਰਬਤੀ ਵਲੋਂ ਖੇਤੀ ਸ਼ੁਰੂ ਕਰਨ ਦੀ ਮਿੱਥ ਵੀ ਇੱਧਰ ਇਸ਼ਾਰਾ ਕਰਦੀ ਹੈ ਕਿਉਂਕਿ ਸ਼ਿਵ ਸਿੰਧ ਘਾਟੀ ਦਾ ਦੇਵਤਾ ਹੈ। ਤਿ਼ਲਾਂ ਤੋਂ ਬਾਦ ਸਿੰਧ ਘਾਟੀ ਦੀ ਸਭਿਅਤਾ ਵਿਚ ਸਰ੍ਹੋਂਵੀ ਪ੍ਰਾਪਤ ਹੁੰਦੀ ਹੈ। ਇਹ ਤਿ਼ਲਾਂ ਤੋਂ ਬਾਅਦ ਵਿਚ (1800 ਬੀਸੀ) ਦੇ ਕਰੀਬ ਪ੍ਰਾਪਤ ਹੁੰਦੀ ਹੈ। ਇਸਦਾ ਪ੍ਰਚਲਨ ਪੂਰੇ ਭਾਰਤ ਵਿਚ ਅੱਜ ਦੇ ਦਿਨ ਵੀ ਪ੍ਰਚਲਿਤ ਹੈ। ਆਰੀਆਂ ਦੇ ਆਉਣ ਨਾ਼ਲ ਤਿ਼ਲਾਂ ਦੀ ਥਾਂ ਘਿਉ ਨੇ ਲੈ ਲਈ ਜੋ ਹਵਨ ਵਿਚ ਆਮ ਵਰਤਿਆ ਜਾਂਦਾ ਸੀ ਪਰ ਇਸ ਨਾ਼ਲ ਉਪਰ ਦੱਸੇ ਅਨੁਸਾਰ ਤਿ਼ਲਾਂ ਦਾ ਮਹੱਤਵ ਕਿਸੇ ਤਰ੍ਹਾਂਵੀ ਘੱਟ ਨਹੀਂ ਹੋਇਆ। ਸਰ੍ਹੋਂਤੇ ਸਰ੍ਹੋਂਦੇ ਤੇਲ ਨੂੰ ਭੈੜੀਆਂ ਅਦਿੱਖ ਆਤਮਾਵਾਂ ਤੇ ਹੋਂਦਾਂ ਤੋਂ ਬਚਾਉਣ ਲਈ ਵਰਤਿਆ ਜਾਂਦਾ ਹੈ। ਗਰਭਵਤੀ ਦੀ ਮੰਜੀ ਨਾ਼ਲ ਇੱਲ ਬ਼ਲਾਵਾਂ ਨੂੰ ਦੂਰ ਰੱਖਣ ਲਈ ਜਿੱਥੇ ਚਾਉਲ ਤੇ ਲੋਹਾ ਬੰਨਿਆਂ ਜਾਂਦਾ ਹੈ ਉੱਥੇ ਸਰ੍ਹੋਂਵੀ ਬੰਨੀਂ ਜਾਂਦੀ ਹੈ। ਖੁਸ਼ੀ ਦੇ ਮੌਕੇ ਬਾਹਰੋਂ ਆਏ ਨੂੰ ਤੇਲ ਚੋ ਕੇ ਲੰਘਾਉਣ ਪਿੱਛੇ ਵੀ ਇਹੀ ਭਾਵਨਾ ਕੰਮ ਕਰਦੀ ਹੈ। ਸ਼ਨੀ ਦੇ ਪ੍ਰਕੋਪ ਨੂੰ ਦੂਰ ਕਰਨ ਲਈ ਸਰ੍ਹੋਂ ਦੇ ਤੇਲ ਦਾ ਦਾਨ ਕੀਤਾ ਜਾਂਦਾ ਹੈ।

ਆਰੀਆ ਸਭਿਅਤਾ ਚਰਵਾਹਾ ਸਭਿਅਤਾ ਸੀ ਇਸ ਲਈ ਇੱਥੇ ਮੱਖਣ ਤੋਂ ਬਣਿਆਂ ਘਿਉ ਪਵਿੱਤਰ ਮੰਨਿਆਂ ਗਿਆ। ਘਿਉ ਦੇ ਦੀਵੇ ਜਗਾਉਣਾ ਮੁਹਾਵਰਾ ਖੁਸ਼ੀ ਦੇ ਇਜ਼ਹਾਰ ਕਰਨ ਦਾ ਸੂਚਕ ਹੈ। ਤਿੱਬਤ ਦੇ ਬੋਧੀ ਮੰਦਿਰਾਂ ਵਿਚ ਯਾਕ ਦੇ ਦੁੱਧ ਤੋਂ ਬਣੇ ਘਿਉ ਦੇ ਦੀਵੇ ਬਾ਼ਲੇ ਜਾਂਦੇ ਰਹੇ ਹਨ। ਦੀਵੇ, ਤੇਲKਘਿਉ ਤੋਂ ਬਾਅਦ ਆਉਂਦੀ ਹੈ ਬੱਤੀ। ਇਹ ਤਿੰਨਾਂ ਦੇ ਮਿਲਣ ਨਾ਼ਲ ਹੀ ਦੀਵਾ ਬੱਤੀ ਕਰਨ ਦਾ ਵਿਚਾਰ ਪੈਦਾ ਹੁੰਦਾ ਹੈ। ਸਿੰਧ ਘਾਟੀ ਅਤੇ ਐਕਸੀਮੋ ਦੀ ਸਭਿਅਤਾ ਵਿਚ 5000 ਈਸਵੀ ਪੂਰਵ ਕਪਾਹ ਦੇ ਅੰਸ਼ ਮਿ਼ਲਦੇ ਹਨ। ਸਿੰਧ ਘਾਟੀ ਦੀ ਸਭਿਅਤਾ ਦੇ ਵਿਸਤਾਰ ਮਿਹਰ ਗੜ੍ਹ ਅਤੇ ਰਾਖੀਗੜ੍ਹੀ ਤੋਂ ਵੀ ਕਪਾਹ ਦਾ ਪਤਾ ਚਲਦਾ ਹੈ। ਕਿਹਾ ਜਾ ਸਕਦਾ ਹੈ ਕਿ ਸਿੰਧ ਘਾਟੀ ਦੀ ਸਭਿਅਤਾ ਵਿਚ ਦੀਵੇ ਨਾ਼ਲ ਰੌਸ਼ਨੀ ਕਰਨ ਦਾ ਆਰੰਭ ਹੋ ਚੁੱਕਾ ਸੀ। ਇੱਥੇ ਤਿ਼ਲਾਂ ਦਾKਸਰ੍ਹੋਂਦਾ ਤੇਲ ਵੀ ਹੈ, ਕਪਾਹ ਵੀ ਹੈ ਅਤੇ ਮਿੱਟੀ ਦਾ ਦੀਵਾ ਵੀ। ਆਰੀਆਂ ਦੇ ਆਉਣ ਨਾ਼ਲ ਘਿਉ ਕਾਰਣ ਇਸ ਦਾ ਸਭਿਆਚਾਰ ਵਿਚ ਹੋਰ ਵੀ ਮਹੱਤਵ ਹੋ ਗਿਆ। ਯੱਗਾਂ ਦੇ ਨਾ਼ਲ ਨਾ਼ਲ ਦੀਵਾ ਜਗਾਉਣ ਦਾ ਪ੍ਰਚਲਨ ਵੀ ਰਿਹਾ ਹੈ। ਇਸ ਨਾ਼ਲ ਜੁੜੇ ਵਿਸ਼ਵਾਸਾਂ, ਰਸਮਾਂ-ਰਿਵਾਜਾਂ ਅਤੇ ਪ੍ਰਤੀਕਾਂ ਦਾ ਵਿਕਾਸ ਵੀ ਹੁੰਦਾ ਰਿਹਾ ਹੈ।

ਪੁਰਾਤਨ ਭਾਰਤੀ ਸਾਹਿਤ ਵਿਚ ਵੀ ਇਸੇ ਲਈ ਦੀਵਿਆਂ ਅਤੇ ਦੀਪਮਾ਼ਲਾ ਬਾਰੇ ਚਰਚਾ ਹੁੰਦੀ ਰਹੀ ਹੈ। ਪਹਿਲੀ ਸਦੀ ਈਸਵੀ ਵਿਚ ਲਿਖੇ ਗਏ ਪਦਮ ਅਤੇ ਸਕੰਦ ਪੁਰਾਣ ਵਿਚ ਦੀਵੇ ਦਾ ਜ਼ਿਕਰ ਮਿ਼ਲਦਾ ਹੈ। ਸਕੰਦ ਪੁਰਾਣ ਵਿਚ ਦੀਵਾ ਸੂਰਜ ਦਾ ਪ੍ਰਤੀਕ ਹੈ ਜੋ ਜੀਵਨ ਨੂੰ ਰੌਸ਼ਨੀ ਅਤੇ ਸ਼ਕਤੀ ਦਿੰਦਾ ਹੈ। ਕਠ ਉਪਨਿਸ਼ਦ ਵਿਚ, ਹਰਸ਼ ਦੇ ਨਾਟਕ (7ਵੀਂ ਸਦੀ) ਨਾਗਾਨੰਦ ਵਿਚ 'ਦੀਪ ਪ੍ਰਦੀਪ' ਉਤਸਵ ਦਾ ਉਲੇਖ ਹੈ। ਸੰਭਵ ਹੈ ਕਿ ਇਹ ਅੱਸੂ ਦੇ ਆਖਰੀ ਦਿਨ ਮਸਿੱਆ ਨੂੰ ਹੀ ਮਨਾਇਆ ਜਾਂਦਾ ਹੋਵੇ। 11ਵੀਂ ਸਦੀ ਵਿਚ ਐਲਬਰੂਨੀ ਦੇ ਵਰਣਨ ਵਿਚ ਕੱਤਕ ਦੀ ਪਹਿਲੀ ਨੂੰ ਦੀਪ ਜਗਾਉਣ ਦੀ ਸੂਚਨਾ ਦਿੱਤੀ ਗਈ ਹੈ। ਇਸ ਉਤਸਵ ਵਿਚ ਰੌ਼ਲਾਂ ਰੱਪਾ ਪਾਉਣ ਦਾ ਰਿਵਾਜ ਰਿਹਾ ਹੈ ਜੋ ਬਾਅਦ ਵਿਚ ਬਾਰੂਦ ਦੇ ਆਉਣ ਨਾ਼ਲ ਪੱਟਾਖੇ ਚਲਾਉਣ ਵਿਚ ਤਬਦੀਲ ਹੋ ਜਾਂਦਾ ਹੈ। ਰੌ਼ਲਾ ਰੱਪਾ ਪਾਉਣ ਪਿੱਛੇ ਬੁਰੀਆਂ ਆਤਮਾਵਾ ਨੂੰ ਦੂਰ ਰੱਖਣ ਦਾ ਵਿਸ਼ਵਾਸ ਕੰਮ ਕਰਦਾ ਹੈ। ਉਵੇਂ ਹੀ ਜਿਵੇਂ ਰੌਸ਼ਨੀ ਇਨ੍ਹਾਂ ਨੂੰ ਦੂਰ ਰੱਖਦੀ ਹੈ।

ਦੀਵਾ਼ਲੀ ਨੂੰ ਮਨਾਏ ਜਾਣ ਦੇ ਅਨੇਕਾਂ ਕਾਰਣ ਗਿਣਾਏ ਜਾਂਦੇ ਹਨ ਅਸਲ ਵਿਚ ਇਸ ਤਿਉਹਾਰ ਨਾ਼ਲ ਇਤਿਹਾਸਕ ਮਿਥਿਹਾਸਕ ਘਟਨਾਵਾਂ ਜੁੜਦੀਆਂ ਗਈਆਂ ਅਤੇ ਅਨੇਕਾਂ ਵਿਸ਼ਵਾਸਾਂ ਨੇ ਇਸ ਤਿਉਹਾਰ ਨੂੰ ਬਹੁਭਾਂਤ ਦਾ ਬਣਾ ਦਿੱਤਾ ਹੈ। ਅੱਜ ਦੇ ਦੌਰ ਵਿਚ ਹਿੰਦੂ, ਜੈਨੀ, ਬੋਧੀ ਅਤੇ ਸਿੱਖ ਆਪਣੇ ਆਪਣੇ ਕਾਰਣਾਂ ਕਰਕੇ ਇਸ ਉਤਸਵ ਨੂੰ ਮਹੱਤਵ ਦਿੰਦੇ ਹਨ। ਅਜੋਕਾ ਜਸ਼ਨ ਮੰਨਾਉਣ ਦਾ ਤਰੀਕਾ-ਜਿਸ ਵਿਚ ਵਪਾਰਕ ਹਿੱਤ ਵੀ ਜੁੜੇ ਹੋਏ ਹਨ-20ਵੀਂ ਸਦੀ ਦੇ ਆਰੰਭ ਵਿਚ ਧਾਰਮਿਕ ਪੁਨਰ ਜਾਗਣ ਨਾ਼ਲ ਜੁੜਿਆ ਹੋਇਆ ਹੈ। ਇਸੇ ਸਮੇਂ, ਗਣੇਸ਼ ਉਤਸਵ ਵਰਗੇ ਨਵੇਂ ਉਤਸਵ ਵੀ ਹੋਂਦ ਵਿਚ ਆਉਂਦੇ ਹਨ।

ਆਮ ਧਾਰਣਾ ਇਹ ਹੈ ਕਿ ਇਸ ਦਿਨ ਰਾਮ, ਲਕਸ਼ਮਣ ਅਤੇ ਸੀਤਾ ਚੌਦਾਂ ਸਾਲ ਦੇ ਬਨਵਾਸ ਤੋਂ ਬਾਅਦ ਅਯੋਧਿਆ ਵਾਪਿਸ ਪਰਤੇ। ਉਨ੍ਹਾਂ ਦੀ ਵਾਪਸੀ ਦੀ ਖ਼ੁਸ਼ੀ ਵਿਚ ਸਾਰੀ ਅਯੋਧਿਆ ਨਗਰੀ ਵਿਚ ਦੀਪ ਮਾ਼ਲਾ ਕੀਤੀ ਗਈ ਜੋ ਅੱਗੇ ਚੱਲ ਕੇ ਸਾਰੇ ਭਾਰਤ ਤਕ ਵਿਆਪ ਗਈ। ਇਹ ਰਾਮਾਇਣ ਦਾ ਸੁਖਾਂਤਕ ਅਧਿਆਇ ਹੈ। ਰਾਮਾਇਣ ਦੀ ਕਥਾ ਸਾਡੇ ਸਾਰਿਆਂ ਦੀ ਮਾਨਸਿਕਤਾ ਦਾ ਹਿੱਸਾ ਹੈ ਇਸ ਲਈ ਇੱਥੇ ਇਸਨੂੰ ਦੁਹਰਾਉਣ ਦੀ ਲੋੜ ਨਹੀਂ। ਇਹ ਵੀ ਕਿਹਾ ਜਾਂਦਾ ਹੈ ਕਿ ਇਸ ਦਿਨ ਅਗਿਆਤਵਾਸ ਦਾ ਸਮਾਂ ਖ਼ਤਮ ਹੋਣ ਤੇ ਪਾਂਡਵ ਆਪਣੇ ਰਾਜ ਵਿਚ ਵਾਪਿਸ ਆਏ ਸਨ। ਇਸ ਖੁਸ਼ੀ ਵਿਚ ਦੀਪਮਾ਼ਲਾ ਕੀਤੀ ਗਈ। ਪਹਿਲਾ ਪ੍ਰਕਰਣ ਰਾਮਾਇਣ ਨਾ਼ਲ ਸੰਬੰਧਿਤ ਹੈ ਤਾਂ ਦੂਸਰਾ ਮਹਾਂਭਾਰਤ ਨਾ਼ਲ। ਸਭ ਤੋਂ ਪੁਰਾਤਨ ਵਿਚਾਰ ਇਹ ਪ੍ਰਤੀਤ ਹੁੰਦਾ ਹੈ ਕਿ ਦੇਵਤਿਆਂ ਤੇ ਦੈਂਤਾਂ ਵੱਲੋਂ ਖੀਰ ਸਮੁੰਦਰ ਮੰਥਨ ਸਮੇਂ ਨਿਕ਼ਲੇ ਚੌਦਾਂ ਰਤਨਾਂ ਵਿਚੋਂ ਇਕ ਲਕਸ਼ਮੀ ਸੀ, ਇਸਦੇ ਜਨਮ ਦੀ ਖੁਸ਼ੀ ਹੀ ਦਿਵਾ਼ਲੀ ਦਾ ਰੂਪ ਹੈ। ਪਰ ਇਥੇ ਵੀ ਇਕ ਸਮੱਸਿਆ ਹੈ ਕਿ ਲਕਸ਼ਮੀ ਦੀ ਪੂਜਾ ਉਦੋਂ ਹੀ ਸੰਭਵ ਹੋ ਸਕਦੀ ਹੈ ਜਦੋਂ ਉਹ ਦੌਲਤ ਦੀ ਪ੍ਰਤੀਕ ਬਣ ਜਾਂਦੀ ਹੈ ਤੇ ਪ੍ਰਤੀਕ ਬਣਨ ਦੀ ਸੰਭਾਵਨਾ ਉਦੋਂ ਹੋ ਸਕਦੀ ਹੈ ਜਦੋਂ ਜਿਨਸਾਂ ਦੇ ਵਟਾਂਦਰੇ ਦੀ ਥਾਂ ਪੈਸਾ ਲੈ ਲਵੇ। ਇਹ ਕੁਝ ਉਦੋਂ ਹੀ ਸੰਭਵ ਹੋਇਆ ਜਦੋਂ ਰਾਜਿਆਂ ਨੇ ਸਿੱਕੇ ਢਾ਼ਲੇ। ਲਕਸ਼ਮੀ ਤੋਂ ਇਲਾਵਾ ਤੇਰਾਂ ਰਤਨ ਹੋਰ ਵੀ ਸਮੁੰਦਰ ਮੰਥਨ ਤੋਂ ਨਿਕ਼ਲੇ ਮੰਨੇ ਜਾਂਦੇ ਹਨ, ਉਹ ਹਨ-ਸ਼੍ਵਾ ਘੋੜਾ, ਕਾਮਧੇਨ ਗਊ, ਕਲਪ ਬ੍ਰਿਕਸ਼, ਰੰਭਾ, ਅਪਸਰਾ, ਅੰਮ੍ਰਿਤ, ਕਾਲਕੂਟ (ਜ਼ਹਿਰ), ਸ਼ਰਾਬ (ਸੁਰਾ), ਚੰਦਰਮਾ, ਧਨੰਤਰਿ, ਪਾਂਚਜੰਨਯ ਸ਼ੰਖ, ਕੌਸਭ ਮਣੀ, ਸਾਰੰਗ ਧਨੁੱਖ ਅਤੇ ਐਰਾਵਤਿ ਹਾਥੀ 7 ਇਹ ਵੀ ਮੰਨਿਆਂ ਜਾਂਦਾ ਹੈ ਕਿ ਇਸ ਦਿਨ ਲਕਸ਼ਮੀ ਨੇ ਵਿਸ਼ਨੂੰ ਨੂੰ ਆਪਣਾ ਵਰ ਚੁਣਿਆਂ ਇਸ ਲਈ ਇਸ ਦਿਨ ਨੂੰ ਸ਼ੁੱਭ ਮੰਨਿਆਂ ਜਾਂਦਾ ਹੈ। ਇਕ ਇਹ ਵੀ ਮਿੱਥ ਹੈ ਕਿ ਇਸ ਦਿਨ ਵਿਸ਼ਨੂੰ ਲਕਸ਼ਮੀ ਕੋ਼ਲ ਵਾਪਿਸ ਬੈਕੁੰਠ ਪਰਤਿਆ ਇਸ ਲਈ ਵੀ ਇਹ ਖੁਸ਼ੀ ਦਾ ਸਮਾਂ ਹੈ। ਗੁਜਰਾਤ ਵਿਚ ਇਸ ਦਿਨ ਤੋਂ ਨਵੇਂ ਦਿਨ ਦੀ ਸ਼ੁਰੂਆਤ ਮੰਨੀ ਜਾਂਦੀ ਹੈ ਇਸ ਦਿਨ ਕੁਬੇਰ ਦੀ ਪੂਜਾ ਕੀਤੀ ਜਾਂਦੀ ਹੈ ਜੋ ਬਹੀ ਖਾਤੇ ਵਿਚ ਸਾਹਬ ਕਿਤਾਬ ਰੱਖਣ ਵਾ਼ਲਾ ਪਾਤਰ ਮੰਨਿਆਂ ਜਾਂਦਾ ਹੈ। ਬਾਅਦ ਵਿਚ ਕੁਬੇਰ ਅਮੀਰ ਆਦਮੀ ਦਾ ਪ੍ਰਤੀਕ ਬਣ ਜਾਂਦਾ ਹੈ। ਕਈ ਥਾਈਂ ਇਸ ਦਿਨ ਸੰਗੀਤ, ਸਾਹਿਤ ਜਾਂ ਸਿਖਿਆ ਦੀ ਦੇਵੀ ਸਰਸਵਤੀ ਦੀ ਪੂਜਾ ਵੀ ਕੀਤੀ ਜਾਂਦੀ ਹੈ। ਉੜੀਸਾ ਤੇ ਬੰਗਾਲ ਵਿਚ ਇਸ ਦਿਨ ਕਾ਼ਲੀ ਦੀ ਪੂਜਾ ਨੂੰ ਮਾਨਤਾ ਮਿ਼ਲਦੀ ਹੈ। ਇਨ੍ਹਾਂ ਪ੍ਰਦੇਸ਼ਾਂ ਵਿਚ ਇਹ ਪੂਜਾ ਦਾ ਮਹੱਤਵ ਦੀਵਾ਼ਲੀ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਹੈ। ਦੀਵਾ਼ਲੀ ਦਾ ਤਿਉਹਾਰ ਕਈ ਦਿਨਾਂ ਤਕ ਫੈਲਿਆ ਹੋਇਆ ਹੈ ਇਕ ਦਿਨ ਗੋਵਰਧਨ ਪੂਜਾ ਵੀ ਕੀਤੀ ਜਾਂਦੀ ਹੈ। ਇਹ ਪੂਜਾ ਕ੍ਰਿਸ਼ਨ ਦੇ ਖੇਤਰ ਬ੍ਰਜ ਵਿਚ ਵਿਸ਼ੇਸ਼ ਤੌਰ ਤੇ ਕੀਤੀ ਜਾਂਦੀ ਹੈ। ਮਿੱਥ ਹੈ ਕਿ ਇੰਦਰ ਦੀ ਕਰੋਪੀ ਕਾਰਣ ਲੋਕ ਜਦੋਂ ਅਤਿਅੰਤ ਪ੍ਰੇਸ਼ਾਨ ਹੋਏ ਤਾਂ ਕ੍ਰਿਸ਼ਨ ਨੇ ਚੀਚੀ ਉਪਰ ਗੋਵਰਧਨ ਧਾਰਣ ਕਰਕੇ ਲੋਕਾਂ ਨੂੰ ਉਸ ਹੇਠ ਪਨਾਹ ਦਿੱਤੀ ਅਤੇ ਇੰਦਰ ਦਾ ਮਾਣ ਤੋੜਿਆ।

ਇਕ ਤੱਥ ਹਮੇਸ਼ਾ ਯਾਦ ਰੱਖਣਾ ਜ਼ਰੂਰੀ ਹੈ ਕਿ ਕਈ ਤਿਉਹਾਰਾਂ ਦਾ ਆਰੰਭ ਪੂਰਵ ਇਤਿਹਾਸਕ ਕਾਲ ਤੋਂ ਹੀ ਹੋਇਆ ਹੁੰਦਾ ਹੈ ਪਰ ਜਦੋਂ ਨਵੇਂ ਅੰਦੋਲਨ ਉਭਰਦੇ ਹਨ ਜਾਂ ਨਵੇਂ ਧਰਮ ਆਪਣੀ ਵੱਖਰੀ ਹੋਂਦ ਬਣਾ ਰਹੇ ਹੁੰਦੇ ਹਨ ਤਾਂ ਪੁਰਾਤਨ ਤਿਉਹਾਰਾਂ ਨੂੰ ਨਵੇਂ ਸੰਦਰਭ ਦਿੱਤੇ ਜਾਂਦੇ ਹਨ। ਪੁਰਾਤਨ ਗ੍ਰੰਥਾਂ ਦੀ ਥਾਂ ਨਵੇਂ ਗਰੰਥ ਸਥਾਪਿਤ ਕੀਤੇ ਜਾਂਦੇ ਹਨ, ਪੁਰਾਣੇ ਤੀਰਥ ਸਥਾਨਾਂ ਦੀ ਥਾਂ ਨਵੇਂ ਤੀਰਥ ਸਥਾਨ ਹੋਂਦ ਵਿਚ ਆਉਂਦੇ ਹਨ। ਕਈ ਬਾਰ ਨਵੇਂ ਸੰਮਤ ਵੀ ਇਥੋਂ ਹੀ ਸ਼ੁਰੂ ਹੁੰਦੇ ਹਨ। ਕਈ ਵਾਰ ਇਨ੍ਹਾਂਤਿਉਹਾਰਾਂ ਨਾ਼ਲ ਇਤਿਹਾਸਕ ਘਟਨਾਵਾਂ ਵੀ ਜੁੜ ਜਾਂਦੀਆਂ ਹਨ।

ਜੈਨੀਆਂ ਅਨੁਸਾਰ ਦੀਵਾ਼ਲੀ ਵਾ਼ਲੇ ਦਿਨ ਚੌਵੀਵੇਂ ਤੀਰਥੰਕਰ ਮਹਾਂਵੀਰ ਨੂੰ ਨਿਰਵਾਣ ਪ੍ਰਾਪਤ ਹੋਇਆ ਸੀ ਇਸ ਲਈ ਉਹ ਇਹ ਦਿਨ ਪੂਰੇ ਉਤਸ਼ਾਹ ਨਾ਼ਲ ਮਨਾਉਂਦੇ ਹਨ। ਉਹ 'ਨਿਰਵਾਣ ਲੱਡੂਆਂ' ਦਾ ਪ੍ਰਸ਼ਾਦਿ ਵੰਡਦੇ ਹਨ। ਉਹ ਇਹ ਵੀ ਮੰਨਦੇ ਹਨ ਕਿ ਇਸੇ ਦਿਨ ਹੀ ਮਹਾਂਵੀਰ ਦੇ ਪ੍ਰਮੁੱਖ ਪੈਰੋਕਾਰ ਸਵਾਮੀ ਗੌਤਮ ਗੰਭੀਰ ਨੂੰ ਵੀ ਗਿਆਨ ਦੀ ਪ੍ਰਾਪਤੀ ਹੋਈ ਸੀ। ਬੋਧੀਆਂ ਅਨੁਸਾਰ ਇਸ ਦਿਨ ਕਾਲਿੰਗ ਦਾ ਯੁੱਧ ਜਿੱਤਣ ਤੋਂ ਬਾਅਦ ਖ਼ੂਨ ਖ਼ਰਾਬੇ ਤੋਂ ਮੂੰਹ ਮੋੜ ਕੇ ਅਸ਼ੋਕ ਨੇ ਬੁੱਧ ਧਰਮ ਵਿਚ ਪ੍ਰਵੇਸ਼ ਕੀਤਾ ਸੀ। ਸਿੱਖਾਂ ਵਿਚ ਦੀਵਾ਼ਲੀ ਦਾ ਆਪਣਾ ਵੱਖਰਾ ਮਹੱਤਵ ਹੈ।

ਸਿੱਖਾਂ ਵਿਚ ਇਸ ਤਿਉਹਾਰ ਨੂੰ ਮੰਨਾਉਣ ਦੀ ਪਿਰਤ ਬਾਬਾ ਬੁੱਢਾ ਨੇ ਪਾਈ। ਭਾਈ ਕਾਹਨ ਸਿੰਘ ਨਾਭਾ ਅਨੁਸਾਰ, "ਦੀਪਮਾਲਿਕਾ, ਦੀਪਾਵਲਿ ਕੱਤਕ ਵਦੀ 30 ਦਾ ਤਿਉਹਾਰ ਹੈ। ਹਿੰਦੂ ਮਤ ਵਿਚ ਇਹ ਲਕਸ਼ਮੀ ਪੂਜਨ ਦਾ ਪਰਵ ਹੈ। ਸਿੱਖਾਂ ਵਿਚ ਇਸ ਦਿਨ ਦੀਵੇ ਮਚਾਉਣ ਦੀ ਰਸਮ ਬਾਬਾ ਬੁੱਢਾ ਜੀ ਨੇ ਚਲਾਈ ਕਯੋਂਕਿ ਗੁਰੁ ਹਰਗੋਬਿੰਦ ਸਾਹਿਬ ਦੀਵਾ਼ਲੀ ਦੇ ਦਿਨ ਗਵਾਲੀਯਰ ਦੇ ਕਿਲ੍ਹੇ ਤੋਂ ਅੰਮ੍ਰਿਤਸਰ ਜੀ ਪਧਾਰੇ ਸਨ। ਇਸ ਵਾਸਤੇ ਖੁਸ਼ੀ ਵਿਚ ਰੌਸ਼ਨੀ ਕੀਤੀ ਗਈ। 8 ਇਹ ਮੰਨਿਆਂ ਜਾਂਦਾ ਹੈ ਕਿ ਜਦੋਂ ਗੁਰੂ ਹਰਗੋਬਿੰਦ ਨੂੰ ਗਵਾਲੀਅਰ ਵਿਚੋਂ ਰਿਹਾ ਕਰਨ ਦਾ ਹੁਕਮ ਦਿੱਤਾ ਗਿਆ ਤਾਂ ਬਵੰਜਾ ਹੋਰ ਰਾਜਿਆਂ ਨੇ ਵੀ ਗੁਰੂ ਨੂੰ ਆਪਣੀ ਰਿਹਾਈ ਦੀ ਬੇਨਤੀ ਕੀਤੀ। ਗੁਰੁ ਹਰਗੋਬਿੰਦ ਨੇ ਰਾਜ ਸਾਹਮਣੇ ਆਪਣੀ ਰਿਹਾਈ ਲਈ ਇਹ ਸ਼ਰਤ ਰੱਖੀ ਕਿ ਉਹ ਰਾਜਿਆਂ ਨਾਲ ਹੀ ਰਿਹਾਈ ਲੈ ਸਕਦੇ ਹਨ। ਅੱਗੋਂ ਇਹ ਸ਼ਰਤ ਆਈ ਕਿ, 'ਜਿੰਨੇ ਰਾਜੇ ਗੁਰੂ ਦਾ ਚੋ਼ਲਾਂ ਫੜ ਕੇ ਬਾਹਰ ਆ ਸਕਦੇ ਹਨ ਓਨੇ ਆ ਜਾਣ' ਕਹਿੰਦੇ ਹਨ ਕਿ ਇਸ ਲਈ ਬਵੰਜਾ ਕਲੀਆਂ ਵਾ਼ਲਾ ਚੋ਼ਲਾ ਸੁਆਇਆ ਗਿਆ। ਹਰ ਰਾਜਾ ਇਕ ਇਕ ਕਲੀ ਫੜ ਕੇ ਬਾਹਰ ਆ ਗਿਆ ਇਸੇ ਲਈ ਗੁਰੂ ਹਰਗੋਬਿੰਦ ਨੂੰ 'ਬੰਦੀ ਛੋੜ' ਦੀ ਪਦਵੀ ਦਿੱਤੀ ਗਈ ਤੇ ਦੀਵਾ਼ਲੀ ਨੂੰ 'ਬੰਦੀ ਛੋੜ ਦਿਵਸ' ਦੇ ਤੌਰ ਤੇ ਮੰਨਾਇਆ ਜਾਂਦਾ ਹੈ।

ਮੂ਼ਲ ਰੂਪ ਵਿਚ ਦੀਵਾ਼ਲੀ ਭਾਰਤੀ ਤਿਉਹਾਰ ਹੈ ਜੋ ਦੇਸੀ ਮਹੀਨੇ ਅੱਸੂ ਦੀ ਆਖਰੀ ਰਾਤ ਨੂੰ ਮੰਨਾਇਆ ਜਾਂਦਾ ਹੈ। ਇਹ ਉਦੋਂ ਹੀ ਸੰਭਵ ਸੀ ਜਦੋਂ ਬਿਕ੍ਰਮੀ ਸੰਮਤ ਆਰੰਭ ਹੋ ਗਿਆ ਹੋਵੇ। ਇਹ ਸ਼ੁਰੂ ਹੁੰਦਾ ਹੈ 57 ਬੀਸੀ ਨੂੰ। ਇਸ ਤੋਂ ਬਾਅਦ ਹੀ ਮਹੀਨਿਆਂ ਦੇ ਚੰਗੇ ਮਾੜੇ ਹੋਣ ਦਾ ਵਿਚਾਰ ਵੀ ਸਾਹਮਣੇ ਆਉਂਦਾ ਹੈ। ਚੰਦ ਆਧਰਿਤ ਮਹੀਨਿਆਂ ਦੇ ਚੰਦ੍ਰਾਇਣ ਯਾਨੀ ਚੜ੍ਹਾਅ ਨੂੰ ਚੰਗਾ ਸਮਝਿਆ ਜਾਣ ਲੱਗਾ ਅਤੇ ਉਤ੍ਰਾਇਣ ਨੂੰ ਯਾਨੀ ਚੰਦ ਦੇ ਘਟਾਅ ਨੂੰ ਮਾੜਾ ਮੰਨਿਆਂ ਜਾਣ ਲੱਗਾ। ਅੰਤਿਮ ਦਿਨ ਨੂੰ ਪਰਿਵਰਤਨ ਦਾ ਸਮਾਂ ਮੰਨ ਕੇ ਸੰਧੀ ਸਮੇਂ ਕਈ ਰੀਤਾ ਰਸਮਾਂ ਕੀਤੀਆਂ ਜਾਣ ਲੱਗੀਆਂ। ਅੱਸੂ ਮਹੀਨੇ ਦੇ ਅਖੀਰ ਨਾ਼ਲ ਵੀ ਕਈ ਵਿਸ਼ਵਾਸ ਜੁੜਦੇ ਗਏ। ਅੱਜ ਤਾਂ ਅਜਿਹੇ ਦਿਨ

(ਬਾਕੀ ਅਗਲੇ ਸਫੇ ਤੇ)

# ਐਪਲ ਕੰਪਨੀ ਦੇ ਸੰਸਥਾਪਕ ਸਟੀਵ ਜਾਬਸ ਦੇ ਆਖਰੀ ਸ਼ਬਦ

ਇਕ ਸਮਾਂ ਸੀ ਜਦੋਂ ਮੈਂ ਵਪਾਰ ਜਗਤ ਦੀਆਂ ਉਚਾਈਆਂ ਨੂੰ ਛੂਹ ਚੁੱਕਾ ਸੀ। ਲੋਕਾਂ ਦੀ ਨਜ਼ਰ ਵਿਚ ਮੇਰੀ ਜ਼ਿੰਦਗੀ ਸਫਲਤਾ ਦਾ ਇਕ ਵੱਡਾ ਨਮੂਨਾ ਬਣ ਚੁੱਕੀ ਸੀ ਪਰ ਅੱਜ ਖੁਦ ਨੂੰ ਬੇਹੱਦ ਬਿਮਾਰ ਅਤੇ ਇਸ ਬਿਸਤਰ 'ਤੇ ਪਿਆ ਹੋਇਆ ਦੇਖ ਕੇ ਮੈਂ ਕੁਝ ਅਜੀਬ ਮਹਿਸੂਸ ਕਰ ਰਿਹਾ ਹਾਂ।

ਪੂਰੀ ਜ਼ਿੰਦਗੀ ਮੈਂ ਸਖਤ ਮਿਹਨਤ ਕੀਤੀ ਪਰ ਖੁਦ ਨੂੰ ਖੁਸ਼ ਕਰਨ ਦੇ ਲਈ ਜਾਂ ਖੁਦ ਦੇ ਲਈ ਵਕਤ ਕੱਢਣਾ ਜ਼ਰੂਰੀ ਨਹੀਂ ਸਮਝਿਆ।

ਜਦੋਂ ਮੈਨੂੰ ਕਾਮਯਾਬੀ ਮਿਲੀ ਤਾਂ ਮੈਨੂੰ ਬੇਹੱਦ ਮਾਣ ਮਹਿਸੂਸ ਹੋਇਆ ਪਰ ਅੱਜ ਮੌਤ ਦੇ ਇੰਨਾ ਕਰੀਬ ਪਹੁੰਚ ਕੇ ਉਹ ਸਾਰੀਆਂ ਉਪਲਬਧੀਆਂ ਫਿੱਕੀਆਂ ਲੱਗ ਰਹੀਆਂ ਹਨ। ਅੱਜ ਇਸ ਹਨੇਰੇ ਵਿਚ, ਇਹਨਾਂ ਮਸ਼ੀਨਾਂ ਨਾਲ ਘਿਰਿਆ ਹੋਇਆ ਹਾਂ। ਮੈਂ ਮੌਤ ਦੇ ਦੇਵਤਾ ਨੂੰ ਆਪਣੇ ਬੇਹੱਦ ਕਰੀਬ ਮਹਿਸੂਸ ਕਰ ਸਕਦਾ ਹਾਂ। ਅੱਜ ਮਨ ਵਿਚ ਇਕ ਹੀ ਗੱਲ ਆ ਰਹੀ ਹੈ ਕਿ ਇਨਸਾਨ ਨੂੰ ਜਦੋਂ ਇਹ ਲੱਗਣ ਲੱਗੇ ਕਿ ਉਸਨੇ ਆਪਣੇ ਭਵਿੱਖ ਦੇ ਲਈ ਕਾਫੀ ਕਮਾਈ ਕਰ ਲਏ ਹੈ ਤਾਂ ਉਸਨੂੰ ਆਪਣੇ ਖੁਦ ਦੇ ਲਈ ਵਕਤ ਕੱਢ ਲੈਣਾ ਚਾਹੀਦਾ ਹੈ ਅਤੇ ਪੈਸਾ ਕਮਾਉਣ ਦੀ ਚਾਹਤ ਨਾ ਰੱਖਦੇ ਹੋਏ ਖੁਦ ਦੀ ਖੁਸ਼ੀ ਦੇ ਲਈ ਜਿਉਣਾ ਆਰੰਭ ਕਰ ਦੇਣਾ ਚਾਹੀਦਾ ਹੈ। ਆਪਣੀ ਕੋਈ ਪੁਰਾਣੀ ਚਾਹਤ ਪੂਰੀ ਕਰਨੀ ਚਾਹੀਦੀ ਹੈ।



ਬਚਪਨ ਦਾ ਕੋਈ ਅਧੂਰਾ ਸ਼ੌਂਕ, ਜਵਾਨੀ ਦੀ ਕੋਈ ਖੁਹਾਇਸ਼ ਜਾਂ ਫਿਰ ਕੁਝ ਵੀ ਅਜਿਹਾ ਜੋ ਦਿਲ ਨੂੰ ਤਸੱਲੀ ਦੇ ਸਕੇ। ਕਿਸੇ ਅਜਿਹੇ ਦੇ ਨਾਲ ਵਕਤ ਗੁਜ਼ਾਰਨਾ ਚਾਹੀਦਾ ਹੈ, ਜਿਸਨੂੰ ਤੁਸੀਂ ਖੁਸ਼ੀ ਦੇ ਸਕੋ ਅਤੇ ਬਦਲੇ ਵਿਚ ਉਸ ਤੋਂ ਵੀ ਉਹੀ ਹਾਸਲ ਕਰ ਸਕੋ, ਕਿਉਂਕਿ ਜੋ ਪੈਸਾ ਸਾਰੀ ਜ਼ਿੰਦਗੀ ਮੈਂ ਕਮਾਇਆ ਉਸਨੂੰ ਮੈਂ ਨਾਲ ਲੈ ਕੇ ਨਹੀਂ ਜਾ ਸਕਦਾ। ਜੇਕਰ ਮੈਂ ਕੁਝ ਲੈ ਕੇ ਜਾ ਸਕਦਾ ਹਾਂ ਤਾਂ ਉਹ ਹਨ ਯਾਦਾਂ, ਉਹ ਯਾਦਾਂ ਹੀ ਤਾਂ ਸਾਡੀ ਅਮੀਰੀ ਹੁੰਦੀਆਂ ਹਨ, ਜਿਸਦੇ ਸਹਾਰੇ ਅਸੀਂ ਸਕੂਨ ਦੀ ਮੌਤ ਪਾ ਸਕਦੇ ਹਾਂ ਕਿਉਂਕਿ ਇਹ ਯਾਦਾਂ ਅਤੇ ਉਹਨਾਂ ਨਾਲ ਜੁੜਿਆ ਪਿਆਰ ਹੀ ਇੱਕੋ ਇਕ ਅਜਿਹੀ ਚੀਜ਼ ਹੈ ਜੋ ਮੀਲਾਂ ਦਾ ਸਫਰ ਤਹਿ ਕਰਕੇ ਤੁਹਾਡੇ ਨਾਲ ਜਾ ਸਕਦੀਆਂ ਹਨ।

ਤੁਸੀਂ ਜਿੱਥੇ ਚਾਹੋ, ਇਸਨੂੰ ਲੈ ਕੇ ਜਾ ਸਕਦੇ ਹੋ, ਜਿੰਨੀ ਉਚਾਈ 'ਤੇ ਚਾਹੋ ਇਹ ਤੁਹਾਡਾ ਸਾਥ ਦੇ ਸਕਦੀਆਂ ਹਨ ਕਿਉਂਕਿ ਇਹਨਾਂ ਤੇ ਕੇਵਲ ਤੁਹਾਡਾ ਹੱਕ ਹੈ।

ਜੀਵਨ ਦੇ ਇਸ ਮੋੜ 'ਤੇ ਆ ਕੇ ਮੈਂ ਬਹੁਤ ਕੁਝ ਮਹਿਸੂਸ ਕਰ ਸਕਦਾ ਹਾਂ। ਜੀਵਨ ਵਿਚ ਜੇਕਰ ਕੋਈ ਸਭ ਤੋਂ ਮਹਿੰਗੀ ਵਸਤੂ ਹੈ ਤਾਂ ਉਹ ਸ਼ਾਇਦ 'ਡੈਥ ਬੈਡ' ਹੀ ਹੈ, ਕਿਉਂਕਿ ਤੁਸੀਂ ਪੈਸਾ ਸੁੱਟ ਕੇ ਕਿਸੇ ਨੂੰ ਆਪਣੀ ਗੱਡੀ ਦਾ ਡਰਾਈਵਰ ਬਣਾ ਸਕਦੇ ਹੋ, ਜਿੰਨੇ ਮਰਜ਼ੀ ਨੌਕਰ-ਚਾਕਰ ਆਪਣੀ ਸੇਵਾ ਲਈ ਲਗਾ ਸਕਦੇ ਹੋ ਪਰ ਇਸ ਡੈਥ ਬੈਡ 'ਤੇ ਆਉਣ ਤੋਂ ਬਾਅਦ ਕੋਈ ਦਿਲੋਂ ਪਿਆਰ ਕਰੇ, ਤੁਹਾਡੀ ਸੇਵਾ ਕਰੇ, ਉਹ ਚੀਜ਼ ਤੁਸੀਂ ਪੈਸੇ ਨਾਲ ਨਹੀਂ ਖਰੀਦ ਸਕਦੇ।

ਅੱਜ ਮੈਂ ਉਹ ਕਹਿ ਸਕਦਾ ਹਾਂ ਕਿ ਅਸੀਂ ਜੀਵਨ ਦੇ ਕਿਸੇ ਵੀ ਮੋੜ ਤੇ ਕਿਉਂ ਨਾ ਹੋਈਏ, ਉਸਨੂੰ ਅੰਤ ਤੱਕ ਖੂਬਸੂਰਤ ਬਣਾਉਣ ਦੇ ਲਈ ਸਾਨੂੰ ਲੋਕਾਂ ਦਾ ਸਹਾਰਾ ਚਾਹੀਦਾ ਹੈ, ਪੈਸੇ ਸਾਨੂੰ ਸਭ ਕੁਝ ਨਹੀਂ ਦੇ ਸਕਦੇ।

ਮੇਰੀ ਬੇਨਤੀ ਹੈ ਤੁਸੀਂ ਸਭ ਨੂੰ ਕਿ ਆਪਣੇ ਪਰਿਵਾਰ ਨਾਲ ਪਿਆਰ ਕਰੋ, ਉਹਨਾਂ ਦੇ ਨਾਲ ਵਕਤ ਗੁਜ਼ਾਰੋ, ਇਸ ਬੇਸ਼ਕੀਮਤੀ ਖਜ਼ਾਨੇ ਨੂੰ ਬਰਬਾਦ ਨਾ ਹੋਣ ਦਿਓ, ਖੁਦ ਨਾਲ ਵੀ ਪਿਆਰ ਕਰੋ।

**– ਤੁਹਾਡਾ**
**ਸਟੀਵ ਜਾਬਸ**

# ਵਿਲਾਇਤ ਵਿਚ ਸਾਹਿਤਿਕ ਮਾਹੌਲ

ਘੱਟ ਲਿਖਦੇ ਹਨ ਪਰ ਉਹੀ ਲਿਖਦੇ ਹਨ ਜਿਸ ਵਿਚ ਉਹਨਾਂ ਦਾ ਯਕੀਨ ਹੋਵੇ। ਮਸਲਨ ਰਣਜੀਤ ਧੀਰ ਦੀ ਪਿਛਲੇ ਸਮੇਂ ਵਿਚ ਇਕ ਪੁਸਤਕ ਆਈ ਹੈ "ਸਾਊਥਾਲ ਦਾ ਸੂਰਜ"! ਇਸ ਕਿਤਾਬ ਨੂੰ ਮੈਂ ਰਣਜੀਤ ਧੀਰ ਦੇ ਜ਼ਿਹਨ 'ਚ ਉਕਰੇ ਅਹਿਸਾਸ ਮੰਨਦਾਂ। ਮੁਕਤਸਰ ਦੇ ਸਰਕਾਰੀ ਕਾਲਜ ਵਿਚ ਅੰਗ੍ਰੇਜ਼ੀ ਪੜ੍ਹਾਉਂਦਿਆਂ ਧੀਰ 1966 ਵਿਚ ਵਿਲਾਇਤ ਤੁਰ ਆਇਆ ਸੀ। ਆਪਣਾ ਘਰ, ਆਪਣੀ ਜਨਮ-ਜ਼ਮੀਨ ਛੱਡਣ ਵੇਲੇ ਜਿਵੇਂ ਹਰ ਇਨਸਾਨ ਦੇ ਮੰਨ ਵਿਚ ਕਈ ਅਧੂਰੇ ਸੁਪਨੇ ਹੁੰਦੇ ਹਨ ਰਣਜੀਤ ਧੀਰ ਦੇ ਮੰਨ ਵਿਚ ਵੀ ਸਨ। ਵਿਲਾਇਤ ਦੇ ਸੂਰਜ ਨੂੰ ਆਪਣੀ ਜੇਬ੍ਹ ਵਿਚ ਪਾ ਲੈਣ ਦਾ ਸੁਪਨਾ। ਇਕੋ ਸੂਰਜ ਹੇਠ ਸਾਰੀ ਦੁਨੀਆਂ ਨੂੰ ਇਕੋ ਜਿਹੀ ਧੁੱਪ ਪ੍ਰਦਾਨ ਕਰਨ ਦਾ ਸੁਪਨਾ। ਪਰ ਹਰੇਕ ਦੇ ਕੁਝ ਪੂਰੇ ਹੁੰਦੇ ਹਨ ਤੇ ਕੁਝ ਅੱਧ-ਵਿਚੱਧੇ ਰਹਿ ਜਾਂਦੇ ਹਨ। ਇਸ ਕਿਤਾਬ 'ਚ ਉਹ ਆਪਣੇ ਇਨ੍ਹਾਂ ਸੁਪਨਿਆਂ ਨੂੰ ਜ਼ਿਹਨ 'ਚ ਲਈ ਇਥੋਂ ਦੀਆਂ ਪ੍ਰਸਥਿਤੀਆਂ ਨਾਲ ਟਕਰਾਉਂਦਿਆਂ ਆਪਣੀ ਮਹਿਸੂਸੀਆਤ ਸਾਂਝਾ ਕਰਦਾ ਕਿ ਉਹਦੇ ਵਰਗਾ ਚੇਤੰਨ ਮਨੁੱਖ ਵੀ ਜਦੋਂ ਦੂਜਿਆਂ ਸਭਿਆਚਾਰਾਂ ਵਿਚ ਵਿਚਰਦਾ ਤਾਂ ਉਸ ਦੀਆਂ ਮਹਿਸੂਸੀਆਤਾਂ ਉਹਨਾਂ ਸਭਿਆਚਾਰਾਂ ਨਾਲ ਕਿਵੇ ਟਕਰਾਉਂਦੀਆ ਹਨ। ਇਸੇ ਕਿਤਾਬ 'ਚ ਦਰਜ ਇਕ ਚੈਪਟਰ 'ਚ ਉਹ ਅੰਮ੍ਰਿਤਾ ਪ੍ਰੀਤਮ ਦਾ ਘਰ ਵਿਕਣ ਦੀ ਗੱਲ ਕਰਦਾ। ਉਹਦੀਆਂ ਨਜ਼ਰਾਂ ਵਿਚ ਉਹ ਘਰ ਨਹੀਂ ਸੀ ਵਿਕ ਰਿਹਾ ਸਗੋਂ ਪੰਜਾਬੀ ਸਾਹਿਤ ਤੇ ਸਭਿਆਚਾਰ ਦੇ ਨਕਸ਼ੇ 'ਚੋਂ ਖਾਰਿਜ ਕੀਤਾ ਜਾ ਰਿਹਾ ਇਕ ਅਧਿਆਇ ਸੀ। ਜਿੱਥੇ ਉਹ ਮੁਲਤਾਨ ਤੋਂ ਲੈ ਕੇ ਦਿੱਲੀ ਤਕ ਬੋਲੀ ਜਾਂਦੀ ਪੰਜਾਬੀ ਭਾਸ਼ਾ ਵਿਸ਼ਾਲਤਾ ਦਾ ਜ਼ਿਕਰ ਕਰਦਾ ਉਥੇ ਹੀ ਸੌੜੇ ਰਾਜਨੀਤਕ ਲਾਲਚਾਂ ਪੰਜਾਬੀ ਭਾਸ਼ਾ ਨੂੰ ਰਪਲਣ ਵਾਲਿਆਂ 'ਤੇ ਵਿਅੰਗ ਕਰਦਾ ਉੱਥੇ ਹੀ ਉਹ ਪੰਜਾਬੀ ਦੇ ਸਾਹਿਤਕਾਰਾਂ ਦੀਆਂ ਰਹਿਣਗਾਹਾਂ ਦੀ ਟਣਕਦੇ ਰੁਪੱਈਏ 'ਚ ਹੁੰਦੀ ਖਰੀਦੋ-ਫਰੋਖਤ ਦੀ ਗੱਲ ਨਾਲ ਭਾਵੁਕ ਬੰਦੇ ਦਾ ਦਿੱਲ ਵੀ ਹਿਲਾ ਕੇ ਰੱਖ ਦਿੰਦਾ ਤੇ ਨਾਲ ਹੀ ਉਹ ਵਿਲਾਇਤ ਜਾਂ ਗੋਰੇ ਦੇਸ਼ਾਂ 'ਚ ਸਾਹਿਤਕਾਰ ਦੀ ਹੁੰਦੀ ਕਦਰ ਦੀ ਗੱਲ ਕਰਦਾ। ਕਿੱਥੇ ਚਾਰਲਸ ਡਿੱਕਨਜ਼ ਜਾਂ ਸ਼ੈਕਸਪੀਅਰ ਦੇ ਸੰਭਾਲ ਕੇ ਰੱਖੇ ਹੋਏ ਘਰ ਤੇ ਕਿੱਥੇ ਬਲਵੰਤ ਗਾਰਗੀ ਜਾਂ ਅੰਮ੍ਰਿਤਾ ਪ੍ਰੀਤਮ ਦੇ ਬਿਲਡਰਾਂ ਤੇ ਪੈਸੇ ਦੀ ਟਣਕਾਰ ਦੇ ਹੱਥੇ ਚੜ੍ਹੇ ਘਰ। ਉਹ ਆਪਣੇ ਪੰਜਾਬੀ ਸਭਿਆਚਾਰ ਅਤੇ ਸਾਹਿਤ ਦੇ ਉਸੱਰਈਆਂ ਦੇ ਵਿਛੜ ਜਾਣ ਬਾਰੇ ਚਿੰਤਿਤ ਤਾਂ ਹੁੰਦਾ ਹੀ ਹੈ ਕਿ ਪਲਾਂ ਵਿਚ ਹੀ ਅੰਮ੍ਰਿਤਾ, ਨੰਦ ਲਾਲ ਨੂਰਪੁਰੀ, ਨਾਨਕ ਸਿੰਘ, ਗੁਰਬਖਸ਼ ਸਿੰਘ, ਬਲਵੰਤ ਗਾਰਗੀ, ਸਾਹਿਰ, ਮੋਹਨ ਸਿੰਘ, ਸ਼ਿਵ ਤੇ ਇਸ ਤਰ੍ਹਾਂ ਵਿਛੜਿਆਂ ਦੀ ਲੰਮੀ ਲਿਸਟ ਤਾਂ ਤਿਆਰ ਕਰਦਾ, ਪਰ ਆਪਣੀ ਸਰਕਾਰ ਤੇ ਉਸ ਦੀ ਮਾਨਸਿਕ ਯਤਾਮਤਾ ਬਾਰੇ ਉਦਾਸ ਵੀ ਹੁੰਦਾ।ਵਿਲਾਇਤ ਵਿਚ ਸਰਕਾਰਾਂ ਮਾਣ ਨਾਲ ਇਸ ਵਿਰਾਸਤ ਨੂੰ ਸਾਂਭ ਆਉਣ ਵਾਲੀਆਂ ਨਾ ਸਿਰਫ ਇੰਗਲੈਂਡੀ ਪੀੜ੍ਹੀਆਂ ਬਲਕਿ ਸੰਸਾਰ ਭਰ ਦੇ ਲੋਕਾਂ ਨੂੰ ਹਿੱਕ ਠੋਕ ਕੇ ਦੱਸਦੀਆਂ ਪਰ ਪੂਰੇ ਭਾਰਤ ਵਿਚ ਇਸ ਪਾਸੇ ਕਿਸੇ ਇਕ ਅਫਸਰ ਜਾਂ ਹੋਰ ਜ਼ਿੰਮੇਵਾਰ ਵਿਅਕਤੀ ਦਾ ਧਿਆਨ ਹੀ ਨਾ ਜਾਣਾ ਸਾਡੇ ਪਾਲਿਸੀ ਘਾੜਿਆਂ ਦੇ ਦਿਮਾਗੀ ਖੋਖਲੇਪਨ ਨੂੰ ਉਘਾੜਦਾ ਹੈ।

ਉਥੇ ਹੀ ਯਾਦ ਆਉਂਦਾ ਕਿ ਕਾਸ਼ ਅੱਜ ਕੋਈ ਮਹਿੰਦਰ ਸਿੰਘ ਰੰਧਾਵਾ ਜੀਉਂਦਾ ਹੁੰਦਾ। ਪਰ ਕਹਿੰਦੇ ਨੇ ਨਾ ਕਿ ਕਿਸੇ ਵੀ ਸਮਾਜ ਦਾ ਸ਼ੀਸਾ ਉਸ ਦਾ ਸਾਹਿਤ ਹੁੰਦਾ ਪਰ ਇਥੇ ਤਾਂ ਸਾਰਾ ਸੀਸ਼ਾ ਹੀ ਟੁੱਟਾ ਪਿਆ।

# ਦੀਵਾਲ਼ੀ ਦੇ ਮਿਥਿਹਾਸਕ ਅਤੇ ਲੋਕਧਾਰਾਈ ਸੰਦਰਭ

ਵਪਾਰਕ ਤੌਰ ਤੇ ਬੇਹੱਦ ਲਾਹੇਵੰਦ ਹੋ ਗਏ ਹਨ। ਪੂਰੇ ਭਾਰਤ ਦੇ ਸੰਦਰਭ ਵਿਚ ਦੇਖੀਏ ਤਾਂ ਇਹ ਪਰਵ ਪੰਜ ਦਿਨ ਤਕ ਚਲਦਾ ਹੈ।

ਨੇਪਾਲ ਤੇ ਕਈ ਹੋਰ ਥਾਈਂ ਇਹ ਸੱਤ ਦਿਨ ਤੱਕ ਜਾਰੀ ਰਹਿੰਦਾ ਹੈ। ਦੀਵਾਲ਼ੀ ਦਾ ਤਿਉਹਾਰ ਅੱਸੂ ਦੀ ਤੇਰਵੀਂ ਤੋਂ ਆਰੰਭ ਹੁੰਦਾ ਹੈ। ਇਸ ਨੂੰ 'ਧੰਨਤੇਰਸ' ਕਿਹਾ ਜਾਂਦਾ ਹੈ ਇਹ ਦਿਨ ਅਸਲ ਵਿਚ ਧਨੰਤਰ ਵੈਦ ਦਾ ਦਿਨ ਹੈ ਜਿਸ ਦਿਨ ਇਸ ਦੀ ਪੂਜਾ ਕੀਤੀ ਜਾਂਦੀ ਹੈ। ਇਹ ਉਹੋ ਧੰਨਤਰ ਵੈਦ ਹੈ ਜੋ ਸਮੁੰਦਰ ਮੰਥਨ ਸਮੇਂ ਇਕ ਰਤਨ ਵਜੋਂ ਬਾਹਰ ਆਇਆ ਸੀ। ਧੰਨਵੰਤਰੀ ਵੈਦ ਨੂੰ ਦੇਵਤਿਆਂ ਦਾ ਵੈਦ ਮੰਨਿਆਂ ਜਾਂਦਾ ਹੈ ਅਤੇ ਔਸ਼ਧੀ ਸ਼ਾਸਤਰ ਦਾ ਆਰੰਭ ਕਰਤਾ ਵੀ ਇਸੇ ਨੂੰ ਮੰਨਦੇ ਹਨ। "ਆਯੁਰਵੇਦ ਵਾਲ਼ੇ ਧੰਨ ਤੇਰਸ ਨੂੰ ਇਸਦੀ ਜਨਮ ਤਿਥ ਮੰਨਾਉਂਦੇ ਹਨ ਤੇ ਇਸ ਤਿਉਹਾਰ ਦਾ ਨਾਂ ਧਨੰਤਰ ਦੇ ਨਾਂ ਉੱਤੇ ਧੰਨਤੇਰਸ ਪਿਆ। ਕਈ ਕਹਿੰਦੇ ਹਨ ਕਿ ਧੰਨ ਤੇਰਸ ਨੂੰ ਨਵਾਂ ਭਾਂਡਾ ਖਰੀਦਣ ਨਾ਼ਲ ਘਰ ਵਿਚ ਰੋਗ ਨੇੜੇ ਨਹੀਂ ਫਟਕਦਾ। ਧਨੰਤਰ ਨੇ ਹੀ ਆਯੁਰਵੇਦ ਦੀ ਰਚਨਾ ਕੀਤੀ।" ਧੰਨਵੰਤਰੀ ਦੀ ਪੂਜਾ ਇਸ ਲਈ ਕੀਤੀ ਜਾਂਦੀ ਹੈ ਕਿ ਇਸ ਨਾ਼ਲ ਬਿਮਾਰੀਆਂ ਦੂਰ ਰਹਿੰਦੀਆਂ ਹਨ। ਪਰ ਹੁਣ ਤਾਂ ਧੰਨਤੇਰਸ ਦਾ ਅਰਥ ਭਾਂਡੇ ਖਰੀਦਣਾ ਅਤੇ ਗਹਿਣੇ ਖਰੀਦਣਾ ਹੀ ਰਹਿ ਗਿਆ ਹੈ ਜਿਸ ਨੂੰ ਸ਼ੁਭ ਮੰਨਿਆਂ ਜਾਂਦਾ ਹੈ। ਅਸਲ ਵਪਾਰਕ ਦਿਨ।

ਚੌਧਵੀਂ ਨੂੰ ਨਰਕਾਚਤੁਰਦਸੀ ਦੇ ਰੂਪ ਵਿਚ ਮੰਨਾਇਆ ਜਾਂਦਾ ਹੈ। ਮਹਾਂ ਭਾਰਤ ਅਨੁਸਾਰ ਇਕ ਬਾਰ ਨਰਕਾਸੁਰ ਦੈਂਤ ਨੇ ਘੋਰ ਤਪੱਸਿਆ ਕੀਤੀ। ਉਹ ਹੋਰਨਾਂ ਦੈਂਤਾਂ ਵਾਂਗ ਹੀ ਇੰਦਰ ਦਾ ਰਾਜ ਪ੍ਰਾਪਤ ਕਰਨਾ ਚਾਹੁੰਦਾ ਸੀ। ਇੰਦਰ ਨੇ ਰਾਜ ਦੇ ਖੁੱਸਣ ਦੇ ਡਰੋਂ ਵਿਸ਼ਣੂ ਨੂੰ ਯਾਦ ਕੀਤਾ। ਬ੍ਰਹਮ ਪੁਰਾਣ ਮੁਤਾਬਿਕ ਇੰਦਰ ਨੇ ਕ੍ਰਿਸ਼ਨ ਨੂੰ ਕਿਹਾ ਕਿ, "ਭੌਮਾਸੁਰ (ਨਰਕਾਸੁਰ) ਅਨੇਕ ਦੇਵਤਿਆਂ ਨੂੰ ਮਾਰ ਚੁੱਕਾ ਹੈ ਕੁੜੀਆ ਦਾ ਬਲਾਤਕਾਰ ਕਰਦਾ ਹੈ। ਉਸਨੇ ਅਦਿਤੀ ਅਤੇ ਅੰਮ੍ਰਿਤਸਰਾਵੀ ਨਾਂ ਦੇ ਦਿੱਵ ਕੁੰਡਲ ਲੈ ਲਏ ਹਨ ਹੁਣ ਮੇਰਾ ਏਰਾਵਤ (ਹਾਥੀ) ਵੀ ਲੈ ਲੈਣਾ ਚਾਹੁੰਦਾ ਹੈ। ਉਸ ਤੋਂ ਰੱਖਿਆ ਕਰੋ।" ਕ੍ਰਿਸ਼ਨ ਨੇ ਵਿਸ਼ਵਾਸ ਦੁਆਇਆ ਤੇ ਨਰਕਾਸੁਰ ਤੇ ਹਮਲਾ ਕੀਤਾ। ਸੁਦਰਸ਼ਨ ਚੱਕਰ ਨਾ਼ਲ ਉਸਦੇ ਦੋ ਟੋਟੇ ਕਰ ਦਿੱਤੇ ਅਤੇ ਦੈਂਤਾਂ ਦਾ ਵੱਧ ਕੀਤਾ।" 10 ਕਈਆਂ ਅਨੁਸਾਰ ਨਰਕਾਸੁਰ ਦਾ ਵੱਧ ਕ੍ਰਿਸ਼ਨ ਦੀ ਪਤਨੀ ਸਤਿਯਭਾਮਾ ਨੇ ਕੀਤਾ। ਨਰਕਾਸੁਰ ਦੇ ਮਰਨ ਦੀ ਖ਼ੁਸ਼ੀ ਨਰਕਾਸੁਰ ਚਤੁਰਥੀ ਨੂੰ ਦੀਵੇ ਬਾ਼ਲ ਕੇ ਕੀਤੀ ਜਾਂਦੀ ਹੈ। ਇਸ ਦਿਨ ਤਿ਼ਲਾਂ ਦਾ ਖ਼ੁਸ਼ਬੂਦਾਰ ਤੇਲ ਮ਼ਲ ਕੇ ਨਹਾਹਿਆ ਜਾਦਾ ਹੈ। ਔਰਤਾਂ ਹੱਥਾਂ ਤੇ ਮਹਿੰਦੀ ਰਚਾਉਂਦੀਆਂ ਹਨ। ਇਸ ਦਿਨ ਗਣੇਸ਼, ਲਕਸ਼ਮੀ, ਸਰਸਵਤੀ ਅਤੇ ਕੁਬੇਰ ਦੀ ਪੂਜਾ ਵੀ ਕੀਤੀ ਜਾਂਦੀ ਹੈ। ਇਉਂ ਇਹ ਦਿਨ ਧੰਨ ਪ੍ਰਾਪਤੀ, ਬਲ-ਪ੍ਰਾਪਤੀ, ਵਿਦਿਆ ਪ੍ਰਾਪਤੀ, ਅਤੇ ਨਵੇਂ ਖਾਤੇ ਖੋਲ੍ਹਣ ਦੇ ਰੂਪ ਵਿਚ ਮੰਨਾਇਆ ਜਾਂਦਾ ਹੈ।

ਅੱਸੂ ਮਹੀਨੇ ਦਾ ਆਖਰੀ ਦਿਨ ਜਾਂ ਮਸੱਿਆ ਦਾ ਦਿਨ ਹੀ ਅਸਲੀ ਦੀਵਾ਼ਲੀ ਦਾ ਦਿਨ ਹੈ। ਸਾਰੀ ਰਾਤ ਦੀਵੇ ਬਾ਼ਲੇ ਜਾਂਦੇ ਹਨ। ਘਰ ਦੇ ਦਰਵਾਜ਼ੇ ਖੁਲ੍ਹੇ ਰੱਖੇ ਜਾਂਦੇ ਹਨ ਤਾਂ ਕਿ ਲਕਸ਼ਮੀ ਆਏ ਤਾਂ ਮੁੜ ਕੇ ਨਾ ਜਾਏ। ਆਮ ਗੱਲਾਂ ਵਿਚ ਅਸੀਂ ਪੈਸੇ ਨੂੰ 'ਹੱਥਾਂ ਦੀ ਮੈ਼ਲ' ਹੀ ਕਹਿੰਦੇ ਹਾਂ ਪਰ ਲਕਸ਼ਮੀ (ਧੰਨ) ਅਤੇ ਕੁਬੇਰ ਦੀ ਪੂਜਾ ਪੂਰੀ ਦੁਨੀਆਂ ਵਿਚ ਸਾਡੇ ਹੀ ਹਿੱਸੇ ਆਈ ਹੈ। ਮਿਠਾਈਆਂ ਵੰਡੀਆਂ ਜਾਂਦੀਆ ਹਨ। ਦੀਵੇ ਬਾਲਣ ਸਮੇਂ ਵੱਡੇ ਵਡੇਰਿਆਂ ਨੂੰ ਦੀਵੇ ਮਣਸੇ ਜਾਂਦੇ ਹਨ। ਇਕ ਦੀਵਾ ਸਿਵਿਆਂ ਵਿਚ ਵਡੇਰਿਆਂ ਦੇ ਨਾਂ ਦਾ ਰੱਖਿਆ ਜਾਂਦਾ ਹੈ। ਧਾਰਮਿਕ ਸਥਾਨਾਂ ਤੇ ਦੀਵੇ ਰੱਖੇ ਜਾਂਦੇ ਹਨ। ਸ਼ੁਰੂ ਵਿਚ ਬੱਦ ਬ਼ਲਾਵਾਂ ਨੂੰ ਦੂਰ ਭਜਾਉਣ ਲਈ ਊਚੀਆਂ ਅਵਾਜ਼ਾਂ ਕੱਢੀਆਂ ਜਾਂਦੀਆੱ ਸਨ ਪਰ ਬਾਅਦ ਵਿਚ ਇਨ੍ਹਾਂਦੀ ਥਾਂ ਪਟਾਕਿਆਂ ਨੇ ਲੈ ਲਈ ਪਰ ਰੌ਼ਲਾ ਪਟਾਕਿਆਂ ਦੇ ਨਾ਼ਲ ਵੀ ਬਰਕਰਾਰ ਹੈ। ਸਟੇਟਸ ਦਾ ਵਿਖਾਵਾ ਕਰਨ ਲਈ ਵੀ ਕਰੋੜਾਂ ਦੇ ਪਟਾਕੇ ਫੂਕੇ ਜਾਂਦੇ ਹਨ। ਸਮੁੰਦਰ ਮੰਥਨ ਵਿਚੋਂ ਨਿਕਲ਼ਿਆਂ ਇਕ ਰਤਨ ਸੁਰਾ (ਸ਼ਰਾਬ) ਵੀ ਖੂਬ ਉਡਦੀ ਹੈ। ਮਾਸਾਹਾਰੀਆਂ ਲਈ ਇਹ ਮਹਾਂਪ੍ਰਸ਼ਾਦਿ ਛੱਕਣ ਦਾ ਤਿਉਹਾਰ ਬਣ ਜਾਂਦਾ ਹੈ। ਜੂਆ ਖੇਡਣਾ ਵੀ ਪਵਿੱਤਰ ਮੰਨਿਆਂ ਜਾਂਦਾ ਹੈ। ਕਈ ਥਾਂ ਪਰਿਵਾਰ ਜੂਏ ਵਿਚ ਆਪਣੇ ਵੱਡੇ ਵਡੇਰੇ ਨੂੰ ਜਿਤਾਉਂਦਾ ਹਨ ਤਾਂ ਕਿ ਸਾਰਾ ਸਾਲ ਪੈਸਾ ਆਂਉਂਦਾ ਰਹੇ।

ਗੁਜਰਾਤੀ ਮਾਰਵਾੜੀਆਂ ਲਈ ਕੱਤਕ ਦੀ ਪਹਿਲੀ ਤਾਰੀਖ਼ ਨਵੇਂ ਸਾਲ ਦਾ ਆਰੰਭ ਹੁੰਦਾ ਹੈ। ਨਵੇਂ ਸਾਲ ਦੇ ਆਰੰਭ ਨੂੰ ਪੂਰੇ ਉਤਸ਼ਾਹ ਨਾ਼ਲ ਮੰਨਾਇਆ ਜਾਂਦਾ ਹੈ। ਕਈ ਥਾਈਂ ਪਹਿਲੀ ਦੇ ਤਿਉਹਾਰ ਨੂੰ 'ਦਿਵਾ਼ਲੀ ਪੜਵਾ' ਵੀ ਕਿਹਾ ਜਾਂਦਾ ਹੈ। ਜੋ ਅਸਲ ਵਿਚ ਪਤੀ ਪਤਨੀ ਦਾ ਤਿਉਹਾਰ ਮੰਨਿਆਂ ਜਾਂਦਾ ਹੈ। ਦੋਨੋਂ ਇਕ ਦੂਜੇ ਨੂੰ ਵਿਸ਼ੇਸ਼ ਤੌਰ ਤੇ ਪਤੀ ਪਤਨੀ ਨੂੰ ਮਹਿੰਗੇ ਉਪਹਾਰ ਲੈ ਕੇ ਦਿੰਦਾ ਹੈ। ਇਸ ਦਿਨ ਗੋਵਰਧਨ ਪੂਜਾ ਦੇ ਨਾ਼ਲ ਨਾ਼ਲ ਵਿਸ਼ਵਕਰਮਾ ਦਾ ਦਿਨ ਵੀ ਮੰਨਾਇਆ ਜਾਂਦਾ ਹੈ। ਵਿਸ਼ਵਕਰਮਾ ਨੂੰ ਦੇਵਤਿਆਂ ਦੇ ਭਵਨ ਨਿਰਮਾਣ ਕਰਨ ਵਾ਼ਲਾ ਦੇਵਤਾ ਮੰਨਿਆਂ ਜਾਂਦਾ ਹੈ ਪਰ ਕਾਰੀਗਰ ਜਮਾਤ ਨੇ ਇਸਨੂੰ ਆਪਣਾ ਇਸ਼ਟ ਮੰਨਿਆਂ ਹੈ। ਕਈ ਥਾਈਂ ਵਿਸ਼ਵਕਰਮਾ ਨੂੰ ਬ੍ਰਹਮਾ ਦਾ ਪੁੱਤਰ ਕਿਹਾ ਗਿਆ ਹੈ। ਉਹ ਲਕੜੀ, ਲੋਹੇ ਦੇ ਕਾਰੀਗਰਾਂ, ਭਵਨ ਨਿਰਮਾਣਕਾਰਾਂ ਅਤੇ ਮਜ਼ਦੂਰਾਂ ਦਾ ਦੇਵਤਾ ਮੰਨਿਆਂ ਜਾਂਦਾ ਹੈ। ਸੱਤਪੱਥ ਵੇਦ ਦੀ ਰਚਨਾ ਉਸੇ ਦੀ ਮੰਨੀ ਜਾਂਦੀ ਹੈ। ਉਸਦੇ ਚਾਰ ਹੱਥ ਕਲਪੇ ਗਏ ਹਨ ਜਿਹਨਾਂ ਵਿਚ ਘੜਾ, ਕਿਤਾਬ, ਰੱਸੀ ਅਤੇ ਕਾਰੀਗਰੀ ਦੇ ਸੰਦ ਦਿਖਾਏ ਗਏ ਹਨ। ਮੰਨਿਆਂ ਜਾਂਦਾ ਹੈ ਕਿ ਵਿਸ਼ਵਕਰਮਾ ਨੇ ਸੱਤਯੁੱਗ ਵਿਚ ਸਵਰਗ ਲੋਕ (ਜਾਂ ਇੰਦਰ ਲੋਕ), ਤਰੇਤੇ ਯੁੱਗ ਵਿਚ ਸੋਨੇ ਦੀ ਲੰਕਾ, ਦੁਆਪਰ ਯੁੱਗ ਵਿਚ ਹਸਤਨਾਪੁਰ ਅਤੇ ਕਲਯੁੱਗ ਵਿਚ ਇਦਰਪ੍ਰਸਥ ਦਾ ਨਿਰਮਾਣ ਕੀਤਾ। ਇਸ ਦਿਨ ਸਾਰੀ ਕਾਰੀਗਰ ਜਮਾਤ ਆਪਣੇ ਸੰਦਾਂ ਦੀ ਪੂਜਾ ਕਰਦੀ ਹੈ ਅਤੇ ਆਉਣ ਵਾ਼ਲੇ ਸਾਲ ਲਈ ਆਪਣੇ ਕੰਮ ਵਿਚ ਵਾਧੇ ਦੀ ਕਾਮਨਾ ਕਰਦੀ ਹੈ। ਇਸ ਦਿਨ ਕੋਈ ਕੰਮ ਨਹੀਂ ਕੀਤਾ ਜਾਂਦਾ। ਜਸਵੰਤ ਸਿੰਘ ਵਿਰਦੀ ਨੇ ਵਿਸ਼ਵਕਰਮਾ ਦੇ ਜੀਵਨ ਉੱਪਰ ਆਧਾਰਿਤ ਇਕ ਨਾਵਲ ਦੀ ਰਚਨਾ ਵੀ ਕੀਤੀ ਜਿਸਦਾ ਨਾਂ ਹੈ "ਨਿਹਚਲ ਨਾਹੀ ਚੀਤ" ਜੋ ਆਪਣੀ ਤਰ੍ਹਾਂਦਾ ਮਿਥਿਹਾਸਕ ਨਾਵਲ ਹੈ।

ਕਤੱਕ ਦੀ ਦੂਜ ਦੇ ਤਿਉਹਾਰ ਨੂੰ ਭਾਊ-ਬੀਜ, ਭਈਆ ਦੂਜ ਜਾਂ ਫਿਰ ਟਿੱਕਾ ਭਾਈ ਦੂਜ ਕਿਹਾ ਜਾਂਦਾ ਹੈ। "ਸਕੰਦ ਪੁਰਾਣ ਵਿਚ ਕਿਹਾ ਗਿਆ ਹੈ ਕਿ ਜੋ ਭੈਣ ਭਈਆ ਦੂਜ ਦੇ ਦਿਨ ਭਰਾ ਨੂੰ ਟਿੱਕਾ ਲਾ ਕੇ ਭੋਜਨ ਕਰਵਾਉਂਦੀ ਹੈ ਉਹ ਕਦੇ ਵਿਧਵਾ ਨਹੀਂ ਹੁੰਦੀ।" ਵਣਜਾਰਾ ਬੇਦੀ ਨੇ ਪੁਰਾਣਾਂ ਦੀ ਇਕ ਹੋਰ ਕਥਾ ਦਾ ਵੀ ਜ਼ਿਕਰ ਕੀਤਾ ਹੈ। ਇਕ ਵਾਰ ਕੱਤਕ ਦੀ ਚਾਨਣ ਪੱਖ ਦੀ ਦੂਜ ਨੂੰ ਯਮਰਾਜ ਆਪਣੀ ਭੈਣ ਯਮੁਨਾ ਦੇ ਘਰ ਗਿਆ । ਭੈਣ ਨੇ ਉਸਨੂੰ ਟਿੱਕਾ ਲਗਾ ਕੇ ਭੋਜਨ ਛਕਾਇਆ। ਯਮਰਾਜ ਨੇ ਬਦਲੇ ਵਿਚ ਭੈਣ ਨੂੰ ਕੁਝ ਮੰਗਣ ਲਈ ਕਿਹਾ। ਯਮੁਨਾ ਨੇ ਯਮਰਾਜ ਤੋਂ ਹਰ ਸਾਲ ਉਸਦੇ ਘਰ ਆਉਣ ਦਾ ਵਚਨ ਲਿਆ। ਇੱਥੋਂ ਹੀ ਪਰਵ ਦਾ ਨਾਂ ਭਈਆ ਦੂਜ ਪੈ ਗਿਆ। ਇਸੇ ਲਈ ਕਈ ਥਾਂ ਇਸ ਦਿਨ ਯਮਰਾਜ ਅਤੇ ਚਿੱਤਰ ਗੁਪਤ ਦੀ ਪੂਜਾ ਵੀ ਕੀਤੀ ਜਾਂਦੀ ਹੈ।11 ਵਿਲੀਅਮ ਕਰੁੱਕ ਨੇ ਇਸ ਮਿੱਥ ਨੂੰ ਵੇਦ ਦੀ ਯਮ ਯਮੀ ਸੂਤਰ ਵਾ਼ਲੀ ਮਿੱਥ ਨਾ਼ਲ ਜੋੜਿਆ ਹੈ ਤੇ ਦੋਨਾਂ ਨੂੰ ਜੌੜੇ ਭੈਣ ਭਰਾ ਮੰਨਿਆਂ ਗਿਆ ਹੈ। (ਪੰਨਾ-347) ਹੁਣ ਇਹ ਪਰਵ ਭੈਣ ਭਰਾ ਦੇ ਪਿਆਰ ਦਾ ਪ੍ਰਤੀਕ ਹੈ ਜੋ ਹਿੰਦੂ ਖੱਤਰੀ ਪਰਿਵਾਰਾਂ ਤਕ ਹੀ ਸੀਮਤ ਹੈ। ਇਸ ਦਿਨ ਭੈਣਾਂ ਨੂੰ ਵਿਸ਼ੇਸ਼ ਤੌਰ ਤੇ ਸੱਦਿਆ ਜਾਂਦਾ ਹੈ। ਉਸਨੂੰ ਤੋਹਫ਼ੇ ਵੀ ਦਿੱਤੇ ਜਾਂਦੇ ਹਨ।

ਨੇਪਾਲ ਵਿਚ ਦੀਵਾ਼ਲੀ ਦਾ ਪਰਵ ਅੱਸੂ ਵਦੀ 12ਵੀਂ ਤੋਂ ਸ਼ੁਰੂ ਹੋ ਕੇ ਕੱਤਕ ਸੁਦੀ ਦੂਜ ਤਕ ਚਲਦਾ ਹੈ। 12ਵੀਂ ਨੂੰ 'ਕਾਗ ਤ੍ਰਿਹਾਰ' ਮੰਨਾਇਆ ਜਾਂਦਾ ਹੈ। ਇਸ ਦਿਨ ਕਾਵਾਂ ਨੂੰ ਖਾਣੇ ਖੁਆਏ ਜਾਂਦੇ ਹਨ। 13ਵੀਂ ਨੂੰ ਮੰਨਾਏ ਜਾਣ ਵਾ਼ਲੇ ਤਿਉਹਾਰ ਨੂੰ 'ਕੂਕਰ ਤਿਹਾਰ' ਕਿਹਾ ਜਾਂਦਾ ਹੈ ਜਿਸ ਤੇ ਕੁੱਤਿਆਂ ਲਈ ਭੋਜਨ ਪਰੋਸਿਆ ਜਾਂਦਾ ਹੈ। 'ਗਾਇ ਗੋਰੂ ਤਿਹਾਰ' ਚੌਧਵੀਂ ਦਾ ਤਿਹਾਰ ਹੈ। ਇਸ ਦਿਨ ਗਾਵਾਂ, ਘੋੜਿਆਂ ਅਤੇ ਬ਼ਲਦਾਂ ਨੂੰ ਸਜਾਇਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਅੰਨ ਆਦਿ ਖੁਆਇਆ ਜਾਂਦਾ ਹੈ। ਇਨ੍ਹਾਂਸਾਰੇ ਤਿਹਾਰਾਂ ਪਿੱਛੇ ਕੀ ਵਿਸ਼ਵਾਸ ਜਾਂ ਮਾਨਤਾਵਾਂ ਅਤੇ ਇਨ੍ਹਾਂਨਾ਼ਲ ਕਿਹੜੀਆਂ ਕਥਾਵਾਂ ਜੁੜੀਆਂ ਹਨ, ਇਹ ਇਕ ਵੱਖਰੀ ਖੋਜ ਦਾ ਵਿਸ਼ਾ ਹੈ। 15ਵੀਂ ਨੂੰ ਲਕਸ਼ਮੀ ਦਾ ਪੂਜਨ ਹੁੰਦਾ ਹੈ ਜੋ ਨੇਪਾਲੀ ਸਾਲ ਦਾ ਆਖ਼ਰੀ ਦਿਨ ਵੀ ਹੈ। ਨਵੇਂ ਵਰ੍ਹੇ ਪਹਿਲੀ ਕੱਤਕ ਨੂੰ ਨੇਵਾਰੀ ਲੋਕ 'ਮਹਾਂ ਪੂਜਾ' ਕਰਦੇ ਹਨ। ਕੱਤੇ ਦੀ ਪਹਿਲੀ ਨੂੰ 'ਦੇਹ ਪੂਜਾ' ਕੀਤੀ ਜਾਂਦੀ ਹੈ। ਇਸਦਾ ਮੰਤਵ ਸਾਰੇ ਸਾਲ ਲਈ ਸਰੀਰ ਤੰਦਰੁਸਤੀ ਦੀ ਕਾਮਨਾ ਕਰਨਾ ਹੈ। ਦੇਹ ਪੂਜਾ ਆਪਣੇ ਆਪ ਵਿਚ ਪਦਾਰਥਵਾਦੀ ਸੋਚ ਵਿਚੋਂ ਹੀ ਪੈਦਾ ਹੁੰਦੀ ਹੈ। ਜੇ ਦੇਹ ਨਰੋਈ ਨਹੀਂ ਤਾਂ ਮਾਨਸਿਕਤਾ ਵੀ ਨਰੋਈ ਨਹੀਂ ਰਹਿ ਸਕਦੀ। ਦੇਹ ਬ਼ਗੈਰ ਦਿਲ, ਦਿਮਾ਼ਗ ਤੇ ਆਤਮਾ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ। ਨੇਪਾਲ ਵਿਚ ਇਹ ਤਿਉਹਾਰ ਲੋਹੜੀ ਤੇ ਤੀਆਂ ਦੇ ਮੇ਼ਲ ਵਰਗਾ ਤਿਉਹਾਰ ਹੈ। ਪੀਘਾਂ ਝੂਟੀਆਂ ਜਾਂਦੀਆਂ ਹਨ। ਮੁੰਡੇ ਕੁੜੀਆਂ ਨੱਚਦੇ ਨੱਚਦੇ ਘਰ ਘਰ ਜਾ ਕੇ ਫ਼ਲ ਅਤੇ ਪੈਸੇ ਇਕੱਠੇ ਕਰਦੇ ਹਨ।

ਨੇਪਾਲ ਤੋਂ ਬਾਅਦ ਦੀਵਾ਼ਲੀ ਵਾ਼ਲੇ ਦਿਨ ਨੂੰ ਉੜੀਸਾ ਵਿਚ ਵੱਖਰੇ ਢੰਗ ਨਾ਼ਲ ਮਨਾਇਆ ਜਾਂਦਾ ਹੈ। ਕਪਾਹ, ਲੂਣ, ਸਰ੍ਹੋਂ ਜੜ੍ਹਾਂ ਹ਼ਲਦੀ ਅਤੇ ਜੰਗਲੀ ਘਾਹ ਤੋਂ ਰੰਗੋਲੀ ਬਣਾਈ ਜਾਂਦੀ ਹੈ ਅਤੇ ਉਸਦੇ ਵਿਚਕਾਰ ਪ੍ਰਸ਼ਾਦਿ ਰੱਖ ਕੇ ਉਸ ਉਪਰ ਦੀਵਾ ਧਰਿਆ ਜਾਂਦਾ ਹੈ। ਦੀਵਾ ਸਣ ਦੇ ਡਕਿਆਂ ਦਾ ਬਣਾਇਆ ਜਾਂਦਾ ਹੈ ਅਤੇ ਇਸ ਵਿਚ ਕਪੜੇ ਦੀ ਬੱਤੀ ਪਾਈ ਜਾਂਦੀ ਹੈ। ਵਡੇਰਿਆਂ ਨੂੰ ਖੁਸ਼ ਕਰਨ ਲਈ 'ਤਰਪਣ' ਪੂਜਾ ਕੀਤੀ ਜਾਂਦੀ ਹੈ। ਘਰ ਸਾਹਮਣੇ ਬਾਂਸ ਗੱਡ ਕੇ ਮਿੱਟੀ ਦੇ ਭਾਂਡੇ ਵਿਚ ਦੀਵਾ ਰੱਖ ਕੇ ਟੰਗਿਆ ਜਾਂਦਾ ਹੈ। ਘੇਰਾ ਬਣਾ ਕੇ ਹੱਥ ਵਿਚ ਜ਼ਲਦੇ ਸਣ ਦੇ ਡੱਕੇ ਫੜ ਕੇ ਅਸਮਾਨ ਵਲ ਕਰ ਕੇ ਗੀਤ ਗਾਏ ਜਾਂਦੇ ਹਨ। ਇਨ੍ਹਾਂਦਾ ਭਾਵ ਕੁਝ ਇਸ ਤਰ੍ਹਾਂਹੁੰਦਾ ਹੈ ਕਿ, 'ਵਡੇਰਿਉ ਸ਼ਾਮ ਦੇ ਹਨੇਰੇ ਵਿਚ ਆਉ ਅਸੀਂ ਤੁਹਾਡੇ ਰਾਹ ਰੁਸ਼ਨਾ ਦਿੱਤੇ ਹਨ' ਦੀਵਾ਼ਲੀ ਤੇ ਭਾਰਤ ਦੇ ਕਈ ਹਿੱਸਿਆਂ ਵਿਚ ਵਡੇਰਿਆਂ ਦੇ ਨਾਂ ਦੇ ਦੀਵੇ ਜਲਾਏ ਜਾਂਦੇ ਹਨ ਪਰ ਉੜੀਸਾ ਵਿਚ ਇਹ ਦਿਨ ਵਡੇਰਿਆਂ ਦੀ ਪੂਜਾ ਲਈ ਹੀ ਰਾਖਵਾਂ ਹੈ। ਦੇਸ਼ ਦੇ ਕੁਝ ਹੋਰ ਹਿੱਸਿਆਂ ਵਿਚ ਕਈ ਵੱਖਰਤਾਵਾਂ ਵੀ ਮਿ਼ਲਦੀਆਂ ਹਨ ਜਿਵੇਂ ਮਹਾਂਰਾਸ਼ਟਰ ਵਿਚ 12ਵੀਂ ਤਾਰੀਖ ਨੂੰ ਗਾਂ ਅਤੇ ਉਸਦੇ ਵੱਛੇ ਦੀ ਆਰਤੀ ਕੀਤੀ ਜਾਂਦੀ ਹੈ। ਇਹ ਮਾਂ-ਪੁੱਤ ਦਾ ਦਿਨ ਕਰਕੇ ਜਾਣਿਆਂ ਜਾਂਦਾ ਹੈ। ਇਸੇ ਤਰ੍ਹਾਂ ਕੱਤੇ ਦੀ ਪਹਿਲੀ ਨੂੰ ਪਤੀ-ਪਤਨੀ ਦਾ ਦਿਨ ਮਨਾਇਆ ਜਾਂਦਾ ਹੈ। ਜਿਸਨੂੰ 'ਬਾਲੀ ਪ੍ਰਤਿਪਾਦਕਾ' ਦਾ ਨਾਂ ਦਿੱਤਾ ਗਿਆ ਹੈ। ਆਂਧਰਾ ਪ੍ਰਦੇਸ਼ ਵਿਚ ਨਰਕਾਸੁਰ ਦਾ ਪੁਤਲਾ ਜ਼ਲਾਇਆ ਜਾਂਦਾ ਹੈ। ਰਾਮਲੀਲਾ ਵਾਂਗ ਕ੍ਰਿਸ਼ਨ ਜਾਂ ਸਤਿਯਾਭਾਮਾ ਬਣਿਆਂ ਕਲਾਕਾਰ ਪੁਤਲੇ ਨੂੰ ਅੱਗ ਦਿੰਦਾ ਹੈ। ਕੋਂਕਣKਗੋਆ ਵਿਚ ਬੇਰਾਂ ਨੂੰ ਪੈਰਾਂ ਹੇਠ ਮਿੱਧਿਆ ਜਾਂਦਾ ਹੈ। ਗੁਜਰਾਤ ਵਿਚ ਉਤਸਵ 11ਵੀਂ ਤੋਂ ਸ਼ੁਰੂ ਹੋ ਜਾਂਦਾ ਹੈ ਅਤੇ ਕੱਤਕ ਦੀ ਪੰਜਵੀਂ ਨੂੰ 'ਲਾਭਪੰਚਮ' ਉਤਸਵ ਮਨਾਇਆ ਜਾਂਦਾ ਹੈ। ਦੁਨੀਆਂ ਦੇ ਜਿਸ ਹਿੱਸੇ ਵਿਚ ਭਾਰਤੀ ਗਏ ਹਨ ਉੱਥੇ ਹੀ ਦੀਵਾ਼ਲੀ ਦਾ ਪਰਵ ਦੀਵੇ ਬਾ਼ਲ ਕੇ ਜਾਂ ਇੱਕ ਥਾਂ ਇਕੱਠੇ ਹੋ ਕੇ ਆਤਸ਼ਬਾਜ਼ੀ ਚਲਾ ਕੇ ਖੁਸ਼ੀ ਦਾ ਮਾਹੌਲ ਸਿਰਜ ਲੈਂਦੇ ਹਨ।

ਕੁੱਲ ਮਿ਼ਲਾ ਕੇ ਦੀਵਾ਼ਲੀ ਭਾਰਤ ਦਾ ਸਭ ਤੋਂ ਮਹੱਤਵਪੂਰਣ ਤਿਉਹਾਰ ਹੈ ਜਿਸਨੂੰ ਨੇਪਾਲ ਤੱਕ ਅਤੇ ਸਾਰੇ ਸੰਸਾਰ ਵਿਚ ਜਿੱਥੇ ਵੀ ਭਾਰਤੀ ਗਏ ਹਨ ਉੱਥੇ ਮਨਾਇਆ ਜਾਂਦਾ ਹੈ। ਸਮਕਾਲੀ ਸਮਾਜ ਵਿਚ ਹੋਰ ਤਿਉਹਰਾਂ ਵਾਂਗ ਦੀਵਾ਼ਲੀ ਦਾ ਵੀ ਵਪਾਰੀਕਰਣ ਹੋ ਗਿਆ ਹੈ। ਧੰਨਤੇਰਸ ਤੋਂ ਲੈ ਕੇ ਟਿੱਕਾ ਭਾਈ ਦੂਜ ਤੱਕ ਵਡੀਆਂ ਛੋਟੀਆਂ ਦੇਸੀ ਵਿਦੇਸ਼ੀ ਕੰਪਨੀਆਂ ਲੋਕਾਂ ਨੂੰ ਲੁਭਾਉਣ ਵਿਚ ਕੋਈ ਕੋਰ ਕਸਰ ਬਾਕੀ ਨਹੀਂ ਰਹਿਣ ਦਿੰਦੀਆਂ। ਲੋਨ ਦੇ ਦੇ ਕਿਸ਼ਤਾਂ ਤੇ ਹਰ ਚੀਜ਼ ਬੇਚੀ ਜਾਂਦੀ ਹੈ। ਇਸ ਘੜਮੱਸ ਵਿਚ ਮੋਹ, ਸ਼ਰਧਾ ਸਭ ਗੁੰਮ ਗੁਆਚ ਜਾਂਦੇ ਹਨ। ਉਪਰੋਕਤ ਵਿਚਾਰ ਇਕ ਹੋਰ ਗੱਲ ਵੀ ਸਪੱਸ਼ਟ ਕਰਦੀ ਹੈ ਕਿ ਤਿਉਹਾਰਾਂ ਨੂੰ ਸਮਝਣ ਲਈ ਇਤਿਹਾਸਕ, ਮਿਥਿਹਾਸਕ, ਵਿਸ਼ਵਾਸਾਂ-ਮਾਨਤਾਵਾਂ ਦੇ ਸੰਦਰਭ ਜ਼ਰੂਰੀ ਹਨ ਜਿਸਤੋਂ ਮਨੁੱਖੀ ਮਾਨਸਿਕਤਾ ਦੇ ਵਿਕਾਸ ਨੂੰ ਸਮਝਿਆ ਜਾ ਸਕਦਾ ਹੈ। ਇਨ੍ਹਾਂ ਤਿਉਹਾਰਾਂ ਪਿੱਛੇ ਵਿਗਿਆਨਕਤਾ ਲੱਭਣਾ ਜਾਂ ਵਿਗਿਆਨ ਦੇ ਆਧਾਰ ਤੇ ਇਨ੍ਹਾਂਨੂੰ ਮੂ਼ਲੋਂ ਰੱਦ ਕਰਨਾ ਵੀ ਅਤਿਵਾਦੀ ਪ੍ਰਵਿਰਤੀ ਹੋਵੇਗੀ। ਐਨਥਰੋਪੌਲੌਜੀ ਅਤੇ ਲੋਕਧਾਰਾ ਸ਼ਾਸਤਰ ਹੀ ਸਾਡੀ ਸਮਝ ਨੂੰ ਹੋਰ ਅਮੀਰ ਬਣਾ ਸਕਦੇ ਹਨ। ਇਨ੍ਹਾਂਤਿਉਹਾਰਾਂ ਨੂੰ ਮੰਨਾਉਣ ਪਿੱਛੇ ਮਨੁੱਖੀ ਸੱਚ ਇਹ ਹੈ ਕਿ ਮਨੁੱਖ ਲਗਾਤਾਰ ਕੰਮ ਦੇ ਗਧੀਗੇੜ ਤੋਂ ਬਾਅਦ ਅਜਿਹੇ ਤਿਉਹਾਰਾਂ ਉਪਰ ਸਾਮੂਹਿਕ ਤੌਰ ਤੇ ਖੁਸ਼ੀ ਮੰਨਾ ਕੇ ਅਗਲਾ ਸਖ਼ਤ ਜੀਵਨ ਜੀਉਣ ਦੀ ਤਿਆਰੀ ਕਰਦਾ ਹੈ ਤੇ ਨਾ਼ਲ ਦੀ ਨਾ਼ਲ ਮਾਨਸਿਕ ਤੇ ਆਤਮਿਕ ਤ੍ਰਿਪਤੀ ਕਰਕੇ ਪਰਿਵਾਰਕ ਜ਼ਿਮੇਵਾਰੀਆਂ ਨਿਭਾਉਣ ਅਤੇ ਮੋਹ ਮੁਹੱਬਤ ਪ੍ਰਗਟਾਉਣ ਦੇ ਮੌਕੇ ਵੀ ਪੈਦਾ ਕਰਦਾ ਹੈ। ਸਾਮੂਹਿਕਤਾ ਇਨ੍ਹਾਂਤਿਉਹਾਰਾਂ ਦੀ ਜਿੰਦ ਜਾਨ ਹੈ।

# ਬਾਬਾ ਰਾਮਦੇਵ ਨੂੰ ਇਕ ਬੇਨਤੀ




ਯੋਗ ਗੁਰੂ ਬਾਬਾ ਰਾਮਦੇਵ ਦੇਸ਼ ਦੇ ਪਹਿਲੇ ਅਜਿਹੇ ਬਿਜਨਸਮੈਨ ਹਨ ਜੋ ਆਪਣੀ ਕੰਪਨੀ ਪਤੰਜਲੀ ਦੇ ਉਤਪਾਦਾਂ ਦੀ ਮਸ਼ਹੂਰੀ ਖੁਦ ਟੀ. ਵੀ. ਚੈਨਲਾਂ ਤੇ ਭਗਵੇਂ ਵਸਤਰਾਂ ਵਿਚ ਕਰਦੇ ਹਨ। ਸਾਰੀਆਂ ਕੰਪਨੀਆਂ ਆਪਣੇ ਉਤਪਾਦਾਂ ਦੀ ਮਸ਼ਹੂਰੀ ਫਿਲਮੀ ਸਿਤਾਰਿਆਂ ਜਾਂ ਵਿਸ਼ੇਸ਼ ਮਾਡਲਾਂ ਤੋਂ ਕਰਵਾਉਂਦੇ ਹਨ। ਪਰ ਬਾਬਾ ਜੀ ਨੂੰ ਆਪਣੇ ਉਤਪਾਦਾਂ ਦੀ ਮਸ਼ਹੂਰੀ ਭਗਵੇਂ ਬਾਣੇ ਵਿਚ ਆਪ ਕਰਨ ਦਾ ਬਹੁਤ ਲਾਭ ਹੋਇਆ ਹੈ ਕਿਉਂਕਿ ਇਸ ਦੇਸ਼ ਦੀ ਜਨਤਾ ਦੀ ਭਗਵੇਂ ਵਸਤਰਾਂ ਪ੍ਰਤੀ ਬਹੁਤ ਸ਼ਰਧਾ ਹੈ ਅਤੇ ਉਹ ਇਕ ਸੰਨਿਆਸੀ ਵੱਲੋਂ ਕਹੀ ਗਈ ਹਰ ਗੱਲ ਦਾ ਵਿਸ਼ਵਾਸ ਕਰਦੇ ਹਨ।

ਬਾਬਾ ਜੀ ਵੱਲੋਂ ਦੂਸਰੀਆਂ ਕੰਪਨੀਆਂ ਉਤੇ ਇਹ ਆਖ ਕੇ ਹਮਲਾ ਕੀਤਾ ਜਾਂਦਾ ਹੈ ਕਿ ਉਹ ਆਪਣੇ ਉਤਪਾਦਾਂ ਵਿਚ ਕੈਮੀਕਲ ਦੀ ਵਰਤੋਂ ਕਰ ਰਹੀਆਂ ਹਨ। ਬਾਬਾ ਜੀ ਨੂੰ ਇਹ ਗਿਆਨ ਨਹੀਂ ਕਿ ਕੈਮੀਕਲ ਵੀ ਉਹਨਾਂ ਜੜੀਆਂ ਬੂਟੀਆਂ ਤੋਂ ਤਿਆਰ ਹੁੰਦੇ ਹਨ। ਆਪਣੇ ਉਤਪਾਦ ਦੰਤਕਾਂਤੀ ਦੀ ਮਸ਼ਹੂੀ ਕਰਦਿਆਂ ਉਹਨਾਂ ਨੇ ਉਹਨਾਂ ਜੜੀ ਬੂਟੀਆਂ ਦੀ ਲਿਸਟ ਦੱਸੀ ਸੀ ਜੋ ਉਹ ਦੰਤਕਾਂਤੀ ਟੁੱਥ ਪੇਸਟ ਵਿਚ ਸ਼ਾਮਲ ਕਰਦੇ ਹਨ ਜਦਕਿ ਟੁੱਥ ਪੇਸਟ ਤਿਆਰ ਕਰਨ ਵਾਲੀ ਕੰਪਨੀ ਕੋਲਗੇਟ ਨੇ ਵੀ ਆਪਣੇ ਇਸ਼ਤਿਹਾਰ ਵਿਚ ਦੱਸਿਆ ਕਿ ਉਹ ਵੀ ਉਹੀ ਜੜ੍ਹੀਆਂ ਬੂਟੀਆਂ ਇਸਤੇਮਾਲ ਕਰਦੀ ਹੈ। ਬਾਬਾ ਜੀ ਤਾਂ ਹੁਣ ਉਹਨਾਂ ਚੀਜ਼ਾਂ ਦੀ ਵਰਤੋਂ ਕਰਨ ਲੱਗੇ ਹਨ, ਜਦਕਿ ਕੋਲਗੇਟ ਪਿਛਲੇ ਲੱਗਭੱਗ 100 ਸਾਲ ਤੋਂ ਉਹਨਾਂ ਜੜੀਆਂ ਬੂਟੀਆਂ ਦੀ ਵਰਤੋਂ ਕਰਦੀ ਆ ਰਹੀ ਹੈ।



ਆਪਣਾ ਮਾਲ ਵੇਚਣ ਲਈ ਉਹ ਵਿਦੇਸ਼ੀ ਕੰਪਨੀਆਂ ਦੀ ਆਲੋਚਨਾ ਕਰਦੇ ਹਨ ਜਦਕਿ ਬਾਬਾ ਜੀ ਨਹੀਂ ਜਾਣਦੇ ਕਿ ਵਿਦੇਸ਼ੀ ਕੰਪਨੀਆਂ ਨੂੰ ਭਾਰਤ ਸਰਕਾਰ ਹੀ ਆਪਣਾ ਮਾਲ ਦੇਸ਼ ਵਿਚ ਵੇਚਣ ਲਈ ਬੁਲਾਉਂਦੀ ਹੈ। ਉਹਨਾਂ ਦੇ ਹਰ ਉਤਪਾਦ ਦੀ ਬਹੁਤ ਬਰੀਕੀ ਨਾਲ ਜਾਂਚ ਕਰਨ ਉਪਰੰਤ ਹੀ ਉਸਨੂੰ ਭਾਰਤ ਦੀ ਮਾਰਕੀਟ ਵਿਚ ਉਤਾਰਨ ਦੀ ਆਗਿਆ ਦਿੱਤੀ ਜਾਂਦੀ ਹੈ। ਸਰਕਾਰ ਵੱਲੋਂ ਇਸ ਗੱਲ ਨੂੰ ਮੁੱਖ ਰੱਖਿਆ ਜਾਂਦਾ ਹੈ ਕਿ ਦੇਸ਼ ਦੀ ਜਨਤਾ ਨੂੰ ਇਨ੍ਹਾਂ ਉਤਪਾਦਾਂ ਦਾ ਲਾਭ ਹੋਵੇ। ਯੋਗ ਗੁਰੂ ਹੋਣ ਕਾਰਨ ਬਾਬਾ ਜੀ ਦਾ ਇਸ ਦੇਸ਼ ਵਿਚ ਬਹੁਤ ਮਾਣ ਸਤਿਕਾਰ ਹੈ। ਯੋਗਾ ਦਾ ਬਹੁਤ ਵੱਡੇ ਪੱਧਰ ਤੇ ਪ੍ਰਚਾਰ ਪਸਾਰ ਕਰਨ ਕਾਰਨ ਲੋਕਾਂ ਦੇ ਦਿਲਾਂ ਵਿਚ ਉਹਨਾਂ ਦਾ ਬਹੁਤ ਮਾਣ ਹੈ। ਇਸ ਮਾਣ ਸਤਿਕਾਰ ਦਾ ਸਿਆਸੀ ਲਾਭ ਉਠਾ ਕੇ ਉਨ੍ਹਾਂ ਨੇ ਪਿਛਲੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਨੂੰ ਬਹੁਤ ਵੱਡੇ ਪੱਧਰ ਤੇ ਵੋਟਾਂ ਪਵਾਈਆਂ। ਚੋਣਾਂ ਜਿੱਤਣ ਲਈ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਸਵਿਟਜ਼ਰਲੈਂਡ ਵਿਚ ਪਿਆ ਭਾਰਤ ਦਾ ਕਾਲਾ ਧੰਨ ਵਾਪਸ ਲਿਆਂਦਾ ਜਾਵੇਗਾ ਤੇ ਭਾਰਤ ਦੇ ਹਰ ਨਾਗਰਿਕ ਦੇ ਬੈਂਕ ਖਾਤੇ ਵਿਚ ਆਟੋਮੈਟੀਕਲੀ 15-15 ਲੱਖ ਜਮ੍ਹਾ ਹੋ ਜਾਣਗੇ। ਬਾਬਾ ਜੀ ਦੇ ਭਗਵੇਂ ਵਸਤਰਾਂ ਤੇ ਭਰੋਸਾ ਕਰਕੇ ਕਰੋੜਾਂ ਲੋਕਾਂ ਨੇ ਭਾਜਪਾ ਨੂੰ ਵੋਟਾਂ ਪਾ ਦਿੰਤੀਆਂ। ਇਕ ਸਾਲ ਪਹਿਲਾਂ ਜਦ ਪੱਤਰਕਾਰਾਂ ਨੇ ਉਹਨਾਂ ਨੂੰ ਪੁੱਛਿਆ ਕਿ ਕਾਲਾ ਧੰਨ ਨਾ ਆਇਆ ਤਾਂ ਤੁਸੀਂ ਕੀ ਕਰੋਗੇ ਤਾਂ ਬਾਬਾ ਜੀ ਨੇ ਕਿਹਾ- ਜੇਕਰ ਕਾਲਾ ਧੰਨ ਨਾ ਆਇਟਾ ਤਾਂ ਮੋਦੀ ਸਰਕਾਰ ਵਿਰੁੱਧ ਅੰਦੋਲਨ ਕਰਨਗੇ।

ਅੱਜ ਦੋ ਸਾਲ ਤੋਂ ਵੀ ਉਪਰ ਹੋ ਗਏ ਹਨ ਨਾ ਕਾਲਾ ਧੰਨ ਆਇਆ, ਨਾ ਉਸਦੇ ਆਉਣ ਦੀ ਸੰਭਾਵਨਾ ਹੈ। ਨਾ ਬਾਬਾ ਜੀ ਵੱਲੋਂ ਉਸ ਲਈ ਅੰਦੋਲਨ ਕਰਨ ਦੇ ਕੋਈ ਸੰਕੇਤ ਹਨ। ਉਹਨਾਂ ਨੇ ਕਿਹਾ ਸੀ ਕਿ ਦੇਸ਼ ਦੇ ਅੰਦਰ ਹੀ ਕਾਲਾ ਧੰਨ ਬਹੁਤ ਹੈ। ਦੇਸ਼ ਦੇ ਅੰਦਰੋਂ ਮੋਦੀ ਸਰਕਰ ਨੇ ਹੁਣ ਤੱਕ 2 ਸੌ ਹਜ਼ਾਰ ਕਰੋੜ ਰੁਪਏ ਦਾ ਕਾਲਾ ਧੰਨ ਕਢਵਾਇਆ ਹੈ ਪਰ ਨਾ ਤਾਂ ਕਿਸੇ ਗਰੀਬ ਨੂੰ ਇਕ ਕੌਡੀ ਮਿਲੀ ਹੈ, ਨਾ ਦੂਰ-ਦੂਰ ਤੱਕ ਮਿਲਣ ਦੀ ਕੋਈ ਆਸ ਦਿਖਾਈ ਦਿੰਦੀ ਹੈ। ਬਾਬਾ ਜੀ ਚੁੱਪ ਹਨ ਤੇ ਆਪਣੇ ਬਿਜਨਸ ਵਿਚ ਮਸਤ ਹਨ।

ਪਤੰਜਲੀ ਦੇ ਉਤਪਾਦਾਂ ਦਾ ਵਿਸਤਾਰ ਇਸ ਕਰਕੇ ਨਹੀਂ ਹੋ ਰਿਹਾ ਕਿ ਉਹ ਮਾਰਕੀਟ ਵਿਚ ਸਭ ਤੋਂ ਉਤਮ ਹਨ ਬਲਕਿ ਇਕ ਯੋਗੀ ਦੇ ਭਗਵੇਂ ਵਸਤਰਾਂ ਪ੍ਰਤੀ ਲੋਕਾਂ ਦੀ ਸ਼ਰਧਾ ਹੈ। ਉਹਨਾਂ ਉਤੇ ਲੋਕਾਂ ਦਾ ਵਿਸ਼ਵਾਸ ਹੈ।

ਅਸੀਂ ਸਮਝਦੇ ਹਾਂ ਕਿ ਯੋਗਾ ਦੇ ਪ੍ਰਚਾਰ ਪ੍ਰਸਾਰ ਨਾਲ ਲੋਕਾਂ ਨੂੰ ਬਹੁਤ ਲਾਭ ਹੋਇਆ ਹੈ ਤੇ ਅੱਗੋਂ ਵੀ ਹੁੰਦਾ ਰਹੇਗਾ। ਉਹਨਾਂ ਦੇ ਇਕ ਬਿਜਨਸਮੈਨ ਦੇ ਤੌਰ ਤੇ ਸਮਾਜ ਵਿਚ ਵਿੱਚਰਨ ਵਾਲੇ ਲੋਕਾਂ ਨੂੰ ਬਹੁਤਾ ਲਾਭ ਨਹੀਂ ਹੋਵੇਗਾ। ਦਵਾਈਆਂ ਅਤੇ ਖੁਰਾਕੀ ਵਸਤਾਂ ਪਹਿਲਾਂ ਵੀ ਬਣਦੀਆਂ ਰਹੀਆਂ ਹਨ ਅਤੇ ਅੱਗੋਂ ਵੀ ਬਣਦੀਆਂ ਰਹਿਣਗੀਆਂ। ਪਰ ਇਕ ਸੰਨਿਆਸੀ ਦੇ ਰੂਪ ਵਿਚ ਜੇਕਰ ਉਹ ਅਸਰ-ਰਸੂਖ ਦੀ ਵਰਤੋਂ ਕਰਦੇ ਅਤੇ ਮੋਦੀ ਸਰਕਾਰ ਤੇ ਦਬਾਅ ਬਣਾ ਕੇ ਕਾਲਾ ਧੰਨ ਲਿਆਉਂਦੇ ਤੇ ਹਰ ਭਾਰਤੀ ਦੇ ਖਾਤੇ ਵਿਚ 15-15 ਲੱਖ ਰੁਪਏ ਜਮ੍ਹਾ ਕਰਵਾਉਣ ਦਾ ਵਾਅਦਾ ਪੂਰਾ ਕਰਵਾਉਂਦੇ ਤਾਂ ਉਹ ਇਸ ਦੇਸ਼ ਲਈ ਬਹੁਤ ਲਾਭਦਾਇਕ ਹੁੰਦੇ। ਜਿਸ ਦੇਸ਼ ਵਿਚ ਬਾਬਾ ਜੀ ਰਹਿ ਰਹੇ ਹਨ, ਉਸ ਵਿਚ 30 ਫੀਸਦੀ ਲੋਕ ਫੁਟਪਾਥਾਂ ਜਾਂ ਗੰਦੀਆਂ ਝੌਂਪੜੀਆਂ ਵਿਚ ਪੈਦਾ ਹੁੰਦੇ ਹਨ ਤੇ ਉਥੇ ਹੀ ਸਰਾ ਜੀਵਨ ਜੀ ਕੇ ਇਸ ਧਰਤੀ ਤੋਂ ਚਲੇ ਜਾਂਦੇ ਹਨ। ਇਸ ਦੇਸ਼ ਦੇ 25 ਫੀਸਦੀ ਲੋਕ ਰਾਤ ਨੂੰ ਭੁੱਖੇ ਪੇਟ ਸੌਂਦੇ ਹਨ। ਅਜਿਹੇ ਲੋਕਾਂ ਦੀ ਗਿਣਤੀ ਵੀ ਲੱਖਾਂ ਵਿਚ ਹੈ ਜੋ ਸਵੇਰੇ ਕੂੜੇ ਵਿਚੋਂ ਖਾਣ ਦੀਆਂ ਜੂਠੀਆਂ ਚੀਜ਼ਾਂ ਲੱਭ ਕੇ ਆਪਣਾ ਪੇਟ ਭਰਦੇ ਹਨ। ਸਾਡੀ ਇਹ ਸੋਚੀ ਸਮਝੀ ਰਾਏ ਹੈ ਕਿ ਬਾਬਾ ਜੀ ਜੇ ਇਸ ਪਾਸੇ ਧਿਆਨ ਦਿੰਦੇ ਤਾਂ ਦੇਸ਼ ਦਾ ਮੂੰਹ ਮੱਥਾ ਸੁਧਰ ਸਕਦਾ ਸੀ।

ਜੇਕਰ ਕਾਲਾ ਧੰਨ ਆ ਜਾਵੇ ਤਾਂ ਇਸ ਦੇਸ਼ ਵਿਚ ਇਕ ਵੀ ਭਾਰਤੀ ਭੁੱਖਾ, ਨੰਗਾ ਨਹੀਂ ਰਹਿ ਜਾਵੇਗਾ, ਬੇਘਰਾ ਨਹੀਂ ਰਹਿ ਜਾਵੇਗਾ। ਸਾਡੀ ਬਾਬਾ ਜੀ ਨੂੰ ਬੇਨਤੀ ਹੈ ਕਿ ਆਪਣਾ ਬਿਜਨਸਮੈਨ ਦਾ ਰੋਲ ਛੱਡ ਕੇ ਇਕ ਸੰਨਿਆਸੀ ਦਾ ਰੋਲ ਹੀ ਅਪਦਾਉਣ ਤੇ ਕਾਲਾ ਧੰਨ ਲਿਆ ਕੇ ਲੋਕਾਂ ਨੂੰ ਵੰਡਣ ਲਈ ਅੰਦੋਲਨ ਚਲਾਉਣ। ਸਾਨੂੰ ਬਹੁਤ ਉਮੀਦ ਹੈ ਕਿ ਉਹ ਇਸ ਕਲਿਆਣਕਾਰੀ ਕੰਮ ਵਿਚ ਬਹੁਤ ਸਫਲ ਹੋ ਸਕਦੇ ਹਨ।

## ਬਾਦਲਾਂ ਦੀ ਬੱਸ ਦੇ ਸ਼ੀਸ਼ੇ ਤੋੜਨ ਦੇ ਦੋਸ਼ ਹੇਠ ਦੋ ਵਿਦਿਆਰਥੀ ਕਾਬੂ

**ਮੋਗਾ-** ਬਾਘਾਪੁਰਾਣਾ ਪੁਲੀਸ ਨੇ ਬਾਦਲਾਂ ਦੀ ਮਾਲਕੀ ਵਾਲੀ ਔਰਬਿਟ ਬੱਸ ਦੇ ਸ਼ੀਸ਼ੇ ਤੋੜਨ ਦੇ ਦੋਸ਼ ਹੇਠ ਦੋ ਵਿਦਿਆਰਥੀਆਂ ਨੂੰ ਹਿਰਾਸਤ ਵਿੱਚ ਲਿਆ ਹੈ। ਇਸ ਦੀ ਪੁਸ਼ਟੀ ਕਰਦਿਆਂ ਥਾਣਾ ਮੁਖੀ ਸਬ ਇੰਸਪੈਕਟਰ ਗੁਰਦੀਪ ਸਿੰਘ ਨੇ ਕਿਹਾ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਪੁਲੀਸ ਮੁਤਾਬਕ ਔਰਬਿਟ ਬੱਸ (ਨੰਬਰ ਪੀਬੀ 03-ਏ 7516) ਕੋਟਕਪੂਰਾ ਤੋਂ ਮੋਗਾ ਆ ਰਹੀ ਸੀ। ਇਸ ਦੌਰਾਨ ਮੋਗਾ-ਕੋਟਕਪੂਰਾ ਮਾਰਗ ਉੱਤੇ ਸਥਿੱਤ ਗੁਰੂ ਤੇਗ ਬਹਾਦਰ ਕਾਲਜ, ਰੋਡੇ ਦੇ ਕੁਝ ਵਿਦਿਆਰਥੀਆਂ ਨੇ ਬੱਸ ਨੂੰ ਰੁਕਣ ਦਾ ਇਸ਼ਾਰਾ ਕੀਤਾ ਪਰ ਔਰਬਿਟ ਬੱਸ ਚਾਲਕ ਨੇ ਬੱਸ ਨਾ ਰੋਕੀ ਤਾਂ ਦੋਵੇਂ ਵਿਦਿਆਰਥੀ ਮੋਟਰਸਾਈਕਲ ਉੱਤੇ ਪਿੱਛਾ ਕਰਦਿਆਂ ਬਾਘਾਪੁਰਾਣਾ ਬੱਸ ਅੱਡੇ ਵਿੱਚ ਪਹੁੰਚ ਗਏ ਜਿਥੇ ਪਹਿਲਾਂ ਹੀ ਕੁਝ ਹੋਰ ਵਿਦਿਆਰਥੀ ਮੌਜੂਦ ਸਨ। ਘਟਨਾ ਦੀ ਸੂਚਨਾ ਔਰਬਿਟ ਬੱਸ ਕੰਪਨੀ ਦੇ ਮੁਲਾਜ਼ਮਾਂ ਨੇ ਪੁਲੀਸ ਨੂੰ ਦਿੱਤੀ। ਪੁਲੀਸ ਮੁਤਾਬਕ ਸ਼ਿਕਾਇਤ ਵਿੱਚ ਦੋਸ਼ ਲਾਇਆ ਗਿਆ ਕਿ ਵਿਦਿਆਰਥੀਆਂ ਨੇ ਬੱਸ ਚਾਲਕ ਦੀ ਕੁੱਟ-ਮਾਰ ਕੀਤੀ ਅਤੇ ਬੇਸਬਾਲਾਂ ਨਾਲ ਬੱਸ ਦੇ ਸ਼ੀਸ਼ੇ ਤੋੜ ਦਿੱਤੇ। ਝਗੜੇ ਦੀ ਭਿਣਕ ਲੱਗਣ ਉਤੇ ਪੁਲੀਸ ਮੌਕੇ ਉੱਤੇ ਪਹੁੰਚ ਗਈ। ਪੁਲੀਸ ਨੇ ਦੋ ਕਾਲਜ ਵਿਦਿਆਰਥੀਆਂ ਅਰਸ਼ਦੀਪ ਸਿੰਘ ਪਿੰਡ ਜੀਵਨ ਵਾਲਾ ਜ਼ਿਲ੍ਹਾ ਫ਼ਰੀਦਕੋਟ ਅਤੇ ਹਰਪ੍ਰੀਤ ਸਿੰਘ ਪਿੰਡ ਅਮਰਗੜ੍ਹ ਜ਼ਿਲ੍ਹਾ ਬਠਿੰਡਾ ਨੂੰ ਹਿਰਾਸਤ ਵਿੱਚ ਲੈ ਲਿਆ ਅਤੇ ਉਨ੍ਹਾਂ ਦਾ ਮੋਟਰਸਾਈਕਲ ਵੀ ਕਬਜ਼ੇ ਵਿੱਚ ਕਰ ਲਿਆ।

ਹਫਤਾਵਾਰੀ ਅਖਬਾਰ 'ਦੇਸ਼ ਦੁਆਬਾ' ਵਿਚ ਹੁਣ ਤੱਕ ਮੁਫਤ ਮੈਟਰੀਮੋਨੀਅਲ ਛਾਪੇ ਗਏ ਹਨ, ਜਿਸਨੂੰ ਅਸੀਂ ਦਸੰਬਰ 2016 ਤੱਕ ਜਾਰੀ ਰੱਖਾਂਗੇ। ਚਾਹਵਾਨ ਸੱਜਣ ਮੁਫਤ ਮੈਟਰੀਮੋਨੀਅਲ ਛਪਾਉਣ ਲਈ ਸਾਨੂੰ ਹਰੇਕ ਹਫਤੇ ਸਨਿਚਰਵਾਰ ਤੱਕ ਜਾਣਕਾਰੀ ਭੇਜਣ ਦੀ ਕ੍ਰਿਪਾਲਤਾ ਕਰਨ।

**- ਸੰਪਾਦਕ**

KB USED AUTO SALES



8655 B Monterey Street Gilroy, CA 95020

Kashmiri Bhatia, Dealer/Broker 408-848-2365

50% OFF WARRANTY with Qualifying Car Purchase

IN HOUSE FINANCING AVALIABLE www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



K&K AUTO REPAIR and Car Wash

63 Muckelemi St San Juan Bautista 95045

Kashmiri Bhatia (Owner) 831-623-4702

20% OFF LABOUR on your next qualifying service

Car Care You Can Trust

# ਇਮਾਨ



ਹਰਭਜਨ ਸਿੰਘ ਢੇਰੀ
530-755-6011

ਮਜਦੂਰੀ ਕੰਮ ਦੀ ਦੇਣ ਨਾ ਬੇਸ਼ਕ, ਪਰ ਕਰਦੇ ਲੱਖਾਂ ਦਾਨ ਮੈਂ ਦੇਖੇ।
ਮਰਿਯਾਦਾ ਦੀ ਗੱਲ ਕਰਦੇ ਬਹੁਤੀ, ਭੇਖਧਾਰੀ ਇੰਨਸਾਨ ਮੈਂ ਦੇਖੇ।
ਨਿੱਤ ਦਿਹਾੜੇ ਸਿਰ ਮੂੰਹ ਰੰਗਦੇ, ਸੰਗਤਾਂ ਦਿੰਦੇ ਗਿਆਨ ਮੈਂ ਦੇਖੇ।
ਬਿਨ ਕੇਸਾਂ ਸਰਦਾਰ ਨਾ ਬਣਦੇ, ਬਣਦੇ ਕਈ ਪਰਧਾਨ ਮੈਂ ਦੇਖੇ।
ਮੁੱਲਾਂ ਕਾਜ਼ੀ ਬ੍ਰਾਹਮਣ ਗਿਆਨੀ, ਵੇਚਣ ਕਈ ਭਗਵਾਨ ਮੈਂ ਦੇਖੇ।
ਇੱਕ ਪੁੱਤ ਤੋਰ ਕੇ ਡਿੱਠੇ ਮਰਦੇ, ਸਰਬੰਸ ਨੂੰ ਕਰਦੇ ਦਾਨ ਮੈਂ ਦੇਖੇ।
ਤੇਗ ਬਹਾਦੁਰ ਹਿੰਦ ਦੀ ਚਾਦਰ, ਹੋਏ ਗੈਰਾਂ ਲਈ ਕੁਰਬਾਨ ਮੈਂ ਦੇਖੇ।
ਰਹਿਮਤ ਹੋ ਜਾਏ ਤੇਰੀ ਦਾਤਿਆ, ਗੂੰਗੇ ਕਰਦੇ ਵਿਖਿਆਨ ਮੈਂ ਦੇਖੇ।
ਆਦਮ ਖਾਣੇ ਰਾਖਸ਼ ਸੁਣਿਆ, ਬਣ ਗਏ ਉਹ ਇੰਨਸਾਨ ਮੈਂ ਦੇਖੇ।
ਮਾਂ ਦਾ ਰਿਸਤਾ ਰੱਬ ਤੋਂ ਪਿਛੋਂ, ਹੋ ਰਹੇ ਨਿੱਤ ਅਪਮਾਨ ਮੈਂ ਦੇਖੇ।
ਮਹਾਂਬਲੀ ਬਣ ਗਏ ਹੰਕਾਰੀ, ਢਹਿ ਗਏ ਸਭ ਬਲਵਾਨ ਮੈਂ ਦੇਖੇ।
ਹੱਥ ਵਿੱਚ ਮਾਲਾ ਛੁਰੀ ਬਗਲ ਵਿੱਚ, ਐਸੇ ਕਈ ਸ਼ੈਤਾਨ ਮੈਂ ਦੇਖੇ।
ਮਹਿਲਾਂ ਵਿੱਚ ਅੱਜ ਰਹਿੰਦੇ ਬਾਬੇ, ਕਦੀਂ ਰਹਿੰਦੇ ਬੀਆ-ਬਾਨ ਮੈਂ ਦੇਖੇ।
ਸੀ ਆਖਿਆ ਤੇਰਾ-ਤੇਰਾ ਬਾਬੇ, ਕਰਦੇ ਮੈਂ-ਮੈਂ ਅੱਜ ਵਿਦਵਾਨ ਮੈਂ ਦੇਖੇ।
ਸਦਾ ਜੀਣ ਦਾ ਵਰਦਾਨ ਪਾ ਵੀ, ਅੰਤ ਜਾਂਦੇ ਸਭ ਸਮਸ਼ਾਨ ਮੈਂ ਦੇਖੇ।
ਦੀਨ-ਦੁਨੀ ਦੇ ਮਾਲਕ ਘੁੰਮ ਗਏ, ਵਾਂਗ ਲੋਕਾਂ ਵਿੱਚ ਜਹਾਨ ਮੈਂ ਦੇਖੇ।
ਅਜੀਤ ਜੁਝਾਰ ਲੱਖਾਂ ਨਾਲ ਲੜਦੇ, ਜੰਗ ਵਿੱਚ ਹੋਏ ਕੁਰਬਾਨ ਮੈਂ ਦੇਖੇ।
ਬਾਬਾ ਫਤਿਹ ਜੋਰਾਵਰ ਸੂਬੇ ਨੂੰ, ਸਰਹੰਦ ਵਿੱਚ ਫਤਿਹ ਬੁਲਾਣ ਮੈਂ ਦੇਖੇ।
ਕਰਦੇ ਸਿਮਰਨ ਵਿੱਚ ਦੇਗਾਂ ਦੇ, ਧਰ ਕੇ ਉਸ ਦਾ ਧਿਆਨ ਮੈਂ ਦੇਖੇ।
ਬੰਦ-ਬੰਦ ਪਟਿਆਲੇ ਕੱਟ ਗਏ, ਪਰ ਛਡਿਆ ਨਾ ਇਮਾਨ ਮੈਂ ਦੇਖੇ।

# ਗੀਤ

- ਨਿਰਮਲ 'ਪ੍ਰੇਮੀ' ਰਾਮਗੜ੍ਹ
91-09431-61691

ਤੇਰੇ ਇਸ਼ਕ ਨੇ ਰੋਗ ਸਾਨੂੰ ਐਹੋ ਜਿਹਾ ਲਾਇਆ
ਅਸੀਂ ਬ੍ਰਿਹਾ ਹੀ ਪੀਤਾ ਅਤੇ ਬ੍ਰਿਹਾ ਹੰਢਾਇਆ।

ਸਾਡੀ ਡੁੱਬ ਰਹੀ ਜ਼ਿੰਦਗੀ ਨੂੰ ਮਿਲੇ ਨਾ ਸਹਾਰਾ,
ਬੇੜੀ ਡੁੱਬੀ ਡੂੰਘੇ ਪਾਣੀ ਹੱਥੋਂ ਛੁਟਿਆ ਕਿਨਾਰਾ,
ਰਹੀ ਜ਼ਿੰਦਗੀ ਵੀ ਪਿੱਛੇ ਝੱਖੜ ਇਹੋ ਜਿਹਾ ਆਇਆ।
ਅਸੀਂ ਬ੍ਰਿਹਾ ....

ਰਹੇ ਹੰਝੂਆਂ 'ਚੋਂ ਭਾਲਦੇ ਖੁਸ਼ੀਆਂ ਦੀ ਲੋਰ,
ਗੁੱਡੀ ਚੜ੍ਹੀ ਅਸਮਾਨੀ ਹੱਥੋਂ ਛੁੱਟ ਗਈ ਡੋਰ,
ਮੁੜ ਹੱਥ ਨਹੀਂ ਆਈ ਜ਼ੋਰ ਬੜਾ ਅਜ਼ਮਾਇਆ।
ਅਸੀਂ ਬ੍ਰਿਹਾ ....

ਦੋਸ਼ ਉਸ ਨੂੰ ਕਿਉਂ ਦਈਏ ਸਾਡੇ ਕਰਮ ਹੀ ਮਾੜੇ
ਹੱਥੀ ਕੀਤੀਆਂ ਸੀ ਛਾਂਵਾਂ ਪੈਰ ਧੁੱਪਾਂ ਵਿਚ ਸਾੜੇ
ਰਹੇ 'ਪ੍ਰੇਮੀ' ਵੀ ਸੜਦਾ ਵੇਲਾ ਹੱਥੋਂ ਵੀ ਗੁਆਇਆ।

ਤੇਰੇ ਇਸ਼ਕ ਨੇ ਰੋਗ ਸਾਨੂੰ ਐਹੋ ਜਿਹਾ ਲਾਇਆ।
ਅਸੀਂ ਬ੍ਰਿਹੋਂ ਹੀ ਪੀਤਾ ਅਤੇ ਬ੍ਰਿਹਾ ਹੰਢਾਇਆ।

# ਉਦਾਸ ਰੁੱਤ



ਮਦਨ ਵੀਰਾ
91-94176-83769

ਸਾਹਾਂ ਵਿੱਚ ਬਿੜਕਾਂ ਤੇ ਰਾਹਾਂ ਵਿੱਚ ਝਿੜਕਾਂ
ਹਾਏ ! ਹੌਲ ਦਿਲਾਂ ਨੂੰ, ਸਾਡੇ ਪੈਣ!
ਦੁੱਖਾਂ ਵਿੱਚ ਰਾਤ ਬੀਤਦੀ
ਲੱਗਾ ਖੁਸ਼ੀਆਂ ਨੂੰ ਚਿਰ ਤੋਂ ਗ੍ਰਹਿਣ!

ਕਣਕਾਂ ਤੇ ਕੰਜਕਾਂ ਦੇ ਨੈਣਾਂ 'ਚ ਉਦਾਸੀਆਂ
ਸੁੱਤੀਆਂ ਨਾ ਮਾਵਾਂ ਨਾ ਹੀ ਅੱਖ ਲਾਈ ਮਾਸੀਆਂ!
ਵੇਲਣੇ 'ਚ ਪਿੰਜ ਹੋਵੇ ਜਿੰਦ ਇਹ ਨਿਮਾਣੀ ਸਾਡੀ
ਹਾਏ ਅੱਖੀਆਂ ਡੁੱਲ੍ਹ ਡੁੱਲ੍ਹ ਪੈਣ!

ਤੋਰਿਆ ਕਮਾਈ ਲਈ ਜੋ ਪੁੱਤ ਪ੍ਰਦੇਸ ਨੂੰ
ਖਬਰ ਨਾ ਸਾਰ ਉਹਦੀ ਆਈ ਮੁੜ ਦੇਸ ਨੂੰ
ਤਿੜਕੀਆਂ ਕੰਧਾਂ ਛੱਤ ਚੋਵੇਂ ਬਰਸਾਤ ਨੂੰ
ਅੱਧ ਵਿੱਚੋਂ ਟੁੱਟ ਗਈ ਲਟੈਣ!

ਨਸ਼ੇ ਦੀ ਸਰਿੰਜ ਰੱਤ ਜੋਕ ਵਾਂਗ ਡੀਕਦੀ
ਡੱਕਰੇ ਜ਼ਮੀਨ ਦੇ ਡਕਾਰ ਕੇ ਵੀ ਚੀਕਦੀ
ਦਿਲ ਵਿੱਚ ਸੱਲ , ਸਾਡੇ ਪੇਟ ਕੜਵੱਲ
ਗੀਤ ਖੋਹਕੇ ਸਾਨੂੰ ਦੇ ਗਿਆ ਕੋਈ ਵੈਣ!

ਸਾਡਿਆਂ ਬਨੇਰਿਆਂ 'ਤੇ ਕਾਂ ਨਾ ਹੁਣ ਬੋਲਦੇ
ਉੱਲੂਆਂ ਦੇ ਟੋਲ੍ਹੇ ਦਿਨ ਰਾਤ ਪਰ ਤੋਲਦੇ
ਬਾਜਾਂ ਦੀ ਖੁਮਾਰੀ ਤੇ ਉਡਾਰੀ ਗੱਲ ਕੱਲ੍ਹ ਦੀ
ਤੋਤਿਆਂ ਨੇ ਮੱਲੀ ਹਰ ਟਹਿਣ!

# ਦੁਚਿੱਤੀ- ਪ੍ਰਚਾਰ ਦੀ ਸੇਵਾ?

ਤਰਲੋਚਨ ਸਿੰਘ
'ਦੁਪਾਲਪੁਰ'
(001-408-915-1268)



ਕਾਵਾਂ-ਰੌਲ਼ੀ ਜਿਹੀ ਪਾਈ ਬੁਲਾਰਿਆਂ ਨੇ
ਇਉਂ ਜਾਪਦਾ ਵੱਜਦੇ ਝੱਖ ਇੱਥੇ।

ਬਹੁਤੇ ਤੱਥ ਨਾ ਸੱਚ ਦੇ ਪੇਸ਼ ਕਰਦੇ
ਕਿਸੇ 'ਧਿਰ' ਦਾ ਪੂਰਦੇ ਪੱਖ ਇੱਥੇ।

ਮੂੰਹੋਂ ਬੋਲਦੇ ਹੁੰਦੇ ਨੇ ਖੁਦ ਐਪਰ
ਹੱਥ ਹੋਰ ਦੇ ਹੁੰਦੀ ਏ ਨੱਥ ਇੱਥੇ।

ਉਂਝ 'ਸੇਵਾ' ਪ੍ਰਚਾਰ ਨੂੰ ਆਖਦੇ ਨੇ
ਅਕਸਰ ਮਾਇਆ 'ਤੇ ਰੱਖਦੇ ਅੱਖ ਇੱਥੇ।

ਰੰਗ 'ਅਮਲ' ਦਾ ਦਿਸੇ ਨਾਂ ਕਿਸੇ ਉਤੇ
ਬਣੇ ਫਿਰਦੇ 'ਉਪਦੇਸ਼ਕ' ਨੇ ਲੱਖ ਇੱਥੇ।

ਤੁਰੇ ਕਿਹੜੇ 'ਤੇ ਦੁਬਿਧਾ 'ਚ ਪਵੇ ਬੰਦਾ
ਇਕ ਫਲਸਫ਼ੇ ਦੇ ਕਈ ਕਈ ਪੱਥ ਇੱਥੇ।

# ਸ਼ਬਦਾਂ ਦੀ ਜਾਦੂਗਰਨੀ- ਛਿੰਦਰ ਕੌਰ ਸਿਰਸਾ



ਪ੍ਰੀਤਮ ਲੁਧਿਆਣਵੀ
9876428641

'ਆਪਣੀ ਹੀ ਜ਼ਿੰਦਗੀ ਦੇ ਹਨੇਰੇ ਦੂਰ ਕਰਨ ਲਈ, ਮੋਮਬੱਤੀ ਵਾਂਗ ਮੈਂ ਦਿਨ ਰਾਤ ਬਲਾਂ, ਪਰ ਪਿਘਲਦੀ ਨਹੀ', ਇਹ ਸ਼ਬਦ ਹਨ, ਉੱਚੀ-ਸੁੱਚੀ ਸੋਚ ਦੀ ਮਾਲਕਣ, ਮਲੂਕੜੀ ਜਿਹੀ ਓਸ ਮੁਟਿਆਰ ਦੇ ਜਿਸ ਨੂੰ ਸਾਹਿਤਕ ਤੇ ਸੱਭਿਆਚਾਰਕ ਖੇਤਰ ਵਿਚ ਨਾਮਵਰ ਲੇਖਿਕਾ, ਸਟੇਜ ਐਂਕਰ, ਰੇਡੀਓ ਅਨਾਂਊਂਸਰ, ਟੀ. ਵੀ. ਕਲਾਕਾਰਾ ਅਤੇ ਗਿੱਧੇ ਦੀ ਕੋਚ ਆਦਿ ਕਲਾਵਾਂ ਨਾਲ ਜੋੜਕੇ ਜਾਣਿਆ ਜਾਂਦਾ ਹੈ। ਆਪਣੀ ਪਲੇਠੀ ਪੁਸਤਕ 'ਖਿਆਲ ਉਡਾਰੀ' ਨਾਲ ਸਾਹਿਤਕ ਖੇਤਰ ਵਿਚ ਭਰਵਾਂ ਹੁੰਗਾਰਾ ਹਾਸਲ ਕਰ ਰਹੀ ਬਹੁ-ਕਲਾਵਾਂ ਦੀ ਇਹ ਮੂਰਤੀ ਅਤਿ ਰੁਝੇਵਿਆਂ ਦੇ ਬਾਵਜੂਦ ਜਦੋਂ ਸਮਾਜਿਕ ਗਤੀ-ਵਿਧੀਆਂ ਵਿਚ ਵੱਧ ਚੜ੍ਹਕੇ ਹਿੱਸਾ ਲੈਂਦੀ ਹੈ ਤਾਂ ਉਥੇ ਉਸ ਦਾ ਉਚਾਈਆਂ ਨੂੰ ਛੋਹ ਰਿਹਾ ਕੱਦ-ਬੁੱਤ 'ਸਮਾਜ-ਸੇਵਿਕਾ' ਦਾ ਹੁੰਦਾ ਹੈ। ਮੇਰੀ ਮੁਰਾਦ ਹੈ ਹਸੂ-ਹਸੂ ਕਰਦੇ ਚਿਹਰੇ ਵਾਲੀ ਖੂਬਸੂਰਤ ਮੁਟਿਆਰ ਛਿੰਦਰ ਕੌਰ ਸਿਰਸਾ ਤੋਂ: ਜੋ ਕਿ ਆਪਣੇ ਜੀਵਨ-ਸਾਥੀ ਸ੍ਰ. ਕੁਲਵੰਤ ਸਿੰਘ ਵਲੋਂ ਕਦਮ-ਕਦਮ ਉਤੇ ਮਿਲਦੇ ਸਹਿਯੋਗ ਅਤੇ ਹੱਲਾ-ਸ਼ੇਰੀ ਸਦਕਾ ਸਾਹਿਤ ਤੇ ਸਮਾਜ ਵਿਚ ਆਪਣੀ ਅਤੇ ਆਪਣੇ ਖਾਨਦਾਨ ਦੀ ਪਛਾਣ ਗੂਹੜੀ ਕਰਨ ਦੀ ਅਹਿਮ ਭੂਮਿਕਾ ਨਿਭਾ ਰਹੀ ਹੈ, ਦਿਨ-ਪਰ-ਦਿਨ।

ਇਕ ਮੁਲਾਕਾਤ ਦੌਰਾਨ ਇਸ ਮਾਨ-ਮੱਤੀ ਮੁਟਿਆਰ ਸਿਰਸਾ ਨੇ ਦੱਸਿਆ ਕਿ ਆਪਣੇ ਬਾਬਲ ਦੇ ਘਰੋਂ ਰੁਖ਼ਸਤੀ ਦੇ ਵੇਲੇ, ਸੁਪਨਿਆਂ ਦੇ ਨਾਲ ਲਬਰੇਜ ਜਦੋਂ ਉਸ ਨੇ ਸਹੁਰਿਆਂ ਦੀਆਂ ਬਰੂਹਾਂ ਟੱਪੀਆਂ ਤਾਂ ਉਸ ਦੇ ਸੁਪਨੇ ਟੁੱਟੇ ਨਹੀਂ, ਸਗੋਂ ਹੋਰ ਵੀ ਗੂੜ੍ਹੇ ਵੀ ਹੋਏ ਅਤੇ ਪੂਰੇ ਵੀ। ਉਹ ਆਪਣੇ ਆਪ ਨੂੰ ਖੁਸ਼-ਕਿਸਮਤ ਸਮਝਦੀ ਹੈ ਕਿ ਉਸਨੂੰ ਵਿਦਵਾਨ ਅਤੇ ਅਗਾਂਹ-ਵਧੂ ਸੋਚ ਵਾਲੇ ਜੀਵਨ-ਸਾਥੀ ਦਾ ਸਾਥ ਹਾਸਲ ਹੈ, ਜਿਸ ਨਾਲ ਉਸ ਨੂੰ ਆਪਣਾ ਜੀਵਨ-ਪੰਧ ਵੀ ਹਰ ਕਦਮ ਸੌਖਾ-ਸੌਖਾ ਲੱਗਦਾ ਹੈ।

ਦਸਵੀਂ 'ਚ ਪੜ੍ਹਦਿਆਂ ਕਲਮ ਚੁੱਕਣ ਵਾਲੀ ਛਿੰਦਰ, ਸੈਕਿੰਡ ਈਅਰ ਦੀ ਵਿਦਿਆਰਣ ਸੀ, ਜਦੋਂ ਉਸ ਦੇ ਕਾਲਿਜ ਵਿਚ ਸੁਰਜੀਤ ਪਾਤਰ ਜੀ ਆਏ। ਉਨ੍ਹਾਂ ਦੀਆਂ ਰਚਨਾਵਾਂ ਸੁਣੀਆਂ ਤਾਂ ਉਹ ਪ੍ਰਭਾਵਿਤ ਹੋਏ ਬਿਨਾ ਨਾ ਰਹਿ ਸਕੀ। ਬਸ ਫਿਰ, ਐਮ. ਏ. (ਪੋਲ. ਸਾਇੰਸ) ਅਤੇ ਜੇ. ਬੀ. ਟੀ. ਕਰਨ ਤੱਕ ਛਿੰਦਰ ਨੇ ਕਾਲਿਜ ਵਿਚ ਆਪਣੀ ਕਲਮ ਦੀ ਖੂਬ ਪਛਾਣ ਬਣਾ ਕੇ ਰੱਖੀ।

ਛਿੰਦਰ ਨੇ ਜਿੱਥੇ ਜਲੰਧਰ ਦੂਰ-ਦਰਸ਼ਨ ਤੇ ਕਈ ਪੰਜਾਬੀ ਸੀਰੀਅਲ ਕੀਤੇ, ਉਥੇ ਉਸ ਨੇ ਨਾਮਵਰ ਰੰਗ-ਕਰਮੀ ਸੰਜੀਵ ਸ਼ਾਦ, ਜੋ ਉਸ ਨੂੰ ਸ਼ਬਦਾਂ ਦੀ ਜਾਦੂਗਰਨੀ ਕਿਹਾ ਕਰਦੇ ਹਨ, ਦੀ ਨਿਰਦੇਸ਼ਨਾ ਹੇਠ, ਸਿਰਸਾ ਪੁਲੀਸ ਦੇ ਸਹਿਯੋਗ ਨਾਲ ਬਣੀ ਫਿਲਮ 'ਪਹਿਲ ਦ ਟਰਨਿੰਗ ਪੁਆਇੰਟ' ਵਿਚ, ਸੁਪ੍ਰਸਿੱਧ ਲੇਖਕ ਤੇ ਨਿਰਦੇਸ਼ਕ ਦਰਸ਼ਨ ਦਰਵੇਸ਼ ਦੀ ਨਿਰਦੇਸ਼ਨਾ ਹੇਠ ਪੰਜਾਬੀ ਗੀਤ ਦੀ ਵੀਡੀਓ 'ਟੱਕਰਾਂ' ਵਿਚ ਅਤੇ ਵਾਲੀਵੁੱਡ ਐਕਟਰ ਅਵਤਾਰ ਗਿੱਲ ਨਾਲ ਇਕ ਹਿੰਦੀ ਫਿਲਮ ਵਿਚ ਕੰਮ ਕੀਤਾ।

ਇਕ ਰੇਡੀਓ-ਅਨਾਂਊਂਸਰ ਹੁੰਦਿਆਂ ਹੋਇਆਂ ਉਸ ਨੂੰ ਬਹੁਤ ਸਾਰੀਆਂ ਸਖਸ਼ੀਅਤਾਂ ਨਾਲ ਇੰਟਰਵਿਊ ਕਰਨ ਦਾ ਮੌਕਾ ਮਿਲਿਆ। ਜਿਨ੍ਹਾਂ 'ਚੋਂ ਕਾਮਰੇਡ ਸਵਰਨ ਸਿੰਘ ਵਿਰਕ, ਮੈਡਮ ਸ਼ੀਲ ਕੌਸ਼ਿਕ, ਪ੍ਰੋ. ਸੇਵਾ ਸਿੰਘ ਬਾਜਵਾ (ਸੀ. ਡੀ. ਇਲ. ਯੂ.), ਪ੍ਰਿੰਸੀਪਲ ਇੰਦਰਜੀਤ ਸਿੰਘ ਧੀਂਗੜਾ, ਰੰਗ-ਕਰਮੀ ਸੰਜੀਵ ਸ਼ਾਦ, ਮਾਲਵੇ ਦੇ ਸਾਹਿਤਕਾਰ ਤੇ ਅਲੋਚਕ ਦਵਿੰਦਰ ਸੈਫੀ ਆਦਿ ਵਿਸ਼ੇਸ਼ ਵਰਣਨ ਯੋਗ ਨਾਂਓਂ ਹਨ। ਆਪਣੀ ਗੱਲ ਜਾਰੀ ਰੱਖਦਿਆਂ ਛਿੰਦਰ ਨੇ ਦੱਸਿਆ ਕਿ ਇਕ ਨਿੱਜੀ ਟੀ. ਵੀ. ਚੈਨਲ ਤੇ ਕੰਮ ਕਰਦਿਆਂ ਪਦਮ ਸ੍ਰੀ ਅਵਾਰਡਿਡ ਸੁਰਜੀਤ ਪਾਤਰ ਜੀ ਨਾਲ ਗੱਲਬਾਤ ਕਰਨ ਦਾ ਵੀ ਮੌਕਾ ਮਿਲਿਆ।

ਇੱਥੇ ਹੀ ਬਸ ਨਹੀ, ਬਹੁ-ਕਲਾਵਾਂ ਦੀ ਜਾਦੂਗਰਨੀ, ਇਹ ਮੁਟਿਆਰ ਅਨੇਕਾਂ ਹੋਰ ਸਟੇਜਾਂ ਕਵਰ ਕਰਨ ਦੇ ਨਾਲ-ਨਾਲ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਪੰਚਕੂਲਾ ਵਲੋਂ ਕਰਵਾਏ ਗਏ ਕਵੀ-ਦਰਬਾਰਾਂ ਦਾ ਵੀ ਸਫਲ ਮੰਚਨ ਕਰਨ ਦਾ ਨਾਮਨਾ ਖੱਟ ਚੁੱਕੀ ਹੈ। ਕਵਿੱਤਰੀ ਦੇ ਤੌਰ ਤੇ ਉਡਾਰੀਆਂ ਲਾਉਂਦੀ ਉਹ ਦਿੱਲੀ ਸਾਹਿਤ ਅਕਾਦਮੀ ਵਲੋਂ ਕਰਵਾਏ ਗਏ ਕਵੀ-ਦਰਬਾਰ ਵਿਚ ਵੀ ਆਪਣੀ ਸ਼ਾਇਰੀ ਅਤੇ ਕਲਾ ਦੀ ਛਾਪ ਛੱਡ ਆਈ ਹੈ।

'ਵਿਰਾਸਤੀ ਇਸ਼ਕ ਨੂੰ ਸਾਂਭਣ ਦਾ, ਦੱਸ ਹੋਰ ਕੀ ਤਰੀਕਾ ਹੋ ਸਕਦਾ ਹੈ ਕਿ ਤੂੰ ਮੈਨੂੰ ਕਿਸੇ ਲੋਕ ਗੀਤ ਵਾਂਗ ਮੂੰਹ ਜੁਬਾਨੀ ਯਾਦ ਹੋ ਗਿਆ ਏਂ' ਜਿਹੇ ਸ਼ੇਅਰਾਂ ਦੀ ਵਰਖਾ ਕਰਨ ਵਾਲੀ ਛਿੰਦਰ ਨੇ ਦੱਸਿਆ ਕਿ ਉਸਦੀ ਦੂਸਰੀ ਪੁਸਤਕ ਵੀ ਛਪਾਈ ਅਧੀਨ ਹੈ। ਉਸ ਦੀਆਂ ਇਨ੍ਹਾਂ ਦੋਹਾਂ ਪੁਸਤਕਾਂ ਨੂੰ ਪਾਠਕਾਂ ਤੱਕ ਪਹੁੰਚਾਉਣ ਵਿਚ ਡਾ. ਹਰਵਿੰਦਰ ਸਿੰਘ ਸਿਰਸਾ ਦਾ ਉਸ ਨੂੰ ਭਰਵਾਂ ਸਹਿਯੋਗ ਹਾਸਲ ਰਿਹਾ ਹੈ।

ਪੰਜਾਬੀ ਸੱਭਿਆਚਾਰ ਨੂੰ ਬੇਹੱਦ ਪਿਆਰਦੀ, ਔਰਤਾਂ ਦੇ ਹੱਕ 'ਚ ਅਵਾਜ ਬੁਲੰਦ ਕਰਨ ਵਾਲੀ ਅਤੇ ਮਲੇਰਕੋਟਲਾ ਦੀ ਨਾਮਵਰ ਕਵਿੱਤਰੀ ਰਣਜੀਤ ਕੌਰ ਸਵੀ ਨਾਲ ਗੂੜੀਆਂ ਸਾਂਝਾ ਪਾਲਣ ਵਾਲੀ ਇਸ ਸਖਸ਼ੀਅਤ, ਛਿੰਦਰ ਬਾਰੇ ਜਿੰਨਾ ਵੀ ਲਿਖਿਆ ਜਾਵੇ, ਥੋੜ੍ਹਾ ਹੈ। ਸ਼ਾਲ੍ਹਾ ਬਹੁ-ਕਲਾਵਾਂ ਦਾ ਇਹ ਵਗਦਾ ਦਰਿਆ ਇਵੇਂ ਹੀ ਛੂੰਕਦਾ, ਗੂੰਜਦਾ ਤੇ ਹਿਰਦਿਆਂ ਨੂੰ ਠੰਢਕ ਵਰਤਾਉਂਦਾ ਆਪਣੀ ਮਸਤ ਚਾਲੇ ਤੁਰਿਆ ਕਾਮਯਾਬੀ ਦੀਆਂ ਬੁਲੰਦੀਆਂ ਨੂੰ ਜਾ ਛੂਹੇ! ਆਮੀਨ!



ਛਿੰਦਰ ਕੌਰ ਸਿਰਸਾ

# ਅਨਮੋਲ ਵਸਤਾਂ, ਸਿੱਕੇ ਅਤੇ ਨੋਟ ਸਾਂਭੀ ਬੈਠਾ 'ਅਨਮੋਲ ਭਾਰਤੀ'



ਤਸਵਿੰਦਰ ਸਿੰਘ ਬੜੈਚ
91-98763-22677

ਹਰ ਵਿਅਕਤੀ ਦੇ ਆਪਣੇ ਆਪਣੇ ਸ਼ੌਕ ਹਨ। ਕੋਈ ਡਾਕ ਟਿਕਟਾਂ ਇਕੱਠੀਆਂ ਕਰਦਾ ਹੈ, ਕੋਈ ਫੋਟੋਆਂ, ਕੋਈ ਜੁੱਤੀਆਂ, ਕੋਈ ਮਾਚਿਸਾਂ, ਕੋਈ ਚਿੱਠੀਆਂ ਇਕੱਠੀਆਂ ਕਰਦਾ ਹੈ ਤੇ ਕਿਸੇ ਕੋਲ ਪੁਰਾਤਨ ਭਾਂਡਿਆਂ ਦਾ ਭੰਡਾਰ ਹੁੰਦਾ ਹੈ, ਪਰ ਮੈ ਗੁਰੂ ਦੀ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ 'ਚ ਰਹਿੰਦੇ ਅਨਮੋਲ ਭਾਰਤੀ ਦੀ ਗੱਲ ਕਰਨ ਜਾ ਰਿਹਾ ਹਾਂ,ਜਿਸ ਨੂੰ ਪੁਰਾਤਨ ਦੁਰਲੱਭ ਵਸਤਾਂ, ਨੋਟ ਤੇ ਸਿੱਕੇ ਇੱਕਠੇ ਕਰਨ ਦਾ ਅਨੋਖਾ ਸੌਕ ਹੈ। 25 ਜੂਨ 1999 ਨੂੰ ਪਿਤਾ ਰਾਜਕੁਮਾਰ ਅਤੇ ਮਾਤਾ ਸੋਨੀਆਂ ਦੀ ਕੁੱਖੋ ਜਨਮੇ ਅਨਮੋਲ ਭਾਰਤੀ ਨੂੰ ਪੁਰਾਤਨ ਵਸਤਾਂ, ਸਿੱਕੇ ਤੇ ਨੋਟ ਇਕੱਠੇ ਕਰਨ ਦਾ ਸੌਕ 2009 ਵਿਚ ਉਸ ਸਮੇ ਪਿਆ ਜਦੋ ਉਹ ਆਪਣੇ ਮਾਪਿਆਂ ਨਾਲ ਕਿਸੇ ਰਿਸਤੇਦਾਰ ਦੇ ਘਰ ਗਿਆ, ਜਿਨ੍ਹਾਂ ਨੂੰ ਨੋਟ ਤੇ ਸਿੱਕੇ ਇਕੱਠੇ ਕਰਨ ਦਾ ਸੌਕ ਹੈ, ਉਨ੍ਹਾਂ ਨੂੰ ਦੇਖ ਕੇ ਉਸ ਨੂੰ ਵੀ ਇਹ ਸੌਕ ਪੈ ਗਿਆ।

ਜੋ ਉਸ ਨੂੰ ਇਥੋ ਤੱਕ ਲੈ ਆਇਆ। ਅਨਮੋਲ ਭਾਰਤੀ ਕੋਲ ਇਸ ਵੇਲੇ ਅੱਧਾ ਆਨਾ, ਇਕ ਆਨਾ, ਦੁਆਨੀ, ਚੁਆਨੀ,ਅਠਿਆਨੀ, ਧੇਲਾ, ਟਕਾ, ਚਾਂਦੀ ਦੇ ਇਕ ਰੁਪਏ, ਤਾਂਬੇ ਦਾ ਇਕ ਪੈਸਾ, ਗਲੀ ਵਾਲਾ ਪੈਸਾ, ਇਕ ਪੈਸਾ, ਦੋ ਪੈਸਾ, ਤਿੰਨ ਪੈਸਾ, ਪੰਜ ਪੈਸਾ, ਦਸ ਪੈਸੇ, ਵੀਹ ਪੈਸੇ, ਪੱਚੀ ਪੈਸੇ, ਪੰਜਾਹ ਪੈਸੇ, ਦਮੜਾ ਦਮੜੀ ਆਦਿ ਸਿੱਕੇ ਸੈਕੜਿਆਂ ਦੀ ਗਿਣਤੀ ਵਿਚ ਹਨ। ਇਹ ਸਿੱਕੇ ਚਾਂਦੀ, ਤਾਂਬੇ ਤੇ ਹੋਰ ਧਾਤਾਂ ਦੇ ਬਣੇ ਹੋਏ ਹਨ। ਇਸ ਤੋ ਇਲਾਵਾ ਉਸ ਕੋਲ ਨੇਪਾਲ, ਜਾਪਾਨ, ਸਿੰਗਾਪੁਰ, ਪਾਕਿਸਤਾਨ, ਬੈਕਾਕ, ਮਲੇਸੀਆਂ, ਅਮਰੀਕਾ, ਕੋਰੀਆ, ਅਫਗਾਨਿਸਤਾਨ, ਚੀਨ, ਤੁਰਕੀ, ਸਾਊਦੀ ਅਰਬ, ਆਸਟ੍ਰੇਲੀਆ, ਸਾਊਥ ਅਫਰੀਕਾ, ਕੈਨੇਡਾ, ਮਲੇਸੀਆ,ਭੂਟਾਨ, ਉਮਾਨ, ਫਰਾਂਸ, ਸਪੇਨ ਆਦਿ ਦੇਸਾਂ ਦੇ ਕਰੰਸੀ ਨੋਟ ਵੀ ਹਨ।



ਇਸ ਤੋ ਇਲਾਵਾ ਬੀ ਕੌਮ ਦੀ ਪੜ੍ਹਾਈ ਕਰ ਰਹੇ ਅਨਮੋਲ ਭਾਰਤੀ ਕੋਲ 1950 ਤੇ 1970 'ਚ ਛਪਿਆ ਮਹਾਤਮਾ ਗਾਂਧੀ ਦੀ ਤਸਵੀਰ ਵਾਲਾ 100 ਰੁਪਏ ਦਾ ਨੋਟ, ਚਾਰ ਸਟਾਰ ਵਾਲਾ 100 ਦਾ ਨੋਟ, ਮਹਾਤਮਾ ਗਾਂਧੀ ਦੀ ਤਸਵੀਰ ਵਾਲੇ 1,2 ਤੇ 10 ਦੇ ਨੋਟ, 7 ਡਿਜੀਟਲ ਨੰਬਰਾਂ ਵਾਲੇ ਨੋਟ, 1947 ਤੋ ਪਹਿਲਾ ਦੇ ਅੰਗਰੇਜਾਂ ਵਾਲੇ 10,20,100 ਦੇ ਨੋਟ ਅਤੇ ਨੋਟਾਂ 'ਤੇ ਸਾਰੇ ਅੰਕ ਇਕੋ ਹੀ ਜਿਵੇ 111111,222222,333333 ਵਰਗੀ ਸੀਰੀਜ ਦੇ ਨੋਟ ਵੀ ਉਸ ਦੀ ਐਲਬਮ ਦਾ ਸਿੰਗਾਰ ਹਨ। ਅਨਮੋਲ ਭਾਰਤੀ ਕੋਲ ਆਪਣੀ ਜਨਮ ਤਾਰੀਖ ਵਾਲਾ 250699 ਨੰਬਰ ਵਾਲਾ 10 ਰੁਪਏ ਦਾ ਨੋਟ ਅਤੇ ਆਪਣੇ ਪਿਤਾ ਜੀ ਦੇ ਵਿਆਹ ਦੀ ਤਾਰੀਖ ਵਾਲਾ 140798 ਨੰਬਰ ਵਾਲਾ ਨੋਟ ਵੀ ਸੰਭਾਲੇ ਹੋਏ ਹਨ। ਇਥੇ ਹੀ ਬਸ ਨਹੀ, ਉਸ ਕੋਲ 5,10,100,500 ਦੇ ਵੱਡੇ ਸਾਈਜ ਦੇ ਨੋਟ, 786 ਅੰਕ ਦੇ 500,100,50,20,10,5,2,1 ਦੇ ਨੋਟ, ਬਿਨ੍ਹਾਂ ਤਿਰੰਗੇ ਵਾਲੇ ਨੋਟ, ਅਧੂਰੇ ਨੰਬਰਾਂ ਵਾਲੇ ਨੋਟ, ਪੁਰਾਣੀਆਂ ਰਿਆਸਤਾਂ ਵੱਲੋ ਚਲਾਈਆ ਹੋਈਆਂ ਹੁੰਡੀਆਂ, ਸਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋ ਗੁਰਤਾ ਗੱਦੀ ਦਿਵਸ ਮੌਕੇ ਜਾਰੀ ਕੀਤਾ 10 ਰੁਪਏ ਦਾ ਸਿੱਕਾ ਵੀ ਮੌਜੂਦ ਹੈ।

ਨਮਕ ਮੰਡੀ, ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਰਹਿ ਰਿਹਾ ਅਨਮੋਲ ਭਾਰਤੀ ਪੁਰਾਣੇ ਨੋਟਾਂ ਤੇ ਸਿੱਕਿਆ ਤੋ ਇਲਾਵਾ ਹੁਣ ਪੁਰਾਣਾ ਤੇ ਦੁਰਲੱਭ ਫਰਨੀਚਰ, ਬਰਤਨ, ਮੂਰਤੀਆਂ, ਹੱਥ ਲਿਖਤ ਪੁਸਤਕਾਂ ਵੀ ਇਕੱਠੀਆਂ ਕਰ ਰਿਹਾ ਹੈ। ਪੁਰਾਤਨ ਵਿਰਸੇ ਨੂੰ ਸਾਂਭਣ ਲਈ ਜੀ ਜਾਨ ਲਾ ਰਹੇ ਅਨਮੋਲ ਭਾਰਤੀ ਨੂੰ ਜਿਥੇ ਰਿਸਤੇਦਾਰਾਂ ਅਤੇ ਮੁੰਬਈ, ਹੈਦਰਾਬਾਦ, ਦਿੱਲੀ ਵਿਚ ਇਹ ਸੌਕ ਰੱਖਣ ਵਾਲਿਆ ਨੇ ਉਸ ਨੂੰ ਉਤਸਾਹਿਤ ਕੀਤਾ ਉਥੇ ਉਸ ਦੇ ਇਸ ਸੌਕ ਨੂੰ ਅੱਗੇ ਵਧਾਉਣ ਵਿਚ ਕਵੀ ਦੇਵ ਦਰਦ ਅਤੇ ਪਿਤਾ ਸ੍ਰੀ ਰਾਜਕੁਮਾਰ ਵੀ ਉਸ ਨੂੰ ਉਤਸਾਹਿਤ ਕਰ ਰਹੇ ਹਨ। ਇਨ੍ਹਾਂ ਦੇ ਪਿੱਠ ਥਾਪੜੇ ਸਦਕੇ ਹੀ ਅਨਮੋਲ ਇਹ ਪੁਰਾਤਨ ਤੇ ਦੁਰਲੱਭ ਚੀਜਾਂ ਇਕੱਠੀਆਂ ਕਰ ਸਕਿਆ ਹੈ ਤੇ ਕਰ ਰਿਹਾ ਹੈ। ਉਸ ਨੂੰ ਜਿਥੋ ਕਿਤੋ ਵੀ ਪੁਰਾਣੀਆਂ ਚੀਜਾਂ ਮਿਲਦੀਆਂ ਹਨ, ਉਹ ਉੱਥੇ ਹੀ ਜਾ ਕੇ, ਉਨ੍ਹਾਂ ਨੂੰ ਜਾਇਜ ਕੀਮਤ 'ਤੇ ਖਰੀਦ ਲੈਂਦਾ ਹੈ। ਉਸ ਨੂੰ ਇਹ ਵਸਤਾਂ ਇਕੱਠੀਆਂ ਕਰਨ ਲਈ ਦੂਰ ਦੁਰਾਡੇ ਵੀ ਜਾਣਾ ਪਿਆ। ਅਨਮੋਲ ਭਾਰਤੀ ਇਸ ਅਨਮੋਲ ਖਜਾਨੇ 'ਤੇ ਹੁਣ ਤੱਕ ਹਜਾਰਾਂ ਰੁਪਏ ਖਰਚ ਕਰ ਚੁੱਕਿਆ ਹੈ।

ਪੁਰਾਤਨ ਵਸਤਾਂ ਨੂੰ ਪਿਆਰ ਕਰਨ ਵਾਲੇ ਲੋਕ ਸਹਿਰਾਂ, ਪਿੰਡਾਂ 'ਚੋ ਅਕਸਰ ਹੀ ਉਸ ਕੋਲ ਇਹ ਪੁਰਾਤਨ ਵਸਤਾਂ ਦੇਖਣ ਲਈ ਆਉਦੇ ਰਹਿੰਦੇ ਹਨ। ਅਨਮੋਲ ਭਾਰਤੀ ਇਨ੍ਹਾਂ ਵਿਰਾਸਤੀ ਵਸਤੂਆਂ ਦੀ ਖੁਸਬੂ ਦਾ ਅਨੰਦ ਆਪ ਵੀ ਲੈ ਰਿਹਾ ਹੈ ਅਤੇ ਹੋਰਨਾਂ ਨੂੰ ਵੀ ਵੰਡ ਰਿਹਾ ਹੈ। ਅਲੋਪ ਹੋ ਰਹੀਆਂ ਵਿਰਾਸਤੀ ਵਸਤਾਂ ਦੀ ਸਾਂਭ ਸੰਭਾਲ ਕਰ ਰਹੇ ਅਜਿਹੇ ਕਲਾ ਪ੍ਰੇਮੀਆਂ ਦੇ ਹੌਸਲੇ ਤੇ ਲੋਕ ਸੇਵਾ ਕਾਰਣ ਹੀ ਸੱਭਿਆਚਾਰ ਦੀ ਹੋਂਦ ਬਰਕਰਾਰ ਹੈ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ



## ਭਗਵਾਨ ਵਾਲਮੀਕ ਜੀ ਦਾ ਪ੍ਰਕਾਸ਼ ਉਤਸਵ 30 ਨੂੰ



ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ




ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਭਗਵਾਨ ਮਹਾਂਰਿਸ਼ੀ ਵਾਲਮੀਕ ਜੀ ਦਾ ਜਨਮ ਉਤਸਵ ਮਿਤੀ 30 ਅਕਤੂਬਰ ਦਿਨ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ। ਜਿਸ ਵਿਚ 28 ਅਕਤੂਬਰ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਪ੍ਰਰੰਭ ਕੀਤੇ ਜਾਣਗੇ ਅਤੇ ਐਤਵਾਰ 30 ਅਕਤੂਬਰ ਨੂੰ ਭੋਗ ਪਾਏ ਜਾਣਗੇ। ਜਿਸ ਵਿਚ ਪੰਥ ਪ੍ਰਸਿੱਧ ਕਥਾ ਵਾਚਕ ਅਤੇ ਕੀਰਤਨੀਏ ਭਗਵਾਨ ਬਾਲਮੀਕ ਜੀ ਦੇ ਜੀਵਨ ਅਤੇ ਸਿੱਖਿਆਵਾਂ ਬਾਰੇ ਚਾਨਣਾ ਪਾਉਣਗੇ। ਤਿੰਨੇ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ। 30 ਅਕਤੂਬਰ ਸ਼ਾਮ ਨੂੰ ਗੁਰੂ ਘਰ ਵਿਖੇ ਦੀਵਾਲੀ ਦਾ ਤਿਉਹਾਰ ਮਨਾਇਆ ਜਾ ਰਿਹਾ ਹੈ, ਜਿਸ ਵਿਚ ਸ਼ਾਮ ਨੂੰ ਗੁਰੂ ਘਰ ਵਿਖੇ 6 ਵਜੇ ਤੋਂ ਲੈ ਕੇ 9 ਵਜੇ ਤੱਕ ਕੀਰਤਨ ਦਰਬਾਰ ਕਰਵਾਇਆ ਜਾ ਰਿਹਾ ਹੈ। ਗੁਰੂ ਘਰ ਵਿਖੇ ਸ਼ਾਮ ਨੂੰ ਦੀਪਮਾਲਾ ਵੀ ਕੀਤੀ ਜਾਵੇਗੀ।

ਨੋਟ- ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਪੁਰਬ ਦਿਹਾੜੇ ਨੂੰ ਮੁੱਖ ਰੱਖਦੇ ਹੋਏ ਪ੍ਰਬੰਧਕ ਕਮੇਟੀ ਵੱਲੋ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ ਆਰੰਭ ਕੀਤੀ ਜਾ ਰਹੀ ਹੈ। ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਜਿਹਨਾਂ ਪਰਿਵਾਰਾਂ ਨੇ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਲੈਣੀ ਹੋਵੇ, ਉਹ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦੇ ਹਨ ਜੀ।

**ਗੁਰੂ ਘਰ ਵਿਖੇ ਆਗਾਮੀ 13 ਨਵੰਬਰ ਨੂੰ ਸਤਿਗੁਰੂ ਸੈਣ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਜਾਵੇਗਾ, ਇਸ ਸਬੰਧਤ ਅਖੰਡ ਪਾਠ ਸਾਹਿਬ 11 ਨਵੰਬਰ ਨੂੰ ਪ੍ਰਾਰੰਭ ਹੋਣਗੇ ਅਤੇ 13 ਨਵੰਬਰ ਨੂੰ ਭੋਗ ਪਾਏ ਜਾਣਗੇ।**

ਸ੍ਰੀ ਮਹਿੰਦਰ ਸਿੰਘ ਰੱਤੂ, ਚੇਅਰਮੈਨ
(530-790-5985)
ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਪ੍ਰਧਾਨ
(530-713-1823)
ਸ੍ਰੀ ਗੁਰਨਾਮ ਸਿੰਘ ਭੰਡਾਲ, ਵਾਈਸ ਪ੍ਰਧਾਨ
(530-218-4468)
ਸ੍ਰੀ ਸਤਿਨਾਮ ਸਿੰਘ, ਜਨਰਲ ਸਕੱਤਰ
(530-682-3962)

ਸ੍ਰੀ ਦਲਵਿੰਦਰ ਰੱਲ੍ਹ, ਵਾਈਸ ਜਨਰਲ ਸਕੱਤਰ
(530-933-3938)
ਸ੍ਰੀ ਰਾਮ ਸੇਵਕ ਭਾਟੀਆ, ਹੈਡ ਕੈਸ਼ੀਅਰ
(530-701-4370)
ਭਾਈ ਪ੍ਰਿਤਪਾਲ ਸਿੰਘ ਜੀ, ਹੈਡ ਗ੍ਰੰਥੀ
(916-694-3386)



## ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ., ਯੂਬਾ ਸਿਟੀ (ਕੈਲੇਫੋਰਨੀਆ) ਵੱਲੋਂ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਮਨਾਏ ਜਾਣ ਅਤੇ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਭਗਵਾਨ ਵਾਲਮੀਕ ਜੀ ਦਾ ਪ੍ਰਕਾਸ਼ ਉਤਸਵ 30 ਅਕਤੂਬਰ 2016, ਦਿਨ ਐਤਵਾਰ ਨੂੰ ਮਨਾਉਣ ਦੀਆਂ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. ਅਤੇ ਸ੍ਰੀ ਗੁਰੂ ਰਵਿਦਾਸ ਸਭਾ ਯੂਬਾ ਸਿਟੀ ਸਮੂਹ ਸੰਗਤਾਂ ਨੂੰ

# ਲੱਖ-ਲੱਖ ਵਧਾਈਆਂ



ਜਸਪਾਲ ਜੱਸਲ



ਪਰਸ਼ੋਤਮ ਸੂਦ



ਸੰਜੀਵ ਹੰਸ

## ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ



## ਜੁਗੋ ਜੁੱਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ

# ਯੂਬਾ ਸਿਟੀ ਦਾ 37ਵਾਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

**6 ਨਵੰਬਰ 2016 ਦਿਨ ਐਤਵਾਰ** ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ, ਸਮੂਹ ਨਾਨਕ ਨਾਮ ਲੇਵਾ ਸੰਗਤਾਂ ਸਮੁੱਚੇ ਗੁਰਮਤਿ ਸਮਾਗਮਾਂ ਅਤੇ ਮਹਾਨ ਨਗਰ ਕੀਰਤਨ ਵਿੱਚ ਪਰਿਵਾਰਾਂ ਸਮੇਤ ਹੁਮ-ਹੁਮਾ ਕੇ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ।

## — : ਪ੍ਰੋਗਰਾਮ ਦਾ ਵੇਰਵਾ : —

### ਅਖੰਡ ਪਾਠ ਸਾਹਿਬ ਦੀ ਲੜੀ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ 17 ਸਤੰਬਰ ਤੋਂ ਸ਼ੁਰੂ ਹੈ ਜਿਸਦੇ ਅਖੀਰਲੇ ਸ੍ਰੀ ਅਖੰਡ ਪਾਠ ਸਾਹਿਬ 4 ਨਵੰਬਰ ਸ਼ੁੱਕਰਵਾਰ ਤੋਂ ਆਰੰਭ ਹੋ ਕੇ 6 ਨਵੰਬਰ ਦਿਨ ਐਤਵਾਰ ਨੂੰ ਸਵੇਰੇ 8.00 ਵਜੇ ਭੋਗ ਪੈਣਗੇ।

### ਵਿਸ਼ੇਸ਼ ਕਵੀ ਦਰਬਾਰ

21 ਅਕਤੂਬਰ ਦਿਨ ਸ਼ੁੱਕਰਵਾਰ ਨੂੰ ਵਿਸ਼ੇਸ਼ ਕਵੀ ਦਰਬਾਰ ਸ਼ਾਮ 6:30 ਵਜੇ ਤੋਂ ਰਾਤ 10:30 ਵਜੇ ਤੱਕ ਹੋਵੇਗਾ।

### ਬੀਬੀਆਂ ਦਾ ਕੀਰਤਨ ਦਰਬਾਰ

ਅਕਤੂਬਰ 29 ਦਿਨ ਸ਼ਨੀਵਾਰ ਨੂੰ ਬੀਬੀਆਂ ਦਾ ਵਿਸ਼ੇਸ਼ ਕੀਰਤਨ ਦਰਬਾਰ ਸ਼ਾਮ 6:30 ਵਜੇ ਤੋਂ ਰਾਤ 10:00 ਵਜੇ ਤੱਕ ਹੋਵੇਗਾ।

### ਬੰਦੀ ਛੋੜ ਦਿਵਸ (ਦੀਵਾਲੀ)

ਅਕਤੂਬਰ 30 ਦਿਨ ਐਤਵਾਰ ਨੂੰ ਸ਼ਾਮ 6.30 ਵਜੇ ਤੋਂ 10 ਵਜੇ ਤੱਕ ਵਿਸ਼ੇਸ਼ ਕੀਰਤਨ ਦੀਵਾਨ ਸਜਣਗੇ ਅਤੇ ਦੀਪਮਾਲਾ ਹੋਵੇਗੀ।

### ਵਿਸ਼ੇਸ਼ ਢਾਡੀ ਦਰਬਾਰ ਅਤੇ ਸ਼ਹੀਦੀ ਦਿਵਸ

ਅਕਤੂਬਰ 31 ਦਿਨ ਸੋਮਵਾਰ ਨੂੰ ਰਾਤ 6.30 ਵਜੇ ਤੋਂ ਰਾਤ 10 ਵਜੇ ਤੱਕ ਸ਼ਹੀਦ ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ, ਭਾਈ ਕੇਹਰ ਸਿੰਘ ਅਤੇ ਸਮੂਹ ਸ਼ਹੀਦਾਂ ਦੀ ਸ਼ਹੀਦੀ ਨੂੰ ਸਮਰਪਿਤ ਵਿਸ਼ੇਸ਼ ਢਾਡੀ ਦੀਵਾਨ ਸਜਣਗੇ।

### ਆਤਿਸ਼ਬਾਜ਼ੀ

4 ਨਵੰਬਰ ਦਿਨ ਸ਼ੁੱਕਰਵਾਰ ਨੂੰ ਰਾਤ 8:00 ਵਜੇ ਆਤਿਸ਼ਬਾਜ਼ੀ ਹੋਵੇਗੀ।

### ਅੰਮ੍ਰਿਤ ਸੰਚਾਰ

5 ਨਵੰਬਰ ਦਿਨ ਸ਼ਨੀਵਾਰ ਸਵੇਰੇ 5 ਵਜੇ ਅੰਮ੍ਰਿਤ ਸੰਚਾਰ ਹੋਵੇਗਾ। ਅੰਮ੍ਰਿਤ ਅਭਿਲਾਖੀ ਸੰਗਤਾਂ ਆਪਣੇ ਨਾਮ ਭਾਈ ਸਾਹਿਬ ਜੀ ਕੋਲ ਲਿਖਵਾ ਕੇ ਕਕਾਰ ਪ੍ਰਾਪਤ ਕਰ ਸਕਦੀਆਂ ਹਨ।

### ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ

ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਸਮੂਹ ਸਾਧ ਸੰਗਤ ਵੱਲੋਂ 5 ਨਵੰਬਰ ਦਿਨ ਸ਼ਨੀਵਾਰ ਨੂੰ ਸਵੇਰੇ 9.00 ਵਜੇ ਹੋਵੇਗੀ।

### ਓਪਨ ਹਾਊਸ/ਸੈਮੀਨਾਰ

ਨਵੰਬਰ 5 ਦਿਨ ਸ਼ਨੀਵਾਰ ਨੂੰ ਓਪਨ ਹਾਊਸ/ਸੈਮੀਨਾਰ ਦਸਮੇਸ਼ ਹਾਲ ਵਿਚ 2 ਵਜੇ ਤੋਂ 6 ਵਜੇ ਤੱਕ ਹੋਵੇਗਾ।

### ਰੈਣ ਸਬਾਈ ਕੀਰਤਨ

5 ਨਵੰਬਰ ਸ਼ਨੀਵਾਰ ਨੂੰ ਰੈਣ ਸਬਾਈ ਕੀਰਤਨ ਸ਼ਾਮ 6.00 ਵਜੇ ਤੋਂ ਰਾਤ 1.00 ਵਜੇ ਤੱਕ ਹੋਵੇਗਾ ਜਿਸ ਵਿੱਚ ਪੰਥ ਦੇ ਪ੍ਰਸਿੱਧ ਰਾਗੀ ਜੱਥੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕਰਨਗੇ।

### ਰੋਜ਼ਾਨਾ ਕੀਰਤਨ ਦਰਬਾਰ

19 ਅਕਤੂਬਰ ਤੋਂ 5 ਨਵੰਬਰ ਤੱਕ ਹਰ ਰੋਜ਼ ਕੀਰਤਨ ਸਮਾਗਮ ਸ਼ਾਮ 5.00 ਤੋਂ ਲੈ ਕੇ ਰਾਤ 10 ਵਜੇ ਤੱਕ ਹੋਣਗੇ।

### ਭੋਗ ਅਤੇ ਕੀਰਤਨ ਸਮਾਗਮ

6 ਨਵੰਬਰ ਐਤਵਾਰ ਸਵੇਰੇ 8:00 ਵਜੇ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣਗੇ ਉਪਰੰਤ ਕੀਰਤਨ ਸਮਾਗਮ ਹੋਣਗੇ।

### ਨਗਰ ਕੀਰਤਨ

6 ਨਵੰਬਰ ਦਿਨ ਐਤਵਾਰ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸਵੇਰੇ 10:00 ਵਜੇ ਆਰੰਭ ਹੋ ਕੇ ਸ਼ਾਮ 4:00 ਵਜੇ ਗੁਰਦਵਾਰਾ ਸਾਹਿਬ ਪਹੁੰਚੇਗਾ, ਉਪਰੰਤ ਸਮਾਪਤੀ ਦੀ ਅਰਦਾਸ ਹੋਵੇਗੀ।

### ਬੇਨਤੀ

ਸਮੁੱਚੇ ਨਗਰ ਕੀਰਤਨ ਵਿੱਚ ਕਿਸੇ ਵੀ ਕਿਸਮ ਦੀ ਸੇਵਾ ਕਰਕੇ ਸੰਗਤਾਂ ਇਸ ਮਹਾਨ ਕੁੰਭ ਵਿੱਚ ਹਿੱਸਾ ਪਾ ਸਕਦੀਆਂ ਹਨ।

ਪਹੁੰਚ ਰਹੇ ਰਾਗੀ ਜੱਥੇ ਅਤੇ ਪ੍ਰਚਾਰਕ : (1) ਭਾਈ ਤਾਰਾ ਸਿੰਘ ਜੀ ਹਜ਼ੂਰੀ ਰਾਗੀ ਗੁਰਦਵਾਰਾ ਸਾਹਿਬ ਯੂਬਾ ਸਿਟੀ (2) ਭਾਈ ਗਗਨਦੀਪ ਸਿੰਘ ਜੀ ਗੰਗਾ ਨਗਰ ਵਾਲੇ, (3) ਭਾਈ ਉਂਕਾਰ ਸਿੰਘ ਜੀ ਊਨਾ ਵਾਲੇ (4) ਭਾਈ ਗੁਰਨਿਮਿਤ ਸਿੰਘ ਜੀ ਰਾਜ ਰੰਗੀਲਾ (5) ਭਾਈ ਹਰਨਾਮ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ (6) ਭਾਈ ਗੁਰਪ੍ਰੀਤ ਸਿੰਘ ਜੀ ਬਲੱੜਵਾਲ ਜਲੰਧਰ (7) ਭਾਈ ਦਲੀਪ ਸਿੰਘ ਜੀ ਹੀਰਾ (ਸਾਬਕਾ ਹਜ਼ੂਰੀ ਰਾਗੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ), (8) ਗਿਆਨੀ ਲਖਵਿੰਦਰ ਸਿੰਘ ਸੋਹਲ ਦਾ ਢਾਡੀ ਜਥਾ (9) ਗਿਆਨੀ ਸੁਖਵਿੰਦਰ ਸਿੰਘ ਗਰੇਵਾਲ ਦਾ ਢਾਡੀ। ਇਸ ਤੋਂ ਇਲਾਵਾ ਸਿੱਖ ਪੰਥ ਦੇ ਉੱਚ ਕੋਟੀ ਦੇ ਰਾਗੀ ਜੱਥੇ, ਕਥਾਵਾਚਕ ਅਤੇ ਪ੍ਰਚਾਰਕ ਵੀ ਹਾਜ਼ਰੀ ਭਰਨਗੇ।

ਹੋਰ ਜਾਣਕਾਰੀ ਲਈ ਸੰਪਰਕ ਕਰੋ

| (ਹੈਡ ਗ੍ਰੰਥੀ) ਭਾਈ ਸਾਹਿਬ ਸਿੰਘ | ਸ: ਜਸਵੰਤ ਸਿੰਘ ਬੈਂਸ | ਸ: ਸਰਬਜੀਤ ਸਿੰਘ ਥਿਆੜਾ | ਸ: ਪਰਮਿੰਦਰ ਸਿੰਘ ਗਰੇਵਾਲ |
|---|---|---|---|
| 530-673-9918 | 530-701-3971 | 530-682-5861 | 530-682-5860 |

ਨੋਟ:-ਨਗਰ ਕੀਰਤਨ ਦਾ ਰੂਟ ਪਿਛਲੇ ਸਾਲ ਵਾਲਾ ਹੀ ਹੋਵੇਗਾ, ਗੱਡੀਆਂ ਦੀ ਪਾਰਕਿੰਗ ਸਿਰਫ਼ ਨਿਯਤ ਜਗ੍ਹਾ 'ਤੇ ਹੀ ਕੀਤੀ ਜਾਵੇ ਜੀ। ਰਿਵਰ ਵੈਲੀ ਹਾਈ ਸਕੂਲ ਤੋਂ ਗੁਰੂ ਘਰ ਲਈ ਸਵੇਰੇ 8 ਵਜੇ ਤੋਂ ਸ਼ਾਮ 6.30 ਵਜੇ ਤੱਕ ਫਰੀ ਬੱਸਾਂ ਦਾ ਪ੍ਰਬੰਧ ਹੋਵੇਗਾ।